1-May-PAGE-8.qxd 4/30/2023 8:50 PM Page 2




# ਨਵਾਂ ਜ਼ਮਾਨਾ

ਸੋਮਵਾਰ, 1 ਮਈ, 2023
18 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 330

DAILY NAWAN ZAMANA • MONDAY, 1 MAY, 2023 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਵਰਤਮਾਨ ਚੁਣੌਤੀਆਂ ਵਿਰੁੱਧ ਸੰਘਰਸ਼ ਤੇਜ਼ ਕਰੀਏ

**ਨਿਰਮਲ ਸਿੰਘ ਧਾਲੀਵਾਲ**

ਅੱਜ 01 ਮਈ ਨੂੰ ਹਰ ਬੀਤੇ ਵਰ੍ਹੇ ਦੇ ਇਸੇ ਦਿਨ ਵਾਂਗ ਮਈ ਦਿਵਸ ਮਜ਼ਦੂਰ ਦਿਵਸ ਦੇ ਤੌਰ 'ਤੇ ਬੜੇ ਫਖਰ ਅਤੇ ਉਤਸ਼ਾਹ ਨਾਲ ਮਨਾਉਂਦੇ ਹੋਏ ਇਸ ਦਿਨ ਨਾਲ ਜੁੜਿਆ ਮਜ਼ਦੂਰ ਜਮਾਤ ਦਾ ਇਤਿਹਾਸ ਅਤੇ ਇਤਿਹਾਸ ਦੇ ਸਿਰਜਕ ਸ਼ਿਕਾਗੋ ਦੇ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਆਪਣੇ ਕੰਮ ਕਰਕੇ ਉਪਜੀਵਕਾ ਕਮਾਉਣ ਵਾਲੇ ਅਦਾਰਿਆਂ ਦੇ ਗੇਟਾਂ ਉਪਰ ਆਪਣੀਆਂ ਜਥੇਬੰਦੀਆਂ ਦੇ ਲਾਲ ਰੰਗ ਦੇ ਸੂਹੇ ਝੰਡੇ ਝੁਲਾਉਂਦੇ ਹਾਂ ਅਤੇ ਵੱਖ-ਵੱਖ ਥਾਵਾਂ 'ਤੇ ਕੰਮ ਕਰਦੇ ਕਿਰਤੀ, ਮਜ਼ਦੂਰ, ਮੁਲਾਜ਼ਮ ਅਤੇ ਹੋਰ ਮਿਹਨਤਕਸ਼ ਇਕੱਠੇ ਹੋ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਸਮਾਗਮ ਕਰਦੇ ਹਾਂ। ਜਦੋਂ ਅਸੀਂ ਮਈ ਦਿਵਸ ਮੌਕੇ ਇਕੱਠ ਦੇ ਰੂਪ ਵਿੱਚ ਇਕੱਠੇ ਹੁੰਦੇ ਹਾਂ ਤਾਂ ਇਹ ਦਿਨ ਸਾਨੂੰ ਮਜ਼ਦੂਰ ਜਮਾਤ ਦਾ ਸ਼ੋਸ਼ਣ, ਕੰਮ ਦੀਆਂ ਕਠਿਨ ਹਾਲਤਾਂ, ਜਬਰ, ਤਸ਼ੱਦਦ, ਲੁੱਟ, ਗਰੀਬੀ, ਵਿਤਕਰੇ , ਜੰਗਲ ਰਾਜ ਆਦਿ ਸਭ ਕੁੱਝ ਚੇਤੇ ਕਰਵਾਉਂਦਾ ਹੈ। ਇਹ ਦਿਨ ਸਾਡੀ ਇਨ੍ਹਾਂ ਹਾਲਤਾਂ ਦਾ ਮੁਕਾਬਲਾ ਕਰਦੇ ਹੋਏ ਮਜ਼ਦੂਰ ਸੰਘਰਸ਼ ਲਾਮਬੰਦ ਕਰਨੇ, ਮਾਲਕਾਂ ਅਤੇ ਸਰਕਾਰਾਂ ਦੇ ਸਾਹਮਣੇ ਹਿੱਕ ਤਾਣ ਕੇ ਮਜ਼ਦੂਰਾਂ ਦੀ ਬੰਦ-ਖਲਾਸੀ ਲਈ ਜੂਝਣ ਦੇ ਜਜ਼ਬੇ ਦੀ ਵੀ ਯਾਦ ਤਾਜ਼ਾ ਕਰਵਾਉਂਦਾ ਹੈ ਅਤੇ ਸਾਨੂੰ ਮਜ਼ਦੂਰ ਜਮਾਤ ਦੀ ਮਿਹਨਤ ਦਾ ਸਹੀ ਮੁੱਲ ਮਿਲੇ, ਸਮਾਜਕ ਸੁਰੱਖਿਆ, ਕੰਮ ਦੇ ਘੰਟੇ ਨਿਸਚਿਤ ਕਰਵਾਉਣ, ਛੁੱਟੀ ਦਾ ਕਾਨੂੰਨ ਹੋਵੇ ਅਤੇ ਮਜ਼ਦੂਰਾਂ ਦੇ ਕਾਨੂੰਨੀ ਅਧਿਕਾਰ ਹੋਣ ਆਦਿ ਦੀ ਪ੍ਰਾਪਤੀ ਲਈ ਕੀਤੇ ਸੰਘਰਸ਼ਾਂ 'ਤੇ ਵੀ ਝਾਤ ਪਵਾਉਂਦਾ ਹੈ।

137 ਸਾਲ ਪਹਿਲਾਂ ਉਪਰੋਕਤ ਵਰਨਣ ਜਬਰ-ਜ਼ੁਲਮ ਅਤੇ ਮਜ਼ਦੂਰਾਂ ਨਾਲ ਹੁੰਦੇ ਅਣਮਨੁੱਖੀ ਸਲੂਕ ਦੇ ਵਿਰੁੱਧ ਲਾਮਬੰਦ ਹੋ ਕੇ ਸੰਘਰਸ਼ ਕਰਦੇ ਹੋਏ ਸ਼ਹੀਦੀਆਂ ਪਾਉਣ ਵਾਲੇ ਮਹਾਨ ਯੋਧਿਆਂ ਨੇ ਮਜ਼ਦੂਰਾਂ ਲਈ ਅਨੇਕਾਂ ਸਹੂਲਤਾਂ ਦਾ ਸਮੇਂ ਦੀਆਂ ਹਕੂਮਤਾ ਤੋਂ ਹੱਕ ਪ੍ਰਾਪਤ ਕਰਨ ਦਾ ਰਸਤਾ ਖੋਲ੍ਹਿਆ, ਜਿਸ ਦੇ ਸਿੱਟੇ ਵਜੋਂ ਕਈ ਕਿਰਤ ਕਾਨੂੰਨਾਂ ਦਾ ਹੋਂਦ ਵਿੱਚ ਆਉਣ ਦਾ ਸਿਲਸਿਲਾ ਸ਼ੁਰੂ ਹੋਇਆ। ਜੇਕਰ ਅੱਜ ਅਸੀਂ ਜਿਕਰ ਕਰਦੇ ਹਾਂ 1926 ਦੇ ਟਰੇਡ ਯੂਨੀਅਨ ਐਕਟ, ਪੇਮੈਂਟ ਆਫ ਵੇਜਿਸ ਐਕਟ 1936, ਇੰਡਸਟਰੀਅਲ ਡਿਸਪਿਊਟ ਐਕਟ 1947, ਫੈਕਟਰੀਜ਼ ਐਕਟ 1948, ਬੋਨਸ ਐਕਟ, ਮਿਨੀਮਮ ਵੇਜਿਜ਼ ਐਕਟ, ਈ.ਐੱਸ.ਆਈ. ਐਕਟ, ਵਰਕਮੈਨਜ਼ ਕੰਪਨਸ਼ੈਸ਼ਨ ਐਕਟ ਆਦਿ ਬਣਨ ਦਾ ਤਾਂ ਇਹ ਕਾਨੂੰਨ ਸਰਕਾਰਾਂ ਨੇ ਕੋਈ ਮਿਹਰਬਾਨੀ ਕਰਕੇ ਨਹੀਂ ਸਨ ਬਣਾਏ, ਸਗੋਂ ਅਜਿਹਾ ਸਾਡੇ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਸਿਰਜੇ ਇਤਿਹਾਸ ਦੀ ਪ੍ਰੇਰਨਾ ਸਦਕਾ ਮਜ਼ਦੂਰ ਜਮਾਤ ਦੀਆਂ ਮਜ਼ਬੂਤ ਹੁੰਦੀਆਂ ਗਈਆਂ ਲਹਿਰਾਂ ਦੇ ਦਬਾਅ ਅਧੀਨ ਸੰਭਵ ਹੋਇਆ। ਵਰਤਮਾਨ ਦੌਰ ਵਿੱਚ, ਜਿਹੜਾ ਕਿ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਦਾ ਦੌਰ ਹੈ, ਇਨ੍ਹਾਂ ਕਾਨੂੰਨਾਂ ਨੂੰ ਸੌਖੇ ਅਤੇ ਸੁਧਾਰ ਕਰਕੇ ਖਤਮ ਕਰਨ ਦੇ ਮਨਸੂਬਿਆਂ ਤਹਿਤ ਭਾਰਤ ਦੀ ਮੋਦੀ ਸਰਕਾਰ ਨੇ ਚਾਰ ਲੇਬਰ ਕੋਡਜ਼ ਤਹਿਤ ਕਾਰਪੋਰੇਟਾਂ ਨੂੰ ਮਜ਼ਦੂਰਾਂ ਦਾ ਆਰਥਿਕ ਸ਼ੋਸ਼ਣ ਕਰਨ ਦੀ ਖੁੱਲ੍ਹ ਮਿਲਦੀ ਹੈ। ਮਜ਼ਦੂਰਾਂ ਦੀ ਸਮਜਿਕ ਸੁਰੱਖਿਆ ਖਤਮ ਕਰਨਾ ਜਾਂ ਸੀਮਤ ਕਰਨਾ, ਛਾਂਟੀ, ਤਾਲਾਬੰਦੀ, ਯੂਨੀਅਨ ਬਣਾਉਣਾ ਮੁਸ਼ਕਲ ਕਰਨਾ, ਉਜਰਤਾਂ ਤਹਿ ਕਰਨ ਵਿੱਚ ਮਰਜ਼ੀ, ਠੇਕੇਦਾਰੀ ਪ੍ਰਣਾਲੀ, ਫਿਕਸ ਟਰਮ ਇੰਲਾਇਮੈਂਟ ਆਦਿ ਸੰਬੰਧੀ ਸੋਧਾਂ ਕਰਕੇ ਮਾਲਕਾਂ ਦੇ ਹੱਥ ਵਿੱਚ ਮਜ਼ਦੂਰਾਂ ਦੇ ਅਧਿਕਾਰ ਖਤਮ ਕਰਨ ਦਾ ਹਥਿਆਰ ਦੇ ਦਿੱਤਾ ਹੈ।

ਭਾਵੇਂ 4 ਮਈ 1886 ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਵਿੱਚ ਸਮੇਂ ਦੀ ਸਰਕਾਰ ਵੱਲੋਂ ਖੇਡੀ ਖੂਨ ਦੀ ਹੋਲੀ ਦੀ ਘਟਨਾ ਦਾ ਜ਼ਿਕਰ ਹਰ ਸਾਲ ਪਹਿਲੀ ਮਈ ਨੂੰ ਮਈ ਦਿਵਸ 'ਤੇ ਵੱਖ-ਵੱਖ ਆਗੂਆਂ ਵੱਲੋਂ ਜਾਂ ਬੁੱਧੀਜੀਵੀਆਂ ਵਲੋਂ ਲਿਖੇ ਜਾਂਦੇ ਲੇਖਾਂ ਰਾਹੀਂ ਕੀਤਾ ਜਾਂਦਾ ਹੈ, ਫਿਰ ਵੀ ਇਸ ਘਟਨਾ ਦੇ ਸ਼ਹੀਦਾਂ ਦਾ ਹਰ ਸਾਲ ਜ਼ਿਕਰ ਕਰਨਾ ਜ਼ਰੂਰੀ ਹੀ ਹੈ ਤਾਂ ਕਿ ਸਾਡੇ ਚੇਤਿਆਂ ਵਿਚੋਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਅਹਿਮੀਅਤ ਦਾ ਅਹਿਸਾਸ ਨਾ ਘਟੇ। ਇਹ ਸੰਨ 1886 ਦੀ ਘਟਨਾ ਹੈ, ਜਦੋਂ ਪਹਿਲੀ ਮਈ 1886 ਨੂੰ ਸ਼ਿਕਾਗੋ ਦੇ ਕਾਰਖਾਨਿਆਂ ਦੇ ਮਜ਼ਦੂਰਾਂ ਨੇ ਹੜਤਾਲ ਸ਼ੁਰੂ ਕਰ ਦਿੱਤੀ ਸੀ। ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਦੇ ਸਨਅਤੀ ਕੇਂਦਰਾਂ ਦੇ 5 ਲੱਖ ਤੋਂ ਵੱਧ ਮਜ਼ਦੂਰਾਂ ਨੇ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਕੀਤੀ ਹੜਤਾਲ ਵਿੱਚ ਹਿੱਸਾ ਲਿਆ ਸੀ, 65 ਫੀਸਦੀ ਤੋਂ ਵੱਧ ਕਾਰਖਾਨੇ ਬੰਦ ਹੋ ਗਏ ਹਨ। ਰੇਲਵੇ ਸਿਸਟਮ ਬੰਦ ਹੋ ਗਿਆ ਸੀ, 3 ਮਈ 1886 ਨੂੰ ਮਾਲਕਾਂ ਵੱਲੋਂ ਹੜਤਾਲ ਨੂੰ ਕੁਚਲਣ ਦੇ ਹਰਬਿਆਂ ਤਹਿਤ ਮਜ਼ਦੂਰਾਂ ਨੂੰ ਨੌਕਰੀਆਂ ਤੋਂ ਕੱਢਣ ਅਤੇ ਹੋਰ ਕਾਰਵਾਈਆਂ ਕਰਨ ਦੇ ਡਰਾਵੇ ਦਿੱਤੇ ਜਾ ਰਹੇ ਸਨ। ਮੈਕਾਰਮਿਕ ਇੱਕ ਬਦਨਾਮ ਕਿਸਮ ਦਾ ਕਾਰਖਾਨੇਦਾਰ ਸੀ, ਜਿਸ ਦੇ ਕਾਰਖਾਨੇ ਵਿੱਚ ਤਾਲਾਬੰਦੀ ਚੱਲ ਰਹੀ ਸੀ। ਉਸ ਨੇ 300 ਤੋਂ ਵੱਧ ਭਾੜੇ ਦੇ ਗੁੰਡਿਆਂ ਰਾਹੀਂ ਕਾਰਖਾਨਾ ਚਾਲੂ ਕਰਨ ਦੀ ਕੋਸ਼ਿਸ਼ ਕੀਤੀ। ਹੜਤਾਲੀ ਮਜ਼ਦੂਰਾਂ ਨੇ ਇਸ ਦਿਨ ਕਾਰਖਾਨੇ ਸਾਹਮਣੇ ਮੁਜ਼ਾਹਰਾ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਇਕੱਠੇ ਹੋਏ ਮਜ਼ਦੂਰ ਜਦੋਂ ਮੁਜ਼ਾਹਰਾ ਕਰ ਰਹੇ ਸਨ ਤਾਂ ਬਿਨਾਂ ਕਿਸੇ ਭੜਕਾਹਟ ਤੋਂ ਪੁਲਸ ਨੇ ਮਜ਼ਦੂਰਾਂ 'ਤੇ ਗੋਲੀ ਚਲਾ ਦਿੱਤੀ। ਜਿਸ ਨਾਲ 6 ਮਜ਼ਦੂਰ ਮੌਕੇ 'ਤੇ ਸ਼ਹੀਦ ਹੋ ਗਏ ਅਤੇ 50 ਤੋਂ ਵੱਧ ਜ਼ਖਮੀ ਹੋ ਗਏ। ਇਸ ਘਿਨਾਉਣੀ ਜ਼ੁਲਮ-ਜਬਰ ਦੀ ਘਟਨਾ ਦੇ ਵਿਰੋਧ ਵਿੱਚ 4 ਮਈ ਨੂੰ ਸ਼ਿਕਾਗੋ ਦੀ ਹੇਅ ਮਾਰਕੀਟ ਵਿੱਚ ਜਲਸਾ ਰੱਖਿਆ ਗਿਆ। ਸ਼ਾਂਤਮਈ ਚੱਲ ਰਹੇ ਜਲਸੇ ਵਿੱਚ ਸਾਜ਼ਿਸ ਤਹਿਤ ਇੱਕ ਬੰਬ ਸੁੱਟਿਆ ਗਿਆ, ਜਿਸ ਨਾਲ ਸੱਤ ਪੁਲਸ ਵਾਲੇ ਮਾਰੇ ਗਏ ਅਤੇ ਇੱਕ ਮਜ਼ਦੂਰ ਮਾਰਿਆ ਗਿਆ। ਪੁਲਸ ਵੱਲੋਂ ਕੀਤੀ ਗੋਲੀਬਾਰੀ ਵਿੱਚ 4 ਆਮ ਲੋਕ ਵੀ ਮਾਰੇ ਗਏ 70 ਤੋਂ ਵੱਧ ਹੋਰ ਲੋਕ ਅਤੇ ਮਜ਼ਦੂਰ ਜ਼ਖਮੀ ਹੋ ਗਏ। ਇਸ ਘਟਨਾ ਦਾ ਦੋਸ਼ ਅੱਠ ਮਜ਼ਦੂਰ ਆਗੂਆਂ ਵਿਰੁੱਧ ਝੂਠੇ ਮੁਕੱਦਮੇ ਮੜ੍ਹ ਕੇ ਗ੍ਰਿਫਤਾਰ ਕਰ ਲਿਆ ਗਿਆ। ਇਹ ਕ੍ਰਾਂਤੀਕਾਰੀ ਆਗੂ ਸਨ, ਅਲਬਰਟ ਪਾਰਸਨਜ਼, ਸੈਮੂਅਲ ਫੀਲਡਨ, ਜਾਰਜ ਏਂਗਲ, ਆਸਕਰ ਨੀਬੇ, ਅਗਸਟ ਸਪਾਈਜ਼, ਲੂਈ ਲਿੰਗ, ਮਿਖਾਈਲ ਸਕਵਾਬ ਅਤੇ ਅਡਾਲਫ ਫਿਸ਼ਰ। 20 ਅਗਸਤ 1886 ਨੂੰ ਤੇਜ਼ੀ ਨਾਲ ਮੁਕੱਦਮੇ ਦੀ ਕਾਰਵਾਈ ਮੁਕੰਮਲ ਕਰਕੇ 7 ਆਗੂਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਇਕ ਆਗੂ ਆਸਕਰ ਨੀਬੇ ਨੂੰ 15 ਸਾਲ ਦੀ ਸਜ਼ਾ ਸੁਣਾਈ ਗਈ। ਅਪੀਲਾਂ ਰੱਦ ਕਰ ਦਿੱਤੀਆਂ ਗਈਆਂ। ਸੈਮੂਅਲ ਫੀਲਡਨ ਅਤੇ ਮਿਖਾਈਲ ਸਕਵਾਬ ਦੀ ਸਜ਼ਾ ਗਵਰਨਰ ਵੱਲੋਂ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਗਈ। ਲੂਈ ਲਿੰਗ 10 ਨਵੰਬਰ 1887 ਦੀ ਰਾਤ ਨੂੰ ਜੇਲ੍ਹ ਵਿੱਚ ਭੇਦਭਰੀ ਹਾਲਤ ਵਿੱਚ ਮ੍ਰਿਤਕ ਪਾਇਆ ਗਿਆ। 11 ਨਵੰਬਰ 1887 ਨੂੰ ਚਾਰ ਆਗੂਆਂ ਅਲਬਰਟ ਪਾਰਸਨਜ਼, ਅਗਸਟ ਸਪਾਈਜ਼, ਅਡਾਲਫ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਸਪਾਈਜ਼ ਨੇ ਮੁਕੱਦਮੇ ਦੌਰਾਨ ਬਿਆਨ ਦਰਜ ਕਰਵਾਉਂਦਿਆਂ ਕਿਹਾ ਕਿ ਪੂੰਜੀਪਤੀ ਭੁਲੇਖੇ ਵਿੱਚ ਹਨ ਕਿ ਸਾਨੂੰ ਫਾਂਸੀ ਦੇਣ ਨਾਲ ਮਜ਼ਦੂਰਾਂ ਦੀਆਂ ਜੱਦੋ-ਜਹਿਦਾਂ ਦਾ ਅੰਤ ਹੋ ਜਾਵੇਗਾ। ਇਸੇ ਤਰ੍ਹਾਂ ਅਲਬਰਟ ਪਾਰਸਨਜ਼ ਨੇ ਫਾਂਸੀ ਦਾ ਨਕਾਬ ਪਹਿਨਣ ਤੋਂ ਪਹਿਲਾਂ ਬੁਲੰਦ ਅਵਾਜ਼ ਵਿੱਚ ਕਿਹਾ ਸੀ ਕਿ ਐ ਅਮਰੀਕਾ ਦੇ ਮਿਹਨਤਕਸ਼ ਲੋਕੋ, ਮਜ਼ਦੂਰਾਂ ਦਾ ਅੰਦੋਲਨ ਕਮਜ਼ੋਰ ਨਹੀਂ ਪੈਣਾ ਚਾਹੀਦਾ। 12 ਨਵੰਬਰ 1887 ਨੂੰ ਸ਼ਹੀਦ ਆਗੂਆਂ ਨੂੰ ਦਫਨਾਉਣ ਸਮੇਂ 6 ਲੱਖ ਤੋਂ ਵੱਧ ਲੋਕ ਇਕੱਠੇ ਹੋਏ। 26 ਜੁਲਾਈ 1893 ਨੂੰ ਗਵਰਨਰ ਜੌਹਨ ਪੀ ਐਲਟੇਗੋਲਡ ਨੇ ਫੀਲਡਨ ਅਤੇ ਸਕਵਾਬ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ ਅਤੇ ਉਸ ਨੇ ਇਸ ਮੁਕਦਮੇ ਨੂੰ ਝੂਠੇ ਗਵਾਹਾਂ ਦੀਆਂ ਗਵਾਹੀਆਂ ਦੇ ਆਧਾਰ ਤੇ ਚਲਾਇਆ ਗਿਆ ਕਿਹਾ ਸੀ।



ਇੱਕ ਪ੍ਰਸਿੱਧ ਅਮਰੀਕੀ ਲੇਖਕ ਵਿਲੀਅਮ ਡੀਲ ਜਾਵੇਲਸ ਨੇ 'ਨਿਊਯਾਰਕ ਟ੍ਰਿਬਿਊਨ' ਵਿੱਚ ਲਿਖਿਆ ਸੀ ਕਿ ਇੱਕ ਅਜ਼ਾਦ ਅਤੇ ਖੁਦਮੁਖਤਿਆਰ ਦੇਸ਼ ਦੇ ਪੰਜ ਬੇਗੁਨਾਹ ਲੋਕਾਂ ਨੂੰ ਉਹਨਾਂ ਦੇ ਵਿਚਾਰਾਂ ਕਾਰਨ ਫਾਂਸੀ ਦੇ ਕੇ ਮਾਰ ਦਿੱਤਾ ਗਿਆ।

ਸ਼ਿਕਾਗੋ ਦੀ ਘਟਨਾ ਤੋਂ ਪਹਿਲਾਂ ਵੀ ਮਜ਼ਦੂਰ ਵੱਖ-ਵੱਖ ਸਮਿਆਂ 'ਤੇ ਹੜਤਾਲਾਂ-ਮੁਜ਼ਾਹਰੇ ਕਰਦੇ ਆ ਰਹੇ ਸਨ। 8 ਘੰਟੇ ਕੰਮ ਦਿਹਾੜੀ ਦਾ ਨਾਅਰਾ ਬਹੁਤ ਜ਼ੋਰ ਫੜ ਚੁੱਕਿਆ ਸੀ। ਇਸੇ ਤਹਿਰੀਕ ਦੇ ਸਦਕਾ ਹੀ ਅਮਰੀਕਨ ਫੈਡਰੇਸ਼ਨ ਆਫ ਲੇਬਰ ਹੋਂਦ ਵਿੱਚ ਆਈ ਸੀ। ਇਸ ਜਥੇਬੰਦੀ ਦੀ ਸਲਾਨਾ ਕਾਨਫਰੰਸ 1884 ਵਿੱਚ ਹੋਈ ਸੀ। ਇਸੇ ਕਾਨਫਰੰਸ ਨੇ ਨਾਅਰਾ ਦਿੱਤਾ ਸੀ ਕਿ ਇੱਕ ਮਈ 1886 ਨੂੰ 8 ਘੰਟੇ ਕੰਮ ਦਿਹਾੜੀ ਦਾ ਕਾਨੂੰਨ ਬਣਾ ਕੇ ਹੋਂਦ ਵਿੱਚ ਲਿਆਂਦਾ ਜਾਵੇ।

ਸੰਨ 1875 ਵਿੱਚ ਪੈਨਸਲਵਾਨੀਆ ਵਿੱਚ ਕੋਇਲੇ ਦੀਆਂ

(• ਬਾਕੀ ਸਫ਼ਾ 4 'ਤੇ)

## ਫਿਰਕੂ-ਫਾਸ਼ੀ ਤਾਕਤਾਂ ਨੂੰ ਭਾਂਜ ਦੇਣ ਦੇ ਸੰਕਲਪ ਦਾ ਮਈ ਦਿਹਾੜਾ

**ਮੰਗਤ ਰਾਮ ਪਾਸਲਾ**

ਪੂੰਜੀਵਾਦੀ ਪ੍ਰਬੰਧ ਦੇ ਸੰਸਾਰ ਵਿਆਪੀ ਸੰਕਟ ਦੇ ਲਗਾਤਾਰ ਡੂੰਘੇ ਹੁੰਦੇ ਜਾਣ ਸਦਕਾ ਮਜ਼ਦੂਰ ਜਮਾਤ ਤੇ ਦੂਸਰੇ ਮਿਹਨਤਕਸ਼ ਵਰਗਾਂ ਦੀਆਂ ਚੌਤਰਫਾ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਪੂੰਜੀ ਦੇ ਚੰਦ ਕੁ ਹੱਥਾਂ 'ਚ ਕੇਂਦਰਤ ਹੋ ਜਾਣ ਨਾਲ ਸਮਾਜ ਦੇ ਬਹੁ ਗਿਣਤੀ ਲੋਕਾਂ ਦੀਆਂ ਆਮਦਨਾਂ-ਤਨਖਾਹਾਂ 'ਚ ਵੱਡੀ ਕਟੌਤੀ ਹੋ ਜਾਣ ਦੇ ਸਿੱਟੇ ਵਜੋਂ ਬਾਜ਼ਾਰ ਅੰਦਰ ਖਪਤਕਾਰ ਵਸਤਾਂ ਤੇ ਤਿਆਰ ਸਨਅਤੀ ਮਾਲ ਦੀ ਵਿਕਰੀ ਲਗਾਤਾਰ ਘਟਦੀ ਜਾ ਰਹੀ ਹੈ, ਜਿਸ ਕਰਕੇ ਵਾਧੂ ਉਤਪਾਦਨ ਦੇ ਬਾਵਜੂਦ ਮੰਗ ਹੇਠਾਂ ਨੂੰ ਖਿਸਕਦੀ ਜਾਣ ਦਾ ਨਤੀਜਾ ਵੱਡੀ ਗਿਣਤੀ 'ਚ ਮਿੱਲ ਬੰਦੀਆਂ ਤੇ ਛਾਂਟੀਆਂ ਦੇ ਰੂਪ ਵਿਚ ਨਿਕਲ ਰਿਹਾ ਹੈ। ਨਿਗੂਣੀਆਂ ਤਨਖਾਹਾਂ ਤੇ ਵਧ ਰਹੀ ਲੱਕ ਤੋੜ ਮਹਿੰਗਾਈ ਨੇ ਕਿਰਤੀਆਂ ਨੂੰ ਸਿਰੇ ਦੀ ਕੰਗਾਲੀ ਅਤੇ ਭੁੱਖਮਰੀ ਦੀ ਕਗਾਰ 'ਤੇ ਲਿਆ ਖੜ੍ਹਾਇਆ ਹੈ।

ਨਵ ਉਦਾਰਵਾਦੀ ਆਰਥਿਕ-ਸਨਅਤੀ ਨੀਤੀਆਂ ਕਾਰਨ ਹੋਏ ਅੱਖਾਂ ਚੁੰਧਿਆਉਣ ਵਾਲੇ ਰੁਜ਼ਗਾਰ ਵਿਹੂਣੇ ਤਕਨੀਕੀ ਵਿਕਾਸ ਦੇ ਸਿੱਟੇ ਵਜੋਂ ਸਨਅਤੀ ਅਦਾਰਿਆਂ ਤੇ ਜਨਤਕ ਸੇਵਾਵਾਂ ਅੰਦਰ ਕਿਰਤੀਆਂ ਦੀ ਗਿਣਤੀ ਦਿਨੋ-ਦਿਨ ਘਟਾਈ ਜਾ ਰਹੀ ਹੈ ਤੇ ਪੱਕੀ ਨੌਕਰੀ, ਪੈਨਸ਼ਨ ਤੇ ਸਮਾਜਿਕ ਸੁਰੱਖਿਆ ਨਾਲ ਜੁੜੇ ਹੋਰ ਪ੍ਰਾਵਧਾਨ, ਸਿਹਤ ਸਹੂਲਤਾਂ ਤੇ ਹੋਰ ਸੰਬੰਧਤ ਲਾਭਾਂ ਨੂੰ ਦਰਕਿਨਾਰ ਕਰਕੇ ਸਾਰਾ ਕੰਮ ਠੇਕਾ ਭਰਤੀ ਰਾਹੀਂ ਕਰਾਇਆ ਜਾਂਦਾ ਹੈ। "ਕਿਰਾਏ 'ਤੇ ਮਜ਼ਦੂਰ ਭਰਤੀ ਕਰੋ ਤੇ ਕੰਮ ਹੋਣ 'ਤੇ ਜਦੋਂ ਮਰਜ਼ੀ ਕੱਢ ਦਿਓ" (ਹਾਇਰ ਐਂਡ ਫਾਇਰ) ਦੀ ਨੀਤੀ ਨੇ ਸੈਂਕੜੇ ਸਾਲਾਂ ਦੇ ਮਜ਼ਦੂਰ ਸੰਘਰਸ਼ਾਂ ਤੇ ਅਣਗਿਣਤ ਕੁਰਬਾਨੀਆਂ ਸਦਕਾ ਹੋਂਦ 'ਚ ਲਿਆਂਦੇ ਗਏ ਕਿਰਤ ਕਾਨੂੰਨਾਂ ਤੇ ਹੋਰ ਪ੍ਰਾਪਤੀਆਂ ਨੂੰ ਘੱਟੇ 'ਚ ਰੋਲ ਦਿੱਤਾ ਹੈ। ਮਜਬੂਰੀ ਵੱਸ ਨਿਗੂਣੀ ਗਿਣਤੀ 'ਚ ਉਤਪਾਦਨ ਤੇ ਸੇਵਾਵਾਂ ਦੇ ਖੇਤਰ 'ਚ ਕੰਮਾਂ 'ਤੇ ਲੱਗੇ ਹੋਏ ਕਾਮਿਆਂ ਨੂੰ ਬਿਨਾਂ ਓਵਰਟਾਈਮ ਤੋਂ, ਕਾਨੂੰਨ 'ਚ ਦਰਜ ਸਮੇਂ ਨਾਲੋਂ ਵਧੇਰੇ ਸਮਾਂ ਕਰੜੀ ਮੁਸ਼ੱਕਤ ਕਰਨੀ ਪੈਂਦੀ ਹੈ, ਪ੍ਰੰਤੂ ਗੁਜ਼ਾਰਾ ਫਿਰ ਵੀ ਨਹੀਂ ਹੋ ਰਿਹਾ। ਸਰਕਾਰੀ ਖੇਤਰ, ਕਾਰਪੋਰੇਟ ਘਰਾਣਿਆਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਨਾਲ ਸਬੰਧਤ ਅਦਾਰਿਆਂ ਅਤੇ ਹੋਰ ਵੱਡੇ-ਛੋਟੇ ਉਦਯੋਗਾਂ ਤੇ ਕਾਰੋਬਾਰਾਂ 'ਚ ਰੁਜ਼ਗਾਰ ਪ੍ਰਾਪਤ ਕਿਰਤੀਆਂ ਦੇ ਹੱਕਾਂ ਦੀ ਰਾਖੀ ਤੇ ਮਾਲਕਾਂ ਦੇ ਹੱਲਿਆਂ ਦਾ ਟਾਕਰਾ ਕਰਨ ਲਈ ਸਿਰਜੇ ਗਏ 44 ਕਿਰਤ ਕਾਨੂੰਨਾਂ ਨੂੰ 'ਚਾਰ ਕਿਰਤ ਕੋਡਾਂ' 'ਚ ਸੰਗੋੜ ਦਿੱਤਾ ਗਿਆ ਹੈ। ਮੋਦੀ ਸਰਕਾਰ ਦੇ 'ਅੰਮ੍ਰਿਤ ਕਾਲ' ਤੇ 'ਅੱਛੇ ਦਿਨਾਂ' ਦਾ ਮਿਹਨਤਕਸ਼ ਲੋਕਾਂ ਲਈ ਇਹ ਇਕ 'ਯਾਦਗਾਰੀ ਤੋਹਫ਼ਾ' ਹੈ।

ਮਜ਼ਦੂਰ ਜਮਾਤ ਤੇ ਦੂਸਰੇ ਕਿਰਤੀ ਆਵਾਮ ਦੇ ਮਨਾਂ ਅੰਦਰ, ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੀਆਂ ਹਕੀਕੀ ਲੋੜਾਂ ਪ੍ਰਤੀ ਜਾਗੇ ਅਹਿਸਾਸ ਤੇ ਉਕਤ ਲੋੜਾਂ ਦੀ ਪੂਰਤੀ ਲਈ ਸੰਘਰਸ਼ ਕਰਨ ਦੀ ਇੱਛਾ ਸ਼ਕਤੀ ਨੂੰ ਖੁੰਢਾ ਕਰਨ ਤੇ ਕੁਰਾਹੇ ਪਾਉਣ ਲਈ ਭਾਜਪਾ (ਆਰ.ਐੱਸ.ਐੱਸ.) ਸਰਕਾਰ ਨੇ ਵੱਡੀ ਪੱਧਰ 'ਤੇ ਵਿਚਾਰਧਾਰਕ ਹੱਲਾ ਬੋਲਿਆ ਹੋਇਆ ਹੈ। ਦੇਸ਼ ਦੇ ਧਰਮ ਨਿਰਪੱਖ ਤੇ ਲੋਕ ਰਾਜੀ ਢਾਂਚੇ ਨੂੰ ਪੂਰੀ ਤਰ੍ਹਾਂ ਨਾਲ ਤਬਾਹ ਕਰਕੇ ਧਰਮ ਅਧਾਰਤ ਕੱਟੜ ਹਿੰਦੂਤਵੀ ਰਾਜ ਸਥਾਪਤ ਕਰਨ ਲਈ ਮੋਦੀ ਸਰਕਾਰ ਕਿਸੇ ਵੀ ਜ਼ਾਲਮਾਨਾ, ਸੰਵੇਦਨਹੀਣ, ਗੈਰ-ਵਿਧਾਨਕ ਤੇ ਜਮਹੂਰੀਅਤ ਵਿਰੋਧੀ ਗਿਰਾਵਟ ਤੱਕ ਡਿੱਗਣ ਲਈ ਕਮਰ ਕੱਸੇ ਕਰੀ ਬੈਠੀ ਹੈ। ਹਕੀਕਤ ਇਹ ਹੈ ਕਿ ਸੰਵਿਧਾਨ ਨੂੰ ਬਦਲੇ ਬਿਨਾਂ ਅਮਲ 'ਚ 'ਸਭ ਕੁੱਝ' ਹੀ ਬਦਲਿਆ ਜਾ ਰਿਹਾ ਹੈ। ਦੇਸ਼ ਦੇ ਇਤਿਹਾਸ ਤੇ ਵਿਦਿਅਕ ਪਾਠਕ੍ਰਮ ਨੂੰ ਸੰਘੀ ਵਿਚਾਰਧਾਰਾ ਦੀ ਪਾਣ ਚਾੜ੍ਹੀ ਜਾ ਰਹੀ ਹੈ। ਪ੍ਰਗਤੀਵਾਦੀ, ਵਿਗਿਆਨਕ ਤੇ ਤਰਕਸ਼ੀਲ ਵਿਚਾਰਾਂ ਦਾ ਪਸਾਰ ਕਰਨ ਦੀ ਥਾਂ ਸਮਾਜ ਅੰਦਰ ਅੰਧ ਵਿਸ਼ਵਾਸ਼, ਮਨੋ ਕਲਪਿਤ ਪਿਛਾਖੜੀ ਮਾਨਤਾਵਾਂ, ਵਹਿਮਾਂ-ਭਰਮਾਂ ਤੇ ਅੰਨ੍ਹੇ ਕੌਮਵਾਦ ਦੀ ਵਿਸ਼ੈਲੀ ਪਨੀਰੀ ਤਿਆਰ ਕਰਕੇ ਅਜਿਹੀ ਖੂੰਖਾਰ ਫਸਲ ਤਿਆਰ ਕੀਤੀ ਜਾ ਰਹੀ ਹੈ, ਜਿਸ ਦਾ ਕੌੜਾ-ਕਸੈਲਾ ਸਵਾਦ ਨਾ ਕੇਵਲ ਮੌਜੂਦਾ ਪੀੜ੍ਹੀ ਚਖ ਰਹੀ ਹੈ, ਬਲਕਿ ਨਾ ਚਾਹੁੰਦੇ ਹੋਏ ਵੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਲਾਜ਼ਮੀ ਚੱਖਣਾ ਪਵੇਗਾ। ਸੰਵਿਧਾਨਕ ਅਦਾਰਿਆਂ ਉਪਰ ਆਰ.ਐੱਸ. ਐੱਸ. ਨੇ ਆਪਣੇ ਅਜਿਹੇ ਬੰਦਿਆਂ ਨੂੰ ਨਿਯੁਕਤ ਕਰਕੇ ਕਬਜ਼ਾ ਜਮਾ ਲਿਆ ਹੈ, ਜੋ ਸੰਵਿਧਾਨ-ਕਾਨੂੰਨ ਨੂੰ ਠੁੱਠ ਦਿਖਾ ਕੇ ਹਰ ਕਾਰਜ ਤੇ ਫੈਸਲਾ ਸੰਘੀ ਸੰਗਠਨਾਂ ਤੇ ਮੋਦੀ ਸਰਕਾਰ ਦੇ ਇਸ਼ਾਰਿਆਂ 'ਤੇ ਕਰਦੇ ਹਨ। ਆਰ.ਐੱਸ.ਐੱਸ. ਨੇ ਪਿਛਲੇ 100 ਸਾਲਾਂ 'ਚ ਝੂਠੇ ਪ੍ਰਚਾਰ ਰਾਹੀਂ ਕੂੜ ਦਾ ਜੋ ਤੰਦੂਆ ਜਾਲ ਬੁਣਿਆ ਹੈ, ਉਹ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਕੇ ਉਨ੍ਹਾਂ ਨੂੰ ਫਿਰਕਾਪ੍ਰਸਤੀ ਤੇ ਧਾਰਮਿਕ ਕੱਟੜਤਾ ਦੀ ਵਿਚਾਰਧਾਰਾ ਵੱਲ ਨੂੰ ਖਿੱਚਣ 'ਚ ਵੱਡੀ ਹੱਦ ਤੱਕ ਸਫਲ ਰਿਹਾ ਹੈ। ਦੇਸ਼ ਦੇ ਸੰਵਿਧਾਨ ਤੇ ਸਰਵਉਚ ਅਦਾਲਤਾਂ ਦੀਆਂ ਟਿੱਪਣੀਆਂ ਦੀ ਉਲੰਘਣਾ ਕਰਕੇ ਸੰਘ-ਭਾਜਪਾ ਆਗੂਆਂ ਵੱਲੋਂ ਰਾਜਨੀਤਕ ਹਿੱਤਾਂ ਦੀ ਪੂਰਤੀ ਅਤੇ ਸਮਾਜ ਦੀ ਫਿਰਕੇਦਾਰਾਨਾ ਵੰਡ ਲਈ ਧਰਮ ਦੀ ਖੁੱਲ੍ਹੀ ਦੁਰਵਰਤੋਂ ਕੀਤੀ ਜਾ ਰਹੀ ਹੈ। ਮੁੱਕਦੀ ਗੱਲ, ਦੇਸ਼ ਦੀ ਰਾਜ ਸੱਤਾ ਉਪਰ ਕਾਬਜ਼ ਹੋ ਚੁੱਕੀਆਂ ਫਿਰਕੂ-ਫਾਸ਼ੀ ਸ਼ਕਤੀਆਂ, ਧਰਮ ਅਧਾਰਤ ਕੱਟੜ ਰਾਸ਼ਟਰ ਦੀ ਕਾਇਮੀ ਦੇ ਆਪਣੇ ਅੰਤਮ ਨਿਸ਼ਾਨੇ ਵੱਲ ਨੂੰ ਵਧਦੀਆਂ ਹੋਈਆਂ ਦੇਸ਼ ਦੇ ਸੁਤੰਤਰਤਾ ਸੰਗਰਾਮ ਦੌਰਾਨ ਤੇ ਸੁਤੰਤਰ ਹੋਣ ਤੋਂ ਪਿੱਛੋਂ ਦੀਆਂ ਸਾਰੀਆਂ ਹਾਂ-ਪੱਖੀ ਪ੍ਰਾਪਤੀਆਂ ਨੂੰ ਤਹਿਸ-ਨਹਿਸ ਕਰਦੀਆਂ ਜਾ ਰਹੀਆਂ ਹਨ।





ਇਸ ਸਥਿਤੀ ਦਾ ਟਾਕਰਾ ਕਰਨ ਲਈ ਸਮੂਹ ਲੁੱਟੀਆਂ ਜਾ ਰਹੀਆਂ ਜਮਾਤਾਂ ਨੂੰ ਸੱਤਾ ਵਿਰੁੱਧ ਸਾਂਝੇ, ਬੱਝਵੇਂ ਤੇ ਖਾੜਕੂ ਸੰਘਰਸ਼ਾਂ 'ਚ ਖਿੱਚਣ ਦੀ ਜ਼ਰੂਰਤ ਹੈ। ਬਿਨਾਂ ਸ਼ੱਕ ਦੇਸ਼ ਦੇ ਮਜ਼ਦੂਰ-ਕਿਸਾਨ, ਖੇਤ ਮਜ਼ਦੂਰ, ਨੌਜਵਾਨ, ਔਰਤਾਂ ਤੇ ਮੱਧ ਵਰਗ ਦੇ ਲੋਕ ਮੁੱਖ ਰੂਪ 'ਚ ਆਪਣੀਆਂ ਆਰਥਿਕ ਮੰਗਾਂ ਦੀ ਪ੍ਰਾਪਤੀ ਲਈ ਤੇ ਕਾਫੀ ਹੱਦ ਤੱਕ ਜਮਹੂਰੀ ਹੱਕਾਂ ਦੀ ਰਾਖੀ ਲਈ ਵੱਡੇ ਸੰਘਰਸ਼ਾਂ ਦੇ ਪਿੜ 'ਚ ਕੁੱਦੇ ਹੋਏ ਹਨ। ਹੜਤਾਲਾਂ, ਧਰਨਿਆਂ, ਮੁਜ਼ਾਹਰਿਆਂ ਤੇ ਰੈਲੀਆਂ ਭਾਵ ਵੰਨ-ਸੁਵੰਨੇ ਘੋਲ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ ਤੇ ਸੰਘਰਸ਼ੀ ਲੋਕ ਹਰ ਕਿਸਮ ਦੇ ਸਰਕਾਰੀ, ਗੈਰ-ਸਰਕਾਰੀ ਦਮਨ ਦਾ ਮੁਕਾਬਲਾ ਕਰਦੇ ਹੋਏ ਅੱਗੇ ਵਧ ਰਹੇ ਹਨ। ਸਾਲ 2020-21 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਲੜਿਆ ਗਿਆ ਦੇਸ਼ ਵਿਆਪੀ ਕਿਸਾਨ ਸੰਘਰਸ਼ ਇਸ ਸੁਵੱਲੇ ਵਰਤਾਰੇ ਦੀ ਸਭ ਤੋਂ ਉਘੜਵੀਂ ਤੇ ਉਤਸ਼ਾਹਜਨਕ ਮਿਸਾਲ ਹੈ, ਪ੍ਰੰਤੂ ਇਹ ਤੱਥ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਉੱਪਰ ਬਿਆਨੇ ਘੋਲਾਂ ਦਾ ਘੇਰਾ ਜ਼ਿਆਦਾਤਰ ਆਰਥਿਕ ਮੁੱਦਿਆਂ ਤੱਕ ਸੀਮਤ ਹੈ। ਇਹ ਸੰਘਰਸ਼ੀ ਲਾਮਬੰਦੀ ਨਵਉਦਾਰਵਾਦੀ ਆਰਥਕ ਨੀਤੀਆਂ ਲਾਗੂ ਕਰਨ ਨਾਲ ਪੈਦਾ ਹੋਈਆਂ ਮੁਸ਼ਕਲਾਂ ਵਿਰੁੱਧ ਤਾਂ ਸੇਧਤ ਹੈ, ਪ੍ਰੰਤੂ ਇਹਨਾਂ ਨੀਤੀਆਂ ਨੂੰ ਮੋੜਾ ਦੇਣ ਤੇ ਉਨ੍ਹਾਂ ਨੂੰ ਲਾਗੂ ਕਰਨ ਵਾਲੀਆਂ ਸਰਕਾਰਾਂ ਦੇ ਖਿਲਾਫ਼ ਨਹੀਂ। ਇਸੇ ਕਰਕੇ ਉਕਤ ਸੰਘਰਸ਼ਾਂ ਸਦਕਾ ਹੋਈਆਂ ਸੀਮਤ ਪ੍ਰਾਪਤੀਆਂ ਤੋਂ ਬਾਅਦ ਇਨ੍ਹਾਂ ਘੋਲਾਂ ਦੀ ਤਪਸ਼ ਮੱਠੀ ਪੈ ਜਾਂਦੀ ਹੈ, ਭਾਵ ਸੰਘਰਸ਼ 'ਚ ਕੁੱਦੇ ਕਿਰਤੀਆਂ ਸਮੇਤ ਆਮ ਮਿਹਨਤਕਸ਼ ਲੋਕਾਂ ਦੇ ਮਨਾਂ ਅੰਦਰ ਸਰਕਾਰ ਦੇ ਜਮਾਤੀ ਕਿਰਦਾਰ ਸਬੰਧੀ ਭੰਬਲਭੂਸਾ ਬਣਿਆ ਰਹਿੰਦਾ ਹੈ ਤੇ ਲੋਕਾਂ ਦੀ ਚੇਤਨਾ ਰਾਜਨੀਤਕ ਸੰਘਰਸ਼ ਕਰਕੇ ਰਾਜ ਸੱਤਾ 'ਤੇ ਕਿਰਤੀਆਂ ਦਾ ਕਬਜ਼ਾ ਕਰਨ ਲਈ ਲੋੜੀਂਦਾ ਵਿਕਾਸ ਨਹੀਂ ਕਰਦੀ। ਹਾਕਮ ਧਿਰ ਕੁਝ ਸਹੂਲਤਾਂ ਦੇਣ ਜਾਂ ਅੰਸ਼ਿਕ ਮੰਗਾਂ ਸਵੀਕਾਰ ਕਰਕੇ ਸੱਤਾ 'ਤੇ ਕਬਜ਼ਾ ਜਮਾਈ ਰੱਖਣ ਦੇ ਇਸ ਅਤੀ ਲਾਭਕਾਰੀ ਸੌਦੇ ਤੋਂ ਹਮੇਸ਼ਾ ਸੰਤੁਸ਼ਟ ਰਹਿੰਦੀ ਹੈ। ਉਂਜ ਵੀ ਹੁਣ ਤਾਂ ਮੋਦੀ ਸਰਕਾਰ ਨੇ ਆਰਥਿਕ ਮੁੱਦਿਆਂ ਬਾਰੇ ਸਿਰਫ ਜ਼ੁਬਾਨੀ-ਕਲਾਮੀ ਜਮ੍ਹਾਂ ਖਰਚ ਕਰਕੇ ਹੀ ਕੰਮ ਸਾਰਨ ਦਾ ਰਾਹ ਫੜ੍ਹਿਆ ਹੋਇਆ ਹੈ ਅਤੇ ਸਾਰਾ ਧਿਆਨ ਫਿਰਕੂ-ਫਾਸ਼ੀਵਾਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਰਾਹੀਂ ਦੇਸ਼ ਅੰਦਰ ਧਰਮ ਅਧਾਰਤ ਕੱਟੜ ਹਿੰਦੂ ਰਾਜ ਸਥਾਪਤ ਕਰਨ ਦੇ ਕੋਝੇ ਨਿਸ਼ਾਨੇ 'ਤੇ ਕੇਂਦਰਤ ਕੀਤਾ ਹੋਇਆ ਹੈ। ਸਾਡੀ ਸਪੱਸ਼ਟ ਰਾਇ ਹੈ ਕਿ ਮਜ਼ਦੂਰ ਜਮਾਤ ਨੂੰ ਹਰ ਦੌਰ 'ਚ ਆਪਣੀਆਂ ਆਰਥਿਕ ਲੜਾਈਆਂ ਲੜਨ ਵੱਲ ਤਾਂ ਚੋਖਾ ਧਿਆਨ ਦੇਣਾ ਹੀ ਪਵੇਗਾ, ਪ੍ਰੰਤੂ ਵਰਤਮਾਨ ਸਮੇਂ ਇਸ ਤੋਂ ਹਜ਼ਾਰਾਂ ਗੁਣਾਂ ਵਧੇਰੇ ਧਿਆਨ ਰਾਜਸੀ ਤੇ ਵਿਚਾਰਧਾਰਕ-ਸਿਧਾਂਤਕ ਚੇਤਨਾ ਨਾਲ ਲੈਸ ਹੋ ਕੇ ਜਮਾਤੀ ਏਕਤਾ ਮਜ਼ਬੂਤ ਕਰਦਿਆਂ ਸਿਆਸੀ ਘੋਲਾਂ ਦੀ ਉਸਾਰੀ ਵੱਲ ਦੇਣਾ ਹੋਵੇਗਾ। 'ਆਰਥਿਕਤਾਵਾਦ' ਦਾ ਸ਼ਿਕਾਰ ਹੋਈ ਮਜ਼ਦੂਰ ਜਮਾਤ ਨੂੰ ਇਸ ਭਟਕਾਅ ਤੋਂ ਮੁਕਤੀ ਦੁਆਉਣ ਲਈ ਜਮਾਤੀ ਵਿਚਾਰਧਾਰਾ ਦੀ ਪੁੱਠ ਚਾੜ੍ਹ ਕੇ ਹੀ ਆਪਣੀ ਤੇ ਸਮੁੱਚੇ

(• ਬਾਕੀ ਸਫ਼ਾ 4 'ਤੇ)

## ਅੱਜ ਵੀ ਖਾਲੀ ਕਿਉਂ ਹਨ ਕਿਰਤ ਕਰਨ ਵਾਲੇ ਹੱਥ

**ਗੁਰਚਰਨ ਸਿੰਘ ਨੂਰਪੁਰ**

ਦੁਨੀਆ ਭਰ ਦੇ ਮਿਹਨਤਕਸ਼ ਲੋਕ ਇੱਕ ਮਈ ਦੇ ਦਿਨ ਨੂੰ ਮਜ਼ਦੂਰ ਦਿਵਸ ਵਜੋਂ ਮਨਾਉਂਦੇ ਹਨ। 1886 ਨੂੰ ਇਸ ਦਿਨ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ 'ਅਮਰੀਕਨ ਲੇਬਰ ਫੈਡਰੇਸ਼ਨ' ਦੀ ਅਗਵਾਈ ਹੇਠ ਮਜ਼ਦੂਰਾਂ ਵੱਲੋਂ 8 ਘੰਟੇ ਕੰਮ ਦੀ ਮੰਗ ਨੂੰ ਲੈ ਕੇ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ। 4 ਮਈ ਵਾਲੇ ਦਿਨ ਸ਼ਾਂਤਮਈ ਹੜਤਾਲ ਕਰ ਰਹੇ ਮਜ਼ਦੂਰਾਂ 'ਤੇ ਹਕੂਮਤ ਵੱਲੋਂ ਗੋਲੀਆਂ ਚਲਾ ਕੇ 4 ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਲੇ ਘਟਨਾਕ੍ਰਮ ਵਿੱਚ ਝੂਠੇ ਮੁਕੱਦਮੇ ਵਿੱਚ 5 ਮਜ਼ਦੂਰ ਆਗੂਆਂ 'ਚੋਂ ਚਾਰ ਨੂੰ 11 ਨਵੰਬਰ 1887 ਨੂੰ ਫਾਹੇ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਇਹਨਾਂ ਮਜ਼ਦੂਰ ਆਗੂਆਂ ਦੀ ਆਪਣੇ ਸਾਥੀਆਂ ਦੇ ਹੱਕਾਂ ਲਈ ਦਿੱਤੀ ਸ਼ਹਾਦਤ, ਦੁਨੀਆ ਭਰ ਦੇ ਮਜ਼ਦੂਰਾਂ, ਕਿਰਤੀਆਂ, ਮੁਲਾਜ਼ਮਾਂ ਨੂੰ ਇੱਕ ਮਈ ਵਾਲੇ ਦਿਨ ਇਕੱਠੇ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਦੁਨੀਆ ਭਰ ਦੇ ਕਿਰਤੀਆਂ, ਮਜ਼ਦੂਰਾਂ ਅਤੇ ਛੋਟੇ ਮੁਲਾਜ਼ਮਾਂ ਦੀ ਹਾਲਤ ਸਦੀਆਂ ਪਹਿਲਾਂ ਵੀ ਕੋਈ ਚੰਗੀ ਨਹੀਂ ਸੀ। ਤੇਜ਼ੀ ਨਾਲ ਵਿਕਾਸ ਕਰ ਰਹੀ ਅਜੋਕੀ ਦੁਨੀਆ ਵਿੱਚ ਕਿਰਤੀ ਲੋਕ ਮੰਦਹਾਲੀ ਵਾਲਾ ਜੀਵਨ ਗੁਜ਼ਾਰਨ ਲਈ ਮਜਬੂਰ ਹਨ। ਕੁਝ ਕੁ ਦੇਸ਼ ਹਨ, ਜਿੱਥੇ ਕਿਰਤ ਕਰਨ ਵਾਲੇ ਲੋਕਾਂ ਦਾ ਚੰਗਾ ਮਾਣ-ਸਤਿਕਾਰ ਹੈ ਅਤੇ ਉਹਨਾਂ ਨੂੰ ਉਜਰਤਾਂ ਵੀ ਉਹਨਾਂ ਦੀ ਮਿਹਨਤ ਅਨੁਸਾਰ ਮਿਲਦੀਆਂ ਹਨ। ਸਾਡੇ ਭਾਰਤ ਸਮੇਤ ਦੁਨੀਆਂ ਦੇ ਬਹੁਗਿਣਤੀ ਦੇਸ਼ ਹਨ, ਜਿੱਥੇ ਔਖੇ ਕੰਮ ਕਰਨ ਵਾਲਿਆਂ ਨੂੰ ਮਿਹਨਤਾਨਾ ਘੱਟ ਮਿਲਦਾ ਹੈ। ਮਹਾਨ ਕਿਰਤੀ ਲੋਕ ਜੋ ਖੇਤਾਂ ਵਿੱਚ ਜਾਨ ਤੋੜਦੇ ਹਨ, ਕਾਰਖਾਨਿਆਂ, ਫੈਕਟਰੀਆਂ, ਮਿੱਲਾਂ ਵਿੱਚ ਲਗਾਤਾਰ ਕਈ-ਕਈ ਘੰਟੇ ਕੰਮ ਕਰਦੇ ਹਨ, ਦੀ ਜ਼ਿੰਦਗੀ ਦਾ ਕੀਮਤੀ ਸਮਾਂ ਸਖ਼ਤ ਘਾਲਣਾ ਘਾਲਦਿਆਂ ਲੰਘ ਜਾਂਦਾ ਹੈ ਅਤੇ ਆਖਰੀ ਸਮੇਂ ਵੀ ਇਹਨਾਂ ਕਿਰਤੀਆਂ ਦੇ ਹੱਥ ਖਾਲੀ ਦੇ ਖਾਲੀ ਹੁੰਦੇ ਹਨ।

ਪਿਛਲੇ ਕੁਝ ਅਰਸੇ ਤੋਂ ਸਾਡੇ ਦੇਸ਼ ਵਿੱਚ ਕਿਰਤੀਆਂ, ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਾਲਤ ਲਗਾਤਾਰ ਬਦਤਰ ਹੋ ਰਹੀ ਹੈ। ਛੋਟੇ ਮੁਲਾਜ਼ਮ ਜਿਹਨਾਂ ਦੇ ਘਰਾਂ ਦਾ ਗੁਜ਼ਾਰਾ ਉਹਨਾਂ ਦੀਆਂ ਤਨਖਾਹਾਂ ਨਾਲ ਚੱਲਦਾ ਹੈ, ਦੀ ਔਲਾਦ ਲਈ ਰੋਜ਼ਗਾਰ ਦੇ ਦਰ ਲਗਭਗ ਬੰਦ ਹੋ ਗਏ ਹਨ। ਮੁਲਕ ਵਿੱਚ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ ਅਤੇ ਛੋਟੇ ਕਿਸਾਨ ਲਗਾਤਾਰ ਬੜੀ ਤੇਜ਼ੀ ਨਾਲ ਜ਼ਮੀਨਾਂ ਤੋਂ ਵਾਂਝੇ ਹੋ ਰਹੇ ਹਨ। ਕਰਜ਼ਿਆਂ ਦੇ ਬੋਝ ਹੇਠ ਆਏ ਆਤਮ ਹੱਤਿਆਵਾਂ ਕਰ ਰਹੇ ਹਨ। ਕਿਰਤੀਆਂ, ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਬਾਹਲਾ ਵਾਧਾ ਨਹੀਂ ਹੋਇਆ। ਹਾਲਾਤ ਇਹ ਹਨ ਕਿ ਕਿਰਤੀਆਂ ਵੱਲੋਂ ਪਰਵਾਰ ਸਮੇਤ ਮਿਹਨਤ ਕਰਨ ਦੇ ਬਾਵਜੂਦ ਦੋ ਡੰਗ ਦੀ ਰੋਟੀ ਦਾ ਜੁਗਾੜ ਵੀ ਬੜੀ ਮੁਸ਼ਕਲ ਨਾਲ ਹੁੰਦਾ ਹੈ। ਬੱਚਿਆਂ ਲਈ ਚੰਗੀ ਵਿੱਦਿਆ ਅਤੇ ਪਰਵਾਰ ਲਈ ਚੰਗੀਆਂ ਸਿਹਤ ਸਹੂਲਤਾਂ ਤਾਂ ਇਹਨਾਂ ਲਈ ਇੱਕ ਤਰ੍ਹਾਂ ਨਾਲ ਸੁਪਨਾ ਬਣ ਗਈਆਂ ਹਨ। ਅੱਜ ਤੋਂ ਢਾਈ-ਤਿੰਨ ਦਹਾਕੇ ਪਹਿਲਾਂ ਘੱਟ ਪੜ੍ਹੇ-ਲਿਖੇ ਲੋਕ ਵੀ ਸਰਕਾਰੀ ਨੌਕਰੀਆਂ 'ਤੇ ਰੱਖ ਲਏ ਜਾਂਦੇ ਸਨ। ਅੱਠਵੀਂ, ਦਸਵੀਂ ਅਤੇ ਬਾਰਵੀਂ ਤੱਕ ਪੜ੍ਹੇ ਨੌਜੁਆਨਾਂ ਨੂੰ ਬਿਜਲੀ ਬੋਰਡ, ਰੋਡਵੇਜ਼, ਨਹਿਰੀ ਵਿਭਾਗ, ਸੜਕਾਂ ਅਤੇ ਮੰਡੀਕਰਨ ਬੋਰਡ ਵਿੱਚ ਆਸਾਨੀ ਨਾਲ ਨੌਕਰੀ ਮਿਲ ਜਾਂਦੀ ਸੀ ਪਰ ਅੱਜ ਨਹੀਂ। ਅੱਜ ਪੀ ਐੱਚ ਡੀ, ਐੱਮ ਫਿਲ ਅਤੇ ਐੱਮ ਟੈੱਕ, ਐੱਮ ਐੱਸ ਸੀ ਪਾਸ ਨੌਜੁਆਨ ਚਪੜਾਸੀ ਦੀ ਨੌਕਰੀ ਕਰਨ ਲਈ ਤਿਆਰ ਹਨ, ਪਰ ਸਰਕਾਰਾਂ ਕੋਲ ਮੁਲਾਜ਼ਮ ਰੱਖਣ ਲਈ ਪੈਸਾ ਨਹੀਂ ਹੈ। ਉਂਝ ਪ੍ਰਚਾਰਿਆ ਇਹ ਜਾ ਰਿਹਾ ਹੈ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਿਕਾਸ ਹੋਇਆ ਹੈ ਅਤੇ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਅਰਸੇ ਤੋਂ ਸਰਕਾਰਾਂ ਜਿਸ ਅਖੌਤੀ ਵਿਕਾਸ ਦੇ ਏਜੰਡੇ ਨੂੰ ਅੱਗੇ ਵਧਾ ਰਹੀਆਂ ਹਨ, ਉਹ ਵਿਕਾਸ ਨਹੀਂ, ਬਲਕਿ ਆਮ ਲੋਕਾਂ ਲਈ ਉਹ ਵਿਨਾਸ਼ ਸਾਬਤ ਹੋ ਰਿਹਾ ਹੈ। ਇਸ ਅਖੌਤੀ ਵਿਕਾਸ ਮੰਤਰ ਨਾਲ ਸਟੇਟਾਂ ਲਗਾਤਾਰ ਕਰਜ਼ਾਈ ਹੋ ਰਹੀਆਂ ਹਨ। ਆਮ ਲੋਕ ਕਰਜ਼ਾਈ ਹੋ ਰਹੇ ਹਨ, ਮੰਦਹਾਲੀ ਵਧ ਰਹੀ ਹੈ। ਛੋਟੇ ਦੁਕਾਨਦਾਰ ਅਤੇ ਛੋਟੇ ਕਾਰੋਬਾਰੀਆਂ ਦਾ ਧੰਦਾ ਚੌਪਟ ਹੋ ਰਿਹਾ ਹੈ। ਬੇਰੁਜ਼ਗਾਰੀ ਬੜੀ ਵੱਡੀ ਸਮੱਸਿਆ ਬਣ ਕੇ ਉਭਰੀ ਹੈ। ਦੂਜੇ ਪਾਸੇ ਅਮੀਰ ਹੋਰ ਅਮੀਰ ਹੋਏ ਹਨ। ਕਾਰਪੋਰੇਸ਼ਨਾਂ ਦੀ ਦਲਾਲੀ ਕਰਨ ਵਾਲੇ ਰਾਜਸੀ ਨੇਤਾਵਾਂ ਦੀਆਂ ਜਾਇਦਾਦਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਘੁਟਾਲੇ, ਸਕੈਂਡਲ, ਜੋ ਪਹਿਲਾਂ ਲੱਖਾਂ ਦੇ ਹੁੰਦੇ ਹਨ, ਉਹ ਹੁਣ ਹਜ਼ਾਰਾਂ ਕਰੋੜਾਂ ਅਤੇ ਲੱਖਾਂ ਕਰੋੜਾਂ ਵਿੱਚ ਹੁੰਦੇ ਹਨ। ਇਸ ਸਾਰੇ ਵਰਤਾਰੇ ਦਾ ਨਤੀਜਾ ਇਹ ਹੋਇਆ ਹੈ ਕਿ ਮੁਲਕ ਵਿੱਚ ਪੜ੍ਹੇ-ਲਿਖੇ ਨੌਜੁਆਨ, ਜਿਹਨਾਂ ਨੂੰ ਸਰਕਾਰ ਨੇ ਸਹੀ ਉਜਰਤਾਂ 'ਤੇ ਨੌਕਰੀਆਂ ਦੇਣੀਆਂ ਸਨ, ਉਹ ਪ੍ਰਾਈਵੇਟ ਕੰਪਨੀਆਂ ਦੇ ਕਰਿੰਦੇ ਬਣ ਕੇ ਰਹਿ ਗਏ ਹਨ। ਨੌਜੁਆਨਾਂ ਦੇ ਹੁਨਰ ਅਤੇ ਕਿਰਤ ਸ਼ਕਤੀ ਨੂੰ ਵਰਤ ਕੇ ਜਿੱਥੇ ਸਟੇਟ ਨੂੰ ਅਮੀਰ ਬਣਾਇਆ ਜਾਣਾ ਸੀ, ਉੱਥੇ ਮੁਲਕ ਵਿੱਚ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਗਏ ਹਨ ਕਿ ਨੌਜੁਆਨ ਅੱਜ ਧਨਾਢ ਕਾਰਪੋਰੇਟ ਕੰਪਨੀਆਂ ਦੇ ਕਰਿੰਦੇ ਬਣ ਕੇ 5 ਤੋਂ 10 ਹਜ਼ਾਰ ਮਾਸਿਕ ਤਨਖਾਹ ਵਿੱਚ ਕੰਮ ਕਰਨ ਲਈ ਮਜਬੂਰ ਹੋ ਗਏ ਹਨ।

ਇਸ ਸਥਿਤੀ ਦਾ ਇੱਕ ਦੂਜਾ ਪੱਖ ਇਹ ਹੈ ਕਾਰਪੋਰੇਟ ਅਦਾਰਿਆਂ, ਨਿੱਜੀ ਬੈਂਕਾਂ ਕੋਲ ਏਨਾ ਜ਼ਿਆਦਾ ਸਰਮਾਇਆ ਇਕੱਠਾ ਹੋ ਗਿਆ ਹੈ ਕਿ ਉਹ ਹੁਣ ਸਭ ਤਰ੍ਹਾਂ ਦੇ ਕੁਦਰਤੀ ਵਸੀਲਿਆਂ 'ਤੇ ਕਬਜ਼ਾ ਕਰਨ ਲਈ ਦੀ ਕੋਸ਼ਿਸ਼ ਵਿੱਚ ਹਨ। ਜੰਗਲਾਂ,ਪਹਾੜਾਂ, ਸਮੁੰਦਰੀ ਕੰਢਿਆਂ, ਖਣਿਜ ਪਦਾਰਥਾਂ ਦੀਆਂ ਖਾਣਾਂ, ਪਾਣੀਆਂ ਅਤੇ ਹੁਣ ਵਾਹੀਯੋਗ ਜ਼ਮੀਨਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਬੇਤਾਬ ਹਨ। ਵਿਗਿਆਨਕ ਤਕਨੀਕ ਬਗੈਰ ਅੱਜ ਮਨੁੱਖ ਦਾ ਗੁਜ਼ਾਰਾ ਨਹੀਂ। ਵਿਗਿਆਨਕ ਤਕਨੀਕ ਅਤੇ ਮਸ਼ੀਨੀਕਰਨ ਦੇ ਵਿਕਾਸ ਦਾ ਫਾਇਦਾ ਹਰ ਵਰਗ ਦੇ ਲੋਕਾਂ ਨੂੰ ਹੋਣਾ ਚਾਹੀਦਾ ਹੈ, ਪਰ ਧਨਾਢ ਠੇਕੇਦਾਰਾਂ ਦੇ ਹੱਥ ਵਿੱਚ ਆਈ ਨਵੀਂ ਟੈਕਨੀਕ ਨੇ ਅੱਜ ਮਜ਼ਦੂਰ ਕਾਮਿਆਂ ਲਈ ਬੜੀ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਹੈ। ਅੱਜ ਜਿੱਥੇ ਵਿਗਿਆਨਕ ਟੈਕਨੀਕ ਦੀ ਵਰਤੋਂ ਨਾਲ ਕੁਦਰਤੀ ਖਣਿਜ ਕੱਢ ਕੇ ਕੁਦਰਤੀ ਵਾਤਾਵਰਨ ਨੂੰ ਤੇਜ਼ੀ ਨਾਲ ਬਰਬਾਦ ਕੀਤਾ ਜਾ ਰਿਹਾ ਹੈ, ਉੱਥੇ ਇਸ ਤਕਨੀਕ ਦੀ ਵਰਤੋਂ ਕਰਕੇ ਧਨਾਢ ਕਾਰਪੋਰੇਟ ਕੰਪਨੀਆਂ ਮਾਲਾਮਾਲ ਹੋ ਰਹੀਆਂ ਹਨ। ਇਹ ਇੱਕ ਅਜਿਹੀ ਸਥਿਤੀ ਹੈ, ਜਿਸ ਨਾਲ ਕਿਰਤੀ, ਕਾਮੇ ਮਜ਼ਦੂਰ ਰੋਜ਼ਗਾਰ ਤੋਂ ਵਾਂਝੇ ਹੋ ਰਹੇ ਹਨ। ਇਹਨਾਂ ਲੋਕਾਂ ਦੀ ਹਾਲਤ ਦਿਨੋ-ਦਿਨ ਪਤਲੀ ਪੈ ਰਹੀ ਹੈ। ਇਹ ਵਿਸ਼ਾ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ।

ਦੁਨੀਆ ਵਿੱਚ ਹੁਣ ਤੱਕ ਦਾ ਜੋ ਵੀ ਵਿਕਾਸ ਹੋਇਆ, ਉਹਦਾ ਸਿਹਰਾ ਵਿਗਿਆਨ ਦੇ ਸਿਰ ਬੱਝਦਾ ਹੈ, ਇਹਦੇ ਵਿੱਚ ਕੋਈ ਸ਼ੱਕ ਨਹੀਂ, ਪਰ ਦੁਨੀਆਂ ਵਿੱਚ ਵਿਗਿਆਨ ਦੀ ਤਕਨੀਕ ਨੂੰ ਸਰਅੰਜ਼ਾਮ ਤੱਕ ਪਹੁੰਚਾਉਣ ਵਾਲੇ ਮਹਾਨ ਕਿਰਤੀ ਲੋਕ ਹਨ। ਸਾਡੇ ਆਲੇ ਦੁਆਲੇ ਉਸਰਦੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ, ਪੁਲ, ਫਲਾਈ ਓਵਰ, ਬਜ਼ਾਰ, ਸੜਕਾਂ, ਡੈਮ, ਵੱਡੀਆਂ-ਵੱਡੀਆਂ ਬਹੁਮੰਜ਼ਲੀਆਂ ਇਮਾਰਤਾਂ ਦੀ ਉਸਾਰੀ ਇਹਨਾਂ ਕਿਰਤੀ ਲੋਕਾਂ ਦੀ ਬਦੌਲਤ ਸੰਭਵ ਹੁੰਦੀ ਹੈ। ਸਾਡੇ ਆਲੇ ਦੁਆਲੇ ਜੋ ਵੀ ਕੁਝ ਅੱਜ ਉਸਰਿਆ ਨਜ਼ਰ ਆਉਂਦਾ ਹੈ, ਇਹਦੇ ਪਿੱਛੇ ਇਹਨਾਂ ਮਹਾਨ ਕਿਰਤੀਆਂ ਦੀਆਂ ਜ਼ਿੰਦਗੀਆਂ ਲੱਗੀਆਂ ਹਨ, ਲਹੂ-ਪਸੀਨੇ ਡੁੱਲ੍ਹੇ ਹਨ। ਸੋਚੋ ਜੇਕਰ ਕੁਝ ਲੋਕਾਂ ਕੋਲ ਲੱਖਾਂ ਰੁਪਏ ਹੁੰਦੇ, ਪਰ ਕੋਈ ਕੰਮ ਕਰਨ ਨੂੰ ਤਿਆਰ ਨਾ ਹੁੰਦਾ ਤਾਂ ਕੀ ਅਸੀਂ ਇਸ ਦੁਨੀਆਂ ਨੂੰ ਇਸ ਤਰ੍ਹਾਂ ਬਣਾ ਲੈਂਦੇ ? ਹਰਗਜ਼ ਨਹੀ, ਇੱਕ ਛੋਟੇ ਤੋਂ ਛੋਟੇ ਕਮਰੇ ਤੋਂ ਲੈ ਕੇ ਵੱਡੀਆਂ-ਵੱਡੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਦੀ ਉਸਾਰੀ ਕਿਰਤੀ ਹੱਥਾਂ ਦੀ ਤਾਕਤ ਨਾਲ ਸੰਭਵ ਹੋ ਸਕੀ। ਸਰਦੀ-ਗਰਮੀ, ਦਿਨ-ਰਾਤ ਇੱਥੋਂ ਤੱਕ ਕਿ ਬਿਮਾਰੀਆਂ ਦੀ ਪ੍ਰਵਾਹ ਕੀਤੇ ਬਗੈਰ ਇਹਨਾਂ ਲੋਕਾਂ ਨੂੰ ਹਰ ਹਾਲਤ ਵਿੱਚ ਕੰਮ ਕਰਨਾ ਪੈਂਦਾ ਹੈ। ਕਾਰਨ ਇਹ ਕਿ ਇਹਨਾਂ ਲੋਕਾਂ ਦੀ

(• ਬਾਕੀ ਸਫ਼ਾ 4 'ਤੇ)





# ਬੁੱਢਾ ਦਰਿਆ ਸੀਵਰੇਜ ਟ੍ਰੀਟਮੈਂਟ ਪਲਾਂਟ ਨੂੰ ਰੰਗਾਈ ਇੰਡਸਟਰੀ ਦੇ ਗੰਦੇ ਪਾਣੀ ਤੋਂ ਵੱਡਾ ਖ਼ਤਰਾ : ਚੰਦਬਾਜਾ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**

ਪਿੰਡ ਚੰਦਬਾਜਾ ਵਿਖੇ ਵਾਤਾਵਰਣ ਪ੍ਰੇਮੀਆਂ ਦੀ ਹੋਈ ਵਿਸ਼ੇਸ਼ ਮਿਲਣੀ ਵਿੱਚ ਲੁਧਿਆਣਾ 'ਚ ਬੁੱਢੇ ਦਰਿਆ ਦੀ ਪੁਨਰਸੁਰਜੀਤੀ ਤਹਿਤ ਬਣ ਰਹੇ 650 ਕਰੋੜ ਰੁਪਏ ਦੇ ਜਮਾਲਪੁਰ ਸੀਵਰੇਜ ਟਰੀਟਮੈਂਟ ਪਲਾਂਟ ਨੂੰ ਇੰਡਸਟਰੀ ਦੇ ਗੰਦੇ ਪਾਣੀ ਕਰਕੇ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰਾਂ ਹੋਈਆਂ। ਇਹ ਪਲਾਂਟ ਲੰਬੀ ਜੱਦੋ-ਜਹਿਦ ਤੋਂ ਬਾਅਦ ਬਣ ਕੇ ਤਿਆਰ ਹੋਇਆ ਹੈ, ਜਿਸ 'ਚ ਡਾਇੰਗ ਇੰਡਸਟਰੀ ਦੇ ਗੰਦੇ ਪਾਣੀ ਦੇ ਆਉਣ ਕਰਕੇ ਵੱਡਾ ਵਿਵਾਦ ਚੱਲ ਰਿਹਾ ਹੈ।



ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਪ੍ਰਧਾਨ ਅਤੇ ਕਨਵੀਨਰ ਨਰੋਆ ਪੰਜਾਬ ਮੰਚ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਕਿਹਾ ਕਿ ਵਾਤਾਵਰਣ ਪ੍ਰੇਮੀਆਂ ਦੇ ਸਾਲਾਂਬੱਧੀ ਸੰਘਰਸ਼ ਤੋਂ ਬਾਅਦ 650 ਕਰੋੜ ਰੁਪਏ ਦੀ ਲਾਗਤ ਵਾਲਾ ਉਕਤ ਪਲਾਂਟ ਹੋਂਦ 'ਚ ਆਇਆ ਹੈ ਤੇ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਦਾ ਉਦਘਾਟਨ ਕੀਤਾ ਹੈ। ਇਸ ਪਲਾਂਟ ਦਾ ਸਹੀ ਤਰੀਕੇ ਚੱਲਣਾ ਅਤਿ ਜ਼ਰੂਰੀ ਹੈ, ਕਿਉਂਕਿ ਦੱਖਣੀ ਪੰਜਾਬ ਦਾ ਇਲਾਕਾ ਇਸ ਪਾਣੀ ਦੀ ਪੀਣ ਲਈ ਵਰਤੋਂ ਕਰਦਾ ਹੈ ਅਤੇ ਉਸ 'ਚ ਜ਼ਹਿਰੀਲੇ ਪਾਣੀ ਨੂੰ ਰੋਕੇ ਜਾਣ ਦੀ ਲੜਾਈ ਨੂੰ ਸਹੀ ਦਿਸ਼ਾ 'ਚ ਅੱਗੇ ਵਧਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਹਾਲ ਦੇ ਦਿਨਾਂ 'ਚ ਪ੍ਰਸ਼ਾਸਨ ਵੱਲੋਂ ਕੀਤੀ ਗਈ ਸਖਤੀ ਦੀ ਸ਼ਲਾਘਾ ਕਰਦਿਆਂ ਇੰਡਸਟਰੀ ਨੂੰ ਇਸ ਸਾਂਝੇ ਕੰਮ 'ਚ ਸਰਕਾਰ ਦਾ ਸਾਥ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਨਵੇਂ ਬਣੇ ਜਮਾਲਪੁਰ ਟ੍ਰੀਟਮੈਂਟ ਪਲਾਂਟ ਨੂੰ ਪਿਛਲੇ ਪਲਾਂਟ ਵਾਂਗ ਰਸਾਇਣਿਕ ਤੇ ਤੇਜ਼ਾਬੀ ਪਾਣੀ ਕਰਕੇ ਖਰਾਬ ਨਹੀਂ ਹੋਣ ਦਿੱਤਾ ਜਾ ਸਕਦਾ, ਕਿਉਂਕਿ ਇਹ ਬੁੱਢੇ ਦਰਿਆ ਦੀ ਮੁੜ ਸੁਰਜੀਤੀ ਦਾ ਸਭ ਤੋਂ ਅਹਿਮ ਹਿੱਸਾ ਹੈ ਤੇ ਦੱਖਣੀ ਪੰਜਾਬ ਨੂੰ ਵਧ ਰਹੇ ਕੈਂਸਰ ਵਰਗੇ ਭਿਆਨਕ ਰੋਗਾਂ ਤੋਂ ਬਚਾਉਣ ਲਈ ਇਸ ਦਾ ਸਹੀ ਕੰਮ ਕਰਨਾ ਬਹੁਤ ਜ਼ਰੂਰੀ ਹੈ। ਨਰੋਆ ਪੰਜਾਬ ਮੰਚ ਦੇ ਆਗੂ ਇੰਜਨੀਅਰ ਜਸਕੀਰਤ ਸਿੰਘ ਲੁਧਿਆਣਾ ਨੇ ਕਿਹਾ ਕਿ ਜਮਾਲਪੁਰ ਪਲਾਂਟ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਬਣਿਆ ਹੈ ਤੇ ਇਸ 'ਚ ਇੰਡਸਟਰੀ ਦਾ ਗੰਦਾ ਪਾਣੀ ਪਾਉਣਾ ਲੋਕਾਂ ਨਾਲ ਧੋਖਾ ਹੈ। ਉਨ੍ਹਾਂ ਦੱਸਿਆ ਕਿ ਉਹਨਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਸਾਲ 2020 ਦੇ ਟੈਂਡਰ 'ਚ 2 ਕਰੋੜ ਲੀਟਰ ਇੰਡਸਟਰੀ ਦੇ ਪਾਣੀ ਨੂੰ ਇਸ ਪਲਾਂਟ 'ਚ ਭੇਜਣ ਦੀ ਚੋਰ ਮੋਰੀ ਅਫਸਰਾਂ ਵਲੋਂ ਇਹ ਕਹਿ ਕੇ ਰੱਖ ਲਈ ਗਈ ਕਿ ਇਹ ਸਿਰਫ਼ ਚੋਰੀ ਚੋਰੀ ਸੀਵਰੇਜ 'ਚ ਇੰਡਸਟਰੀ ਵਲੋਂ ਗੰਦਾ ਪਾਣੀ ਪਾਏ ਜਾਣ ਸਬੰਧੀ ਹੈ ਤਾਂ ਜੁ ਠੇਕੇਦਾਰ ਇਹ ਬਹਾਨਾ ਨਾ ਬਣਾ ਸਕੇ ਕਿ ਪਲਾਂਟ ਇੰਡਸਟਰੀ ਦੇ ਪਾਣੀ ਕਰਕੇ ਖਰਾਬ ਹੋਇਆ ਹੈ, ਪਰ ਹੁਣ ਜਦ ਲਗਾਤਾਰ ਇਸ ਪਲਾਂਟ ਵਿੱਚ ਡਾਇੰਗ ਇੰਡਸਟਰੀ ਦਾ ਅਣਸੋਧਿਆ ਪਾਣੀ ਆ ਰਿਹਾ ਹੈ, ਜੋ ਵੱਡੀ ਮਾਤਰਾ 'ਚ ਜਾਲੀਆਂ 'ਚ ਫਸ ਰਹੇ ਧਾਗਿਆਂ ਤੇ ਪਾਣੀ ਦੇ ਰੰਗ ਤੋਂ ਜ਼ਾਹਰ ਹੈ ਤਾਂ ਸਰਕਾਰ ਇਸ ਚੋਰੀ ਨੂੰ ਰੋਕਣ 'ਚ ਨਾਕਾਮਯਾਬ ਹੋ ਰਹੀ ਹੈ? ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇੰਡਸਟਰੀ ਦੇ ਆਪਣੇ ਈ.ਟੀ.ਪੀ. ਲੱਗੇ ਹੋਣ ਦੇ ਇੰਡਸਟਰੀ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਾਅਵੇ ਕਿੰਨੇ ਖੋਖਲੇ ਹਨ ਕਿ ਉਹ ਆਪਣੇ ਧਾਗੇ ਤੱਕ ਰੋਕ ਨਹੀਂ ਪਾ ਰਹੇ। ਬੁੱਢਾ ਦਰਿਆ ਟਾਸਕ ਫੋਰਸ ਦੇ ਕਰਨਲ ਜਸਜੀਤ ਸਿੰਘ ਗਿੱਲ ਨੇ ਪਿਛਲੇ ਦਿਨੀਂ ਪਲਾਂਟ ਨੂੰ ਬਚਾਉਣ ਲਈ ਇੱਕ ਉੱਚ ਪੱਧਰੀ ਆਡਿਟ ਕਮੇਟੀ ਦੀ ਮੰਗ ਕੀਤੀ ਸੀ।

ਵਾਤਾਵਰਣ ਪ੍ਰੇਮੀਆਂ ਵੱਲੋਂ ਪੁਰਜ਼ੋਰ ਸਮਰਥਨ ਕਰਦਿਆਂ ਇਹ ਮਤਾ ਪਾਸ ਕੀਤਾ ਗਿਆ ਕਿ ਸਰਕਾਰ ਇਸ ਲਈ ਵਿਸ਼ੇਸ਼ ਕਮੇਟੀ ਬਣਾਵੇ, ਜਿਸ 'ਚ ਸੁਤੰਤਰ ਮਾਹਿਰ ਹੋਣ ਜੋ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਬਾਹਰ ਦੇ ਹੋਣੇ ਚਾਹੀਦੇ ਹਨ ਤੇ ਉਹ ਇਸ ਪਲਾਂਟ 'ਚ ਚੋਰੀ ਚੋਰੀ ਆ ਰਹੇ ਇੰਡਸਟਰੀ ਦੇ ਪਾਣੀ ਬਾਰੇ ਘੋਖ ਅਤੇ ਪੜਤਾਲ ਕਰਕੇ ਉਸ ਨੂੰ ਬੰਦ ਕਰਵਾਉਣ ਦੇ ਤਰੀਕੇ ਬਾਰੇ ਸਰਕਾਰ ਨੂੰ ਸਹੀ ਮਸ਼ਵਰਾ ਦੇਣ। ਮੀਟਿੰਗ 'ਚ ਡਾ. ਗੁਰਚਰਨ ਸਿੰਘ ਨੂਰਪੁਰ, ਮਹਿੰਦਰਪਾਲ ਲੂੰਬਾ, ਗੁਰਸੇਵਕ ਸਿੰਘ ਸਨਿਆਸੀ, ਗੁਰਪ੍ਰੀਤ ਸਿੰਘ ਰਾਮਪੁਰਾ, ਮੱਘਰ ਸਿੰਘ ਫ਼ਰੀਦਕੋਟ, ਗੁਰਭੇਜ ਸਿੰਘ ਚੌਹਾਨ, ਗੁਰਿੰਦਰ ਸਿੰਘ ਮਹਿੰਦੀਰੱਤਾ, ਸੁਖਵਿੰਦਰ ਸਿੰਘ ਬੱਬੂ, ਗੁਰਪ੍ਰੀਤ ਸਿੰਘ ਮਾਨ ਮੌੜ, ਗੁਰਦੀਪ ਸਿੰਘ ਮੈਨੇਜਰ, ਡਾ. ਗੁਰਿੰਦਰਮੋਹਨ ਸਿੰਘ, ਮੁਖਤਿਆਰ ਸਿੰਘ ਸਨੇਰ, ਵਕੀਲ ਖੁਸ਼ਦੀਪ ਸਿੰਘ ਸਰਾਂ ਡੱਬਵਾਲੀ, ਹਰਵਿੰਦਰ ਸਿੰਘ ਮਰਵਾਹਾ, ਜਸਪ੍ਰੀਤ ਸਿੰਘ, ਹਰਪ੍ਰੀਤ ਸਿੰਘ ਲੁਧਿਆਣਾ, ਗੁਰਮੀਤ ਸਿੰਘ ਸੰਧੂ, ਅਰੁਣਜੀਤ ਸਿੰਘ ਨਰੂਲਾ, ਸੁਖਵਿੰਦਰ ਸਿੰਘ ਗੁੱਡੂ ਧੂਰੀ, ਗੁਰਪ੍ਰੇਮ ਸਿੰਘ ਡੱਬਵਾਲੀ, ਮਨਦੀਪ ਸਿੰਘ ਫਰੀਦਕੋਟ ਤੇ ਸਿਮਰਨੂਰ ਸਿੰਘ ਆਦਿ ਵੀ ਹਾਜ਼ਰ ਸਨ।

# ਡਾ. ਅਰੋੜਾ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਜਥੇਬੰਦੀ ਦਾ ਕੈਲੰਡਰ ਕੀਤਾ ਰਿਲੀਜ਼

**ਮੋਗਾ (ਅਮਰਜੀਤ ਬੱਬਰੀ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ. 295 ਪੰਜਾਬ ਜ਼ਿਲ੍ਹਾ ਮੋਗਾ ਬਲਾਕ ਸਿਟੀ ਵੱਲੋਂ ਜਥੇਬੰਦੀ ਦਾ ਕੈਲੰਡਰ ਰਿਲੀਜ਼ ਸਮਰੋਹ ਬਲਾਕ ਸਿਟੀ ਮੋਗਾ ਦੇ ਪ੍ਰਧਾਨ ਡਾ. ਦਰਸ਼ਨ ਲਾਲ ਦੀ ਅਗਵਾਈ ਹੇਠ ਕਰਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਜਸਵੀਰ ਸਿੰਘ ਸਹਿਗਲ, ਜ਼ਿਲ੍ਹਾ ਚੇਅਰਮੈਨ ਡਾ. ਬਲਦੇਵ ਸਿੰਘ ਧੂੜਕੋਟ, ਜ਼ਿਲ੍ਹਾ ਲੇਡੀਜ਼ ਵਿੰਗ ਦੇ ਪ੍ਰਧਾਨ ਡਾ. ਕੁਲਵਿੰਦਰ ਕੌਰ ਨੇ ਹਾਜ਼ਰੀ ਲਵਾਈ।



ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਕੈਲੰਡਰ ਰਿਲੀਜ਼ ਕਰਨ ਸਮੇਂ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨਾਲ ਯੂਨੀਅਨ ਆਗੂ।

ਸਮਾਰੋਹ ਦੇ ਮੁੱਖ ਮਹਿਮਾਨ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਜਥੇਬੰਦੀ ਦਾ ਕੈਲੰਡਰ ਰਿਲੀਜ਼ ਕੀਤਾ। ਸਮਾਗਮ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਜਸਵੀਰ ਸਿੰਘ, ਜ਼ਿਲ੍ਹਾ ਚੇਅਰਮੈਨ ਡਾ. ਬਲਦੇਵ ਸਿੰਘ ਧੂੜਕੋਟ ਦੀ ਅਗਵਾਈ ਹੇਠ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਯੂਨੀਅਨ ਦੀਆਂ ਮੰਗਾਂ ਬਾਰੇ ਜਾਣੂ ਕਰਾਇਆ ਗਿਆ ਤੇ ਮੰਗ ਕੀਤੀ ਗਈ ਕਿ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਦੀ ਅਗਵਾਈ ਹੇਠ ਸੂਬਾ ਕਮੇਟੀ ਦੀ ਮੀਟਿੰਗ ਸਿਹਤ ਮੰਤਰੀ ਬਲਵੀਰ ਸਿੰਘ ਨਾਲ ਮੀਟਿੰਗ ਕਰਾਈ ਜਾਵੇ ਤੇ ਆਉਣ ਵਾਲੇ ਸੈਸ਼ਨ ਵਿੱਚ ਸਾਡੀ ਮੰਗ ਨੂੰ ਪਹਿਲ ਦੇ ਆਧਾਰ 'ਤੇ ਸਰਕਾਰ ਕੋਲ ਰੱਖਿਆ ਜਾਵੇ ਤਾਂ ਜੁ ਪਿੰਡਾਂ ਅਤੇ ਸ਼ਹਿਰਾਂ ਦੀਆਂ ਗਰੀਬ ਬਸਤੀਆਂ ਵਿੱਚ ਸਸਤੀਆਂ ਸਿਹਤ ਸੇਵਾਵਾਂ ਦੇ ਰਹੇ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਰਜਿਸਟਰਡ ਕੀਤਾ ਜਾਵੇ।

ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਮੈਂ ਆਪ ਜੀ ਦੀਆਂ ਮੰਗਾਂ ਬਾਰੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਸਿਹਤ ਮੰਤਰੀ ਬਲਵੀਰ ਸਿੰਘ ਨੂੰ ਜਾਣੂ ਕਰਵਾਂਗੀ। ਇਸ ਮੌਕੇ ਡਾ. ਜਗਜੀਤ ਸਿੰਘ ਬਲਾਕ ਚੇਅਰਮੈਨ, ਡਾ. ਸਵਰਨ ਸਿੰਘ ਜਰਨਲ ਸਕੱਤਰ, ਡਾ. ਸੱਤਪਾਲ ਮੋਰੀਆਂ ਸਹਾਇਕ ਜਰਨਲ ਸਕੱਤਰ, ਡਾ. ਮਹਿੰਦਰਪਾਲ ਸਿੰਘ ਸਹਾਇਕ ਕੈਸ਼ੀਅਰ, ਡਾ. ਰਕੇਸ਼ ਕੁਮਾਰ ਹੱਲਣ ਵਾਈਸ ਪ੍ਰਧਾਨ, ਡਾ. ਬਲਜੀਤ ਸਿੰਘ ਪ੍ਰੈਸ ਸਕੱਤਰ, ਡਾ. ਸੱਤਪਾਲ ਸਲਾਹਕਾਰ, ਡਾ. ਅਨੁਪਾਲ ਕੌਰ, ਡਾ. ਬਿੰਦਰਪਾਲ ਕੌਰ, ਡਾ. ਗੁਰਪ੍ਰੀਤ ਕੌਰ ਸੀਨੀਅਰ ਤਾਲਮੇਲ ਕਮੇਟੀ ਤੇ ਮੈਂਬਰ ਡਾ. ਸਾਥੀ ਦਿਲਬਾਗ ਸਿੰਘ, ਹਰਸ਼ਦੀਪ, ਜਗਸੀਰ ਸਿੰਘ ਸਿੰਘਾਂ ਵਾਲਾ, ਨਰਿੰਦਰ ਸਿੰਘ, ਜਗਸੀਰ ਸਿੰਘ ਸਿੱਧੂ, ਪਵਨ ਕੁਮਾਰ ਗਾਬਾ, ਰਾਮ ਗੋਪਾਲ ਹਾਜ਼ਰ ਸਨ।

## ਕਾਤਰਾਂ

### 18ਵਾਂ ਭੰਡਾਰਾ 28 ਜੂਨ ਤੋਂ ਸ਼ੁਰੂ



**ਜੈਤੋ (ਸਤੀਸ਼ ਕੁਮਾਰ ਭੀਰੀ)**-ਪਿਛਲੇ ਲਗਭਗ 18 ਸਾਲਾਂ ਤੋਂ ਉੱਤਰਾਖੰਡ ਦੇ ਮਨੇਰੀ ਵਿਖੇ ਕਾਂਵੜੀਆਂ ਲਈ ਭੰਡਾਰੇ ਦਾ ਆਯੋਜਨ ਸ੍ਰੀ ਕੈਲਾਸ਼ਪਤੀ ਲੰਗਰ ਕਮੇਟੀ ਵੱਲੋਂ ਲਗਾਤਾਰ ਕੀਤਾ ਜਾ ਰਿਹਾ ਹੈ। ਲੰਗਰ ਕਮੇਟੀ ਦੇ ਲਵਲੀਨ ਕੋਚਰ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਬੰਬ ਕਾਂਵੜ ਸੰਘ ਦੇ ਸਾਥ ਨਾਲ ਗੰਗੋਤਰੀ ਤੋਂ ਗੰਗਾ ਜਲ ਲੈ ਕੇ ਆਉਣ ਵਾਲੇ ਭੋਲੇ ਦੇ ਭਗਤਾਂ ਭਾਵ ਕਾਂਵੜੀਆਂ ਵਾਸਤੇ 15 ਦਿਨਾਂ ਲਈ ਉਤਰਾਖੰਡ ਦੇ ਹੀ ਮਨੇਰੀ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਭੋਜਨ ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਲਈ ਕਾਂਵੜ ਸੰਘ ਇਲਾਕੇ ਦੀਆਂ ਧਾਰਮਿਕ ਸੰਸਥਾਵਾਂ ਤੇ ਦਾਨੀ ਸੱਜਣਾਂ ਵੱਲੋਂ ਵਧ ਚੜ੍ਹਕੇ ਸਹਿਯੋਗ ਕੀਤਾ ਜਾਂਦਾ ਹੈ। ਕੋਚਰ ਨੇ ਅੱਗੇ ਦੱਸਿਆ ਕਿ ਇਸ ਵਾਰ ਉਨ੍ਹਾਂ ਦੀ ਸੰਸਥਾ ਵੱਲੋਂ ਕਾਂਵੜ ਯਾਤਰੀਆਂ ਦੀ ਸੁਵਿਧਾ ਲਈ ਸ੍ਰੀ ਕੇਦਾਰਨਾਥ ਦੇ ਜੰਗਲਾਂ ਵਿੱਚ ਸਥਿਤ ਗੋਟੂ ਪਿੰਡ ਵਿੱਚ ਵੀ ਪੰਜ ਦਿਨਾਂ ਲਈ ਭੰਡਾਰੇ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਨਾਲ ਸੰਸਥਾ ਦੇ ਸਰਪ੍ਰਸਤ ਸੰਜੀਵ ਬਾਂਸਲ ਬੱਬੂ, ਚੇਅਰਮੈਨ ਪੰਨਾ ਲਾਲ ਜੈਨ, ਸਕੱਤਰ ਰਾਕੇਸ਼ ਜਿੰਦਲ ਤੇ ਖ਼ਜ਼ਾਨਚੀ ਪਵਨ ਗੰਗਾ ਵਾਲੇ ਹਾਜ਼ਰ ਸਨ।

### ਆਂਚਲ ਨੇ 600 'ਚੋਂ ਲਏ 572 ਅੰਕ



**ਮੂਣਕ (ਰਾਜਪਾਲ ਸਿੰਗਲਾ)**-ਪਿੰਡ ਬੁਸੈਹਿਰਾ ਵਿਖੇ ਮਦਰ ਟਰੇਸਾ ਪਬਲਿਕ ਸਕੂਲ ਵਿੱਚ ਅੱਠਵੀਂ ਸ਼੍ਰੇਣੀ ਦੇ ਬੱਚੇ ਨੇ 95 ਪ੍ਰਤੀਸ਼ਤ ਨੰਬਰ ਹਾਸਲ ਕਰਕੇ ਪਿੰਡ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੇ ਚੇਅਰਮੈਨ ਜਸਵੰਤ ਰਾਏ ਗੋਇਲ ਨੇ ਕਿਹਾ ਕਿ ਸਕੂਲ ਦੇ ਮਿਹਨਤੀ ਸਟਾਫ ਦੀ ਬਦੌਲਤ ਅੱਠਵੀਂ ਕਲਾਸ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ, ਜਿਸ ਵਿੱਚ ਵਿਦਿਆਰਥਣ ਆਂਚਲ ਪੁੱਤਰੀ ਸੁਖਵਿੰਦਰ ਸਿੰਘ ਵਾਸੀ ਬੁਸੈਹਿਰਾ ਨੇ 600 ਨੰਬਰਾਂ ਵਿੱਚੋਂ 572 ਨੰਬਰ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸੀ ਤਰ੍ਹਾਂ ਵਿਦਿਆਰਥਣ ਜਸਪ੍ਰੀਤ ਕੌਰ ਪੁਤਰੀ ਸਿਆਮਾ ਸਿੰਘ ਵਾਸੀ ਬੰਗਾ ਨੇ 554 ਨੰਬਰ ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਲੜੀ ਦੇ ਅਨੁਸਾਰ ਅਮਰਿੰਦਰ ਸਿੰਘ ਪੁੱਤਰ ਜਗਪਾਲ ਸਿੰਘ ਵਾਸੀ ਰਾਜਲਹੇੜੀ ਨੇ 545 ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤੀ।

### ਹਰਜਸ ਪਬਲਿਕ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨਿਆ 8ਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥਣ ਸੁਖਦੀਪ ਕੌਰ ਨੇ 600 'ਚੋਂ 567 ਅੰਕ ਲੈ ਕੇ ਪਹਿਲਾ, ਗੁਰਲੀਨਜੋਤ ਨੇ 556 ਅੰਕ ਲੈ ਕੇ ਦੂਜਾ ਤੇ ਸਿਮਰਨਜੋਤ ਕੌਰ ਨੇ 553 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਬੰਧਕ ਪਰਮਜੀਤ ਸਿੰਘ ਵਲੋਂ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਤ ਕੀਤਾ। ਉਨ੍ਹਾਂ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੰਦਿਆਂ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਵੰਦਨਾ ਪਰਿਹਾਰ, ਕੁਆਰਡੀਨੇਟਰ ਸਤੀਸ਼ ਕੁਮਾਰ, ਨਵਨੀਤ ਕੌਰ, ਰਾਜਵਿੰਦਰ ਕੌਰ, ਰਾਜਵੰਤ ਕੌਰ, ਰਾਕੇਸ਼ ਰਾਣੀ, ਸੰਸਾਰਦੀਪ ਕੌਰ, ਗੁਰਮੀਤ ਕੌਰ, ਸੁਰਜੀਤ ਸਿੰਘ, ਸੁਖਦੇਵ ਸਿੰਘ, ਨਵੀਨ ਕੁਮਾਰ, ਸੁਮਨ ਸ਼ਰਮਾ, ਲਲਿਤਾ ਰਾਣੀ, ਸੁਮਨਦੀਪ ਕੌਰ, ਹਰਪ੍ਰੀਤ ਕੌਰ, ਜਗਰੂਪ ਕੌਰ, ਰਵਿੰਦਰ ਕੌਰ, ਨਵਜੋਤ ਕੌਰ, ਗੁਰਮੇਲ ਸਿੰਘ, ਪਰਮਜੀਤ ਸਿੰਘ, ਸਾਹਿਬ ਸਿੰਘ, ਜਰਨੈਲ ਸਿੰਘ ਤੇ ਸ਼ਰਨਜੀਤ ਸਿੰਘ ਮੌਜੂਦ ਸਨ।

# ਆਰ ਓ ਪਲਾਂਟ ਬੰਦ ਹੋਣ ਕਾਰਨ ਖਪਤਕਾਰ ਪ੍ਰੇਸ਼ਾਨ

**ਬਰੇਟਾ (ਰੀਤਵਾਲ)**-ਲੋਕਾਂ ਨੂੰ ਸਾਫ-ਸੁਥਰਾ ਪਾਣੀ ਮੁਹੱਈਆ ਕਰਾਉਣ ਦੇ ਮਕਸਦ ਨਾਲ ਅਕਾਲੀ ਭਾਜਪਾ ਸਰਕਾਰ ਸਮੇਂ ਲਗਾਏ ਗਏ ਆਰ.ਓ ਪਲਾਂਟ ਬੰਦ ਇੱਕ ਇੱਕ ਕਰਕੇ ਬੰਦ ਹੋਣੇ ਸ਼ੁਰੂ ਹੋ ਗਏ ਹਨ। ਸਰਕਾਰ ਵੱਲੋਂ ਲਗਾਏ ਗਏ ਇਨ੍ਹਾਂ ਆਰ-ਓ ਪਲਾਂਟਾਂ ਦੀ ਸਾਂਭ-ਸੰਭਾਲ ਜਾਂ ਕੋਈ ਜ਼ਿੰਮੇਵਾਰੀ ਨਾ ਹੋਣ ਕਾਰਨ ਕਈ ਥਾਂਵਾਂ ਤੇ ਤਾਂ ਆਰ.ਓ ਪਲਾਂਟ ਦਾ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ। ਸ਼ਹਿਰ ਦੀਆਂ ਵੱਖ-ਵੱਖ ਥਾਂਵਾਂ ਤੇ ਉਸ ਸਮੇਂ ਅੱਠ ਆਰ.ਓ.ਪਲਾਂਟ ਲਾਏ ਗਏ ਸਨ, ਜਿਨ੍ਹਾਂ ਵਿਚੋ ਸਹੀ ਜਗ੍ਹਾ ਨਾ ਲਾਉਣ ਦੇ ਕਾਰਨ ਦੋ ਆਰ.ਓ.ਪਲਾਂਟ ਨੂੰ ਤਾਂ ਸ਼ੁਰੂ 'ਚ ਹੀ ਤਾਲੇ ਜੜ੍ਹ ਦਿੱਤੇ ਗਏ ਸਨ ਅਤੇ ਬਾਕੀ ਰਹਿੰਦੇ ਆਰ.ਓ.ਪਲਾਟਾਂ 'ਚੋਂ ਹੁਣ ਦੁਰਗਾ ਮੰਦਰ ਨਜ਼ਦੀਕ, ਟਿੱਬਾ ਬਸਤੀ, ਧਰਮਪੁਰਾ ਰੋਡ ਤੇ ਕੁੜੀਆਂ ਵਾਲੇ ਸਕੂਲ ਨਜ਼ਦੀਕ ਲੱਗੇ ਆਰ.ਓ.ਪਲਾਂਟ ਵੀ ਬੰਦ ਹੋ ਚੁੱਕੇ ਹਨ। ਹੁਣ ਖਪਤਕਾਰ ਦੂਰ ਦੁਰਾਡੇ ਚਲਦੇ ਇੱਕਾ ਦੁੱਕਾ ਆਰ.ਓ.ਪਲਾਂਟ ਤੋਂ ਪਾਣੀ ਲਿਆਉਣ ਲਈ ਮਜਬੂਰ ਹਨ। ਸ਼ਹਿਰ ਵਾਸੀਆਂ ਨੇ ਪੰਜਾਬ ਸਰਕਾਰ ਤੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਬੰਦ ਪਏ ਆਰ.ਓ ਪਲਾਟਾਂ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਾ ਕੇ ਜਲਦ ਤੋ ਜਲਦ ਚਾਲੂ ਕੀਤਾ ਜਾਵੇ ਤਾਂ ਜੁ ਹਰ ਇੱਕ ਵਿਅਕਤੀ ਨੂੰ ਪੀਣ ਵਾਲਾ ਸਾਫ਼ ਅਤੇ ਸ਼ੁੱਧ ਪਾਣੀ ਮਿਲ ਸਕੇ। ਜਦ ਇਸ ਸਬੰਧੀ ਠੇਕੇ ਦੇ ਤੌਰ ਤੇ ਕੰਮ ਕਰ ਰਹੇ ਕ੍ਰਮਚਾਰੀ ਅਰਸ਼ ਕੁਮਾਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਕਈ ਆਰ.ਓ. ਤਾਂ ਲੰਮੇ ਸਮੇਂ ਤੋਂ ਬੰਦ ਹਨ ਜਦਕਿ ਕੁੜੀਆਂ ਵਾਲੇ ਸਕੂਲ ਨਜ਼ਦੀਕ ਲੱਗੇ ਆਰ.ਓ.ਪਲਾਂਟ ਦੀ ਮੋਟਰ ਖਰਾਬ ਹੋਣ ਦੇ ਕਾਰਨ ਉਹ ਪਲਾਂਟ ਕੁਝ ਦਿਨਾਂ ਤੋਂ ਬੰਦ ਹੈ, ਜਿਸਨੂੰ ਜਲਦ ਚਾਲੂ ਕੀਤਾ ਜਾਵੇਗਾ।

# ਪੀ ਐੱਸ ਈ ਬੀ ਨੇ 8ਵੀਂ ਦਾ ਨਤੀਜਾ ਐਲਾਨਿਆ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

■ 14 ਸਾਲਾ ਰਕਸ਼ਮ ਪੰਜਾਬ 'ਚੋਂ ਦੂਜੇ ਤੇ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ



ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐੱਸ.ਈ.ਬੀ) ਵੱਲੋਂ 8ਵੀਂ ਦਾ ਨਤੀਜਾ ਐਲਾਨਦਿਆਂ ਹੀ ਉਸ ਦੇ ਫ਼ਰੀਦਕੋਟ ਸਰਕਾਰੀ ਸਕੂਲ ਅਤੇ ਘਰ 'ਚ ਖੁਸ਼ੀ ਦਾ ਮਹੌਲ ਬਣ ਗਿਆ। ਨਤੀਜੇ ਦਾ ਐਲਾਨ ਹੁੰਦੇ ਹੀ ਜੀਵਨ ਨਗਰ ਦੇ ਰਹਿਣ ਵਾਲੇ ਰਕਸਮ ਦੇ ਪਰਵਾਰਕ ਮੈਂਬਰਾਂ ਸਮੇਤ ਘਰ 'ਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉਸ ਨੂੰ ਵਧਾਈਆਂ ਦੇਣ ਵਾਲਿਆਂ ਦੇ ਫੋਨ ਆਉਣ ਲੱਗੇ, ਕਿਉਂਕਿ ਸਰਕਾਰੀ ਮਿਡਲ ਸਕੂਲ ਮੁਹੱਲਾ ਜੀਵਨ ਨਗਰ ਦੇ 14 ਸਾਲਾ ਰਕਸਮ ਨੇ ਅੱਠਵੀਂ ਜਮਾਤ ਵਿੱਚ ਪੰਜਾਬ ਵਿੱਚੋਂ ਦੂਜਾ ਅਤੇ ਫਰੀਦਕੋਟ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।

ਸਰਕਾਰੀ ਮਿਡਲ ਸਕੂਲ ਜੀਵਨ ਨਗਰ ਦੇ ਇੰਚਾਰਜ ਕਿਰਨਦੀਪ ਕੌਰ ਨੇ ਦੱਸਿਆ ਕਿ ਰਕਸਮ ਨੂੰ ਸੁਣਨ-ਬੋਲਣ ਵਿੱਚ ਕੁਝ ਮੁਸ਼ਕਲ ਆਉਣ ਦੇ ਬਾਵਜੂਦ ਉਸ ਨੇ ਕਦੇ ਹਿੰਮਤ ਨਹੀਂ ਹਾਰੀ ਤੇ ਸਖਤ ਮਿਹਨਤ ਦੇ ਬਲਬੂਤੇ ਇਸ ਮੁਕਾਮ 'ਤੇ ਪਹੁੰਚੀਆਂ ਹੈ। ਉਨ੍ਹਾਂ ਦੱਸਿਆ ਕਿ 14 ਸਾਲਾ ਰਕਸਮ ਨੇ 598 ਅੰਕ (99.67 ਪ੍ਰਤੀਸ਼ਤ) ਸੂਬੇ ਭਰ 'ਚੋਂ ਦੂਜੇ ਤੇ ਜ਼ਿਲ੍ਹੇ 'ਚੋਂ ਪਹਿਲੇ ਸਥਾਨ ਪ੍ਰਾਪਤ ਕਰਕੇ ਪਰਵਾਰ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਕੋਟਕਪੂਰਾ ਸਥਿਤ ਡ੍ਰੀਮ ਲੈਂਡ ਸਕੂਲ ਦੀ ਆਭਾ ਜੈਨ ਨੇ 597 ਅੰਕ ਪ੍ਰਾਪਤ ਕਰਕੇ ਜ਼ਿਲ੍ਹੇ 'ਚੋਂ ਦੂਜਾ ਤੇ ਸੂਬੇ 'ਚੋਂ ਤੀਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਰਕਸਮ ਦੇ ਚਾਚਾ ਰਾਕੇਸ਼ ਕੁਮਾਰ ਨੇ ਦੱਸਿਆ ਕਿ ਮੈਂ ਮੁਹੱਲਾ ਜੀਵਨ ਨਗਰ ਵਿੱਚ ਕਰਿਆਨੇ ਦੀ ਦੁਕਾਨ ਚਲਾਉਂਦਾ ਹਾਂ। ਉਨ੍ਹਾਂ ਦੱਸਿਆ ਕਿ ਜਦੋਂ ਰਕਸਮ ਕਰੀਬ 6 ਮਹੀਨਿਆਂ ਦੀ ਸੀ ਤਾਂ ਉਸ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਸੀ ਅਤੇ ਉਦੋਂ ਤੋਂ ਉਸ ਦੀ ਦਾਦੀ ਅਤੇ ਅਸੀਂ ਉਸ ਦੀ ਦੇਖਭਾਲ ਕਰ ਰਹੇ ਹਨ।

ਰਕਸਮ ਨੇ ਦੱਸਿਆ ਕਿ ਬਚਪਨ 'ਚ ਹੀ ਉਸ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਈਆ ਉੱਠ ਗਿਆ ਸੀ, ਪਰ ਉਸ ਦੀ ਦਾਦੀ ਤੇ ਚਾਚੇ ਨੇ ਉਸ ਦੀ ਚੰਗੀ ਦੇਖਭਾਲ ਕੀਤੀ। ਰਕਸ਼ਮ ਨੇ ਕਿਹਾ ਕਿ ਉਹ ਵੱਡੇ ਹੋ ਕੇ ਅਧਿਆਪਕ ਬਣ ਕੇ ਬੱਚਿਆਂ ਦੀ ਸੇਵਾ ਕਰਨਾ ਚਾਹੁੰਦੇ ਹਨ। ਰਕਸਮ ਦੀਆਂ ਅਧਿਆਪਕਾਵਾਂ ਰੇਖਾ ਸ਼ਰਮਾ, ਵੈਸਾਲੀ ਸ਼ਰਮਾ, ਰਿਤੂ ਬਾਲਾ, ਮਨੀਸ਼ ਸ਼ਰਮਾ ਨੇ ਰਕਸ਼ਮ ਅਤੇ ਉਸ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਜੇਕਰ ਭਵਿੱਖ ਵਿੱਚ ਰਕਸਮ ਨੂੰ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਪਈ ਤਾਂ ਅਸੀਂ ਇਸ ਦੇ ਨਾਲ ਖੜਾਂਗੇ।

# ਕਾਰਲ ਮਾਰਕਸ ਦੇ ਜਨਮ ਦਿਨ 'ਤੇ ਸੈਮੀਨਾਰ 5 ਨੂੰ

**ਮੋਗਾ (ਪੱਤਰ ਪ੍ਰੇਰਕ)**-ਮਹਾਨ ਫਿਲਾਸਫ਼ਰ ਕਾਰਲ ਮਾਰਕਸ ਦਾ ਜਨਮ ਦਿਨ ਹਰ ਸਾਲ ਸੰਸਾਰ ਪੱਧਰ 'ਤੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ। ਸ਼ਹੀਦ ਨਛੱਤਰ ਸਿੰਘ ਧਾਲੀਵਾਲ ਟਰੱਸਟ ਵੱਲੋਂ ਵੀ 5 ਮਈ ਕਾਰਲ ਮਾਰਕਸ ਦੇ 205 ਵੇਂ ਜਨਮ ਦਿਨ 'ਤੇ 'ਫ਼ਾਸ਼ੀਵਾਦ ਦੇ ਖਤਰੇ ਵਿਰੁੱਧ ਸੈਕੂਲਰ ਡੈਮੋਕ੍ਰੇਟਿਕ ਰਾਹ' ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਜਾਵੇਗਾ। ਇਸ ਵਿਸ਼ੇ ਦੇ ਮੁੱਖ ਬੁਲਾਰੇ 'ਰੁਜ਼ਗਾਰ ਪ੍ਰਾਪਤੀ ਮੁਹਿੰਮ' ਦੇ ਮੁੱਖ ਸਲਾਹਕਾਰ ਸਾਥੀ ਜਗਰੂਪ ਹੋਣਗੇ। ਸ਼ਹੀਦ ਨਛੱਤਰ ਸਿੰਘ ਧਾਲੀਵਾਲ ਟਰੱਸਟ ਦੇ ਟਰੱਸਟੀ ਬਚਿੱਤਰ ਸਿੰਘ ਧੋਥੜ, ਕੁਲਦੀਪ ਸਿੰਘ ਭੋਲਾ, ਡਾ ਇੰਦਰਵੀਰ ਸਿੰਘ ਗਿੱਲ ਨੇ ਜਾਰੀ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ 1818 ਵਿੱਚ ਜਨਮੇ ਕਾਰਲ ਮਾਰਕਸ ਨੇ ਫ਼ਲਸਫ਼ੇ 'ਚ ਮੁਹਾਰਤ ਹਾਸਲ ਕਰ ਜਿਥੇ ਸਮਾਜਿਕ ਵਿਕਾਸ ਬਾਰੇ ਪੇਸ਼ ਕੀਤੀਆਂ ਆ ਰਹੀਆਂ ਉਲਟ ਧਾਰਨਾਵਾਂ ਨੂੰ ਸਿੱਧਿਆਂ ਕੀਤਾ, ਉਥੇ ਨਾਲ ਹੀ ਕਿਰਤ ਦੀ ਧਿਰ ਨੂੰ ਮੁਕਤੀ ਦਾ ਰਾਹ ਵੀ ਵਿਖਾਇਆ। ਜਦੋਂ ਦੌਲਤ ਦੇ ਢੇਰ ਕੁਝ ਗਿਣੇ- ਚੁਣੇ ਘਰਾਣਿਆਂ ਕੋਲ ਜਮ੍ਹਾਂ ਹੋ ਰਹੇ ਹਨ ਤੇ ਆਮ ਜਨਤਾ ਬਦ ਤੋਂ ਬਦਤਰ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਕੀਤੀ ਜਾ ਰਹੀ ਹੈ। ਲੁੱਟੇ ਜਾ ਰਹੇ ਕਿਰਤੀ ਲੋਕਾਂ ਨੂੰ ਧਰਮਾਂ, ਜਾਤਾਂ, ਨਸਲਾਂ ਦੇ ਨਾਂਅ 'ਤੇ ਵੰਡ ਕੇ ਜਮਾਤੀ ਲਾਮਬੰਦੀ ਦੇ ਰਾਹ ਪੈਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਹਾਲਾਤਾਂ ਸਮੇਂ ਮਾਰਕਸੀ ਸੋਚ-ਵਿਚਾਰਧਾਰਾ ਹੀ ਸਰਮਾਏਦਾਰੀ ਪ੍ਰਬੰਧ ਦਾ ਮੁਕਾਬਲਾ ਕਰਨ ਲਈ ਰਾਸਤਾ ਦਿਖਾਉਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤ 'ਚ ਹੋਰ ਵਧੇਰੇ ਲੋੜ ਬਣ ਜਾਂਦੀ ਹੈ ਕਿ ਅਸੀਂ ਆਪਣੇ ਆਗੂਆਂ ਨੂੰ ਪੜ੍ਹੀਏ, ਸਮਝੀਏ। ਇਸੇ ਮਕਸਦ ਨਾਲ ਟਰੱਸਟ ਨੇ ਫ਼ੈਸਲਾ ਕੀਤਾ ਹੈ ਕਿ 5 ਮਈ ਨੂੰ ਉਕਤ ਵਿਸ਼ੇ 'ਤੇ ਵਿਚਾਰ ਚਰਚਾ ਕਰਾਈ ਜਾਵੇ। 'ਨਛੱਤਰ ਭਵਨ' ਟਰੱਸਟ ਵੱਲੋਂ ਬੁੱਧੀਜੀਵੀ, ਲੇਖਕ, ਵਿਦਿਆਰਥੀ, ਨੌਜਵਾਨ ਆਦਿ ਵਰਗਾਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਸੈਮੀਨਾਰ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਸਪਰਿੰਗ ਫੀਲਡ ਕਾਨਵੈਂਟ ਸਕੂਲ 'ਚ ਸਪੋਰਟਸ ਮੁਕਾਬਲੇ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਪਰਿੰਗ ਫੀਲਡ ਕਾਨਵੈਂਟ ਸਕੂਲ ਜਿੱਥੇ ਪੜ੍ਹਾਈ ਵਿੱਚ ਉੱਚ ਸਿੱਖਿਆ ਪ੍ਰਦਾਨ ਕਰਦਾ ਹੈ ਤੇ ਬੱਚਿਆਂ ਦੀ ਸਿਹਤ ਅਤੇ ਫਿਟਨੈੱਸ ਦਾ ਖਿਆਲ ਰੱਖਦੇ ਹੋਏ ਹਫ਼ਤੇ ਦੇ ਅਖੀਰ 'ਤੇ ਸਪੋਰਟਸ ਦੇ ਵੱਖ-ਵੱਖ ਮੁਕਾਬਲੇ ਕਰਾਏ ਜਾਂਦੇ ਹਨ, ਜੋ ਇਸ ਵਾਰ ਸ਼ਨੀਵਾਰ ਨੂੰ ਲੜਕੀਆਂ ਦੇ ਹਾਊਸ ਵਾਈਜ਼ ਬੈਡਮਿੰਟਨ ਦੇ ਮੈਚ ਕਰਾਏ ਗਏ। ਇਹ ਮੁਕਾਬਲੇ ਜੂਨੀਅਰ ਤੇ ਸੀਨੀਅਰ ਗਰੁੱਪ ਵਾਈਜ਼ ਸਕੂਲਾਂ ਦੀਆਂ ਹਾਊਸ ਦੀਆਂ ਟੀਮਾਂ ਵਿਚਕਾਰ ਮੁਕਾਬਲੇ ਹੋਏ, ਜਿਸ ਵਿੱਚ ਜੂਨੀਅਰ ਲੜਕੀਆਂ ਵਿਚ ਟੋਪਾਜ ਹਾਊਸ ਦੀਆਂ ਲੜਕੀਆਂ ਨੇ ਸੈਫਰ ਹਾਊਸ ਦੀ ਟੀਮ ਨੂੰ 3 ਸੈਟ ਦੇ ਮੈਚ ਵਿੱਚੋਂ 2-1 ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਸੀਨੀਅਰ ਗਰੁੱਪ ਵਿੱਚੋਂ ਸੈਫਰ ਹਾਊਸ ਦੀਆਂ ਲੜਕੀਆਂ ਨੇ ਡਿਮਾਂਡ ਹਾਊਸ ਦੀਆਂ ਲੜਕੀਆਂ ਨੂੰ ਟੀਮ ਨੂੰ ਹਰਾ ਕੇ 5 ਸੈਟ ਦੇ ਮੈਚ ਵਿੱਚੋਂ 3-2 ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਜੇਤੂ ਬੱਚਿਆਂ ਤੇ ਉਨ੍ਹਾਂ ਦੇ ਅਧਿਆਪਕਾਂ ਡੀਪੀਈ ਹਰਜਿੰਦਰ ਸਿੰਘ ਅਤੇ ਮੈਡਮ ਹਰਦੀਪ ਕੌਰ ਨੂੰ ਵਧਾਈ ਦਿੱਤੀ ਤੇ ਕਾਮਨਾ ਕੀਤੀ ਕਿ ਸਕੂਲ ਦੀਆਂ ਟੀਮਾਂ ਇਸੇ ਤਰ੍ਹਾਂ ਜਿੱਤ ਪ੍ਰਾਪਤ ਕਰ ਕੇ ਪੰਜਾਬ ਪੱਧਰ 'ਤੇ ਖੇਡਣਗੀਆਂ, ਜਿਸ ਨਾਲ ਸਕੂਲ ਤੇ ਜ਼ੋਨ ਬਾਘਾ ਪੁਰਾਣਾ ਦਾ ਉੱਚਾ ਹੋਵੇਗਾ। ਬੱਚਿਆਂ ਨੂੰ ਪ੍ਰਿੰਸੀਪਲ ਅਤੇ ਸਟਾਫ਼ ਨੇ ਜਿੱਤ ਉਪਰ ਵਧਾਈ ਦਿੱਤੀ।



ਹਫ਼ਤਾਵਾਰੀ ਸਪੋਰਟਸ 'ਚ ਹਿੱਸਾ ਲੈਣ ਵਾਲੇ ਵਿਦਿਆਰਥੀ ਕੋਚ ਨਾਲ।

# 3-3 ਮਹੀਨੇ ਤੋਂ ਪੈਨਸ਼ਨਾਂ ਨਾ ਮਿਲਣਾ ਜੀਵਨ ਨਿਰਬਾਹ ਨੂੰ ਮੁਸ਼ਕਲ ਭਰਿਆ ਬਣਾਉਣ ਦੇ ਤੁਲ : ਮਾਨ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਭਗਵੰਤ ਸਿੰਘ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਇਸਦੇ ਸੁਪਰੀਮੋ ਸ੍ਰੀ ਕੇਜਰੀਵਾਲ ਲੁਭਾਉਣੀਆਂ ਤੇ ਸਬਜ਼ਬਾਗ਼ ਦਿਖਾਉਣ ਵਾਲੀਆਂ ਗੱਲਾਂ ਕਰਦੇ ਹਨ, ਪਰ ਸੁਹਿਰਦ ਉਦਮ ਕਰਨ ਦੀ ਸਖ਼ਤ ਲੋੜ ਹੈ। ਪੰਜਾਬ ਦੇ ਬਿਰਧ ਰਿਟਾਇਰਡ ਅਫਸਰਾਨ ਤੇ ਮੁਲਾਜ਼ਮਾਂ ਨੂੰ 3-3 ਮਹੀਨਿਆਂ ਤੋਂ ਪੈਨਸ਼ਨ ਦਾ ਭੁਗਤਾਨ ਹੀ ਨਹੀਂ ਹੋ ਰਿਹਾ, ਜਿਸ ਜ਼ਰੀਏ ਉਨ੍ਹਾਂ ਨੇ ਆਪਣੀ ਇਸ ਬਿਰਧ ਅਵਸਥਾ ਦੀ ਜ਼ਿੰਦਗੀ ਵਿੱਚ ਰੋਜ਼ਾਨਾ ਜੀਵਨ ਦੀਆਂ ਖਾਣ-ਪਹਿਨਣ, ਬਿਮਾਰੀ ਆਦਿ ਦੀਆਂ ਦਵਾਈਆਂ ਦਾ ਪ੍ਰਬੰਧ ਕਰਨਾ ਹੈ, ਉਸ ਤੋਂ ਵੀ ਇਸ ਸਰਕਾਰ ਨੇ 3-3 ਮਹੀਨਿਆਂ ਤੋਂ ਵਾਂਝਾ ਕੀਤਾ ਹੋਇਆ ਹੈ, ਜੋ ਉਨ੍ਹਾਂ ਦੇ ਜੀਵਨ ਨਿਰਬਾਹ ਨੂੰ ਸਹੀ ਬਣਾਉਣ ਦੀ ਬਜਾਏ ਹੋਰ ਮੁਸ਼ਕਲ ਤੇ ਔਕੜਾਂ ਭਰਿਆ ਬਣਾ ਰਿਹਾ ਹੈ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋ ਰਿਟਾਇਰਡ ਹੋਏ ਅਫਸਰਾਂ ਤੇ ਮੁਲਾਜਮਾਂ ਦੀਆਂ ਪੈਨਸਨਾਂ 3-3 ਮਹੀਨਿਆਂ ਤੋ ਨਾ ਮਿਲਣ ਦੇ ਆ ਰਹੇ ਫੋਨਾਂ ਦੀ ਬਦੌਲਤ ਉਨ੍ਹਾਂ ਦੀ ਆਤਮਾ ਨੂੰ ਪਹੁੰਚੇ ਦੁੱਖ ਅਤੇ ਇਨ੍ਹਾਂ ਰਿਟਾਇਰਡ ਅਫਸਰਾਨ ਤੇ ਮੁਲਾਜ਼ਮਾਂ ਦੇ ਜੀਵਨ ਨਿਰਵਾਹ ਸੰਬੰਧੀ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਇਖਲਾਕੀ ਤੇ ਸਮਾਜਿਕ ਅਸਫਲਤਾ ਕਰਾਰ ਦਿੰਦੇ ਹੋਏ ਅਜਿਹੇ ਗੈਰ ਸਮਾਜਿਕ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ।

# ਦੁੱਧ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ, ਇੱਕ ਸਾਲ 'ਚ 4 ਵਾਰ ਵਧੀਆਂ ਕੀਮਤਾਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਸ਼ਹਿਰ ਦੇ ਡੇਅਰੀ ਫਾਰਮਾਂ ਦੇ ਮਾਲਕਾਂ ਨੇ ਦੁੱਧ ਦਾ ਭਾਅ 70/- ਪ੍ਰਤੀ ਕਿਲੋ ਕਰ ਦਿੱਤਾ ਹੈ ਅਤੇ ਇਸ ਗੱਲ ਦੀ ਵੀ ਜਾਣਕਾਰੀ ਮਿਲੀ ਹੈ ਕਿ ਦੁੱਧ ਦੀ ਮਾਪ ਕਰਨ ਵਾਲਾ ਡੱਬਾ ਇਕ ਕਿਲੋ ਦੀ ਬਜਾਏ ਇੱਕ ਲਿਟਰ, ਜਿਸ ਵਿੱਚ 900 ਮਿਲੀਲੀਟਰ ਵਜ਼ਨ ਹੀ ਪੈਂਦਾ ਹੈ। ਘਰਾਂ ਦੀ ਰਸੋਈ ਤੱਕ ਇਕ ਵਾਰ ਫਿਰ ਮਹਿੰਗਾਈ ਵਧਣ ਵਾਲੀ ਹੈ। ਸ਼ਹਿਰ ਵਿੱਚ ਸਾਰੇ ਡੇਅਰੀ ਮਾਲਕਾਂ ਨੇ ਯੂਨੀਅਨ ਬਣਾ ਕੇ ਮਹਿੰਗੇ ਰੇਟ 'ਤੇ ਦੁੱਧ ਵੇਚਣ ਦਾ ਫੈਸਲਾ ਕੀਤਾ ਹੈ। ਪਤਾ ਚੱਲਿਆ ਹੈ ਕਿ ਡੇਅਰੀ ਫਾਰਮਾ ਦੇ ਮਾਲਕ ਬਾਈਪਾਸ 'ਤੇ ਬੈਠੇ ਗਊ ਪਾਲਕਾਂ ਤੋਂ 35 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦੁੱਧ ਦੀ ਖਰੀਦ ਕਰਕੇ ਦੁੱਧ ਵਿਚ ਮਿਕਸਿੰਗ ਕਰਕੇ ਉਹੀ ਦੁੱਧ ਖਪਤਕਾਰਾਂ ਨੂੰ 70/-ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚ ਦਿੰਦੇ ਹਨ। ਸ਼ਹਿਰ ਵਿੱਚ ਵੱਡੀ ਮਾਤਰਾ ਵਿਚ ਸੁੱਕਾ ਦੁੱਧ ਪਾਊਡਰ ਆਉਂਦਾ ਹੈ ਅਤੇ ਇਸ ਦਾ ਭਾਅ 200 ਰੁਪਏ ਪ੍ਰਤੀ ਕਿਲੋ ਹੈ। ਇੱਕ ਕਿਲੋ ਪਾਊਡਰ ਨਾਲ 10 ਕਿਲੋ ਦੁੱਧ ਬਣਦਾ ਹੈ, ਜੋ 20 ਰੁਪਏ ਕਿਲੋ ਪੈਂਦਾ ਹੈ। ਦੁੱਧ ਦੀ ਘਾਟ ਹੋਣ ਕਾਰਨ ਡੇਅਰੀ ਮਾਲਕ ਸੁੱਕੇ ਦੁੱਧ ਦਾ ਹੀ ਪਨੀਰ ਬਣਾ ਰਹੇ ਹਨ। ਇਸ ਕੰਮ ਲਈ ਐਫ.ਐਸ.ਐਸ.ਏ.ਆਈ. ਦਾ ਲਾਇਸੰਸ ਜ਼ਰੂਰੀ ਹੈ। ਨੈਸ਼ਨਲ ਕੰਜ਼ਿਊਮਰ ਅਵੇਰਨੈਸ ਗਰੁੱਪ ਦੇ ਜ਼ਿਲ੍ਹਾ ਪ੍ਰਧਾਨ ਸ਼ਾਮ ਲਾਲ ਗੋਇਲ ਤੇ ਜਨਰਲ ਸਕੱਤਰ ਗੋਬਿੰਦ ਸਿੰਘ ਦਾਬੜਾ ਨੂੰ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਦੁੱਧ ਦੇ ਰੇਟ ਫਿਕਸ ਕੀਤੇ ਜਾਣ ਤਾਂ ਜੁ ਖਪਤਕਾਰ ਲੁੱਟ ਤੋਂ ਬਚ ਸਕਣ।

# ਪਹਿਲੀ ਪੰਜਾਬੀ ਫੌਂਟਸ ਦੀ ਨੁਮਾਇਸ਼ 13ਵੇਂ ਦਿਨ 'ਚ ਦਾਖ਼ਲ

**ਲੁਧਿਆਣਾ (ਪੱਤਰ ਪ੍ਰੇਰਕ)**

ਪੰਜਾਬੀ ਸਾਹਿਤ ਅਕਾਡਮੀ ਵੱਲੋਂ ਡਾ. ਮਹਿੰਦਰ ਸਿੰਘ ਰੰਧਾਵਾ ਆਰਟ ਗੈਲਰੀ, ਪੰਜਾਬੀ ਭਵਨ ਵਿਖੇ ਪੰਜਾਬੀ ਫੌਂਟਸ ਦੀ ਨੁਮਾਇਸ਼ ਲਗਾਤਾਰ ਜਾਰੀ ਹੈ। ਇਹ ਪੰਜਾਬੀ ਫੌਂਟਸ ਦੀ ਨੁਮਾਇਸ਼ ਕੇਵਲ ਪੰਜਾਬੀ ਭਾਸ਼ਾ ਵਿਚ ਹੀ ਪਹਿਲੀ ਨੁਮਾਇਸ਼ ਨਹੀਂ, ਸਗੋਂ ਵਿਸ਼ਵ ਦੀ ਕਿਸੇ ਵੀ ਭਾਸ਼ਾ ਦੇ ਫੌਂਟਸ ਦੀ ਪਹਿਲੀ ਨੁਮਾਇਸ਼ ਹੈ। ਇਸ ਨੁਮਾਇਸ਼ ਵਿਚ ਪੰਜਾਬੀ ਦੇ 600 ਫੌਂਟਸ ਨੂੰ ਪ੍ਰਦਰਸ਼ਤ ਕੀਤਾ ਗਿਆ ਹੈ। ਇਸ ਨੁਮਾਇਸ਼ ਦਾ 13ਵਾਂ ਦਿਨ ਹੈ ਤੇ ਇਹ ਲਗਾਤਾਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਆਉਣ ਵਾਲੇ ਦਿਨਾਂ ਵਿਚ ਵੀ ਜਾਰੀ ਰਹੇਗੀ। ਇਸ ਨੁਮਾਇਸ਼ ਦਾ ਉਦਘਾਟਨ ਬਾਬੂ ਸਾਹੀ ਡਾਟ ਕਾਮ ਦੇ ਰਹਿਨੁਮਾ ਬਲਜੀਤ ਬੱਲੀ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ, ਅਕਾਡਮੀ ਦੇ ਸੀਨੀਅਰ ਮੀਤੀ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਕੀਤਾ। ਇਸ ਮੌਕੇ ਲੋਕ ਮੰਚ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ, ਜਸਵੀਰ ਝੱਜ, ਕੇ. ਸਾਧੂ ਸਿੰਘ, ਡਾ. ਭਗਵੰਤ ਸਿੰਘ, ਭਗਵੰਤ ਰਸੂਲਪੁਰੀ, ਹਰਬੰਸ ਮਾਲਵਾ, ਪਰਮਜੀਤ ਕੌਰ ਮਹਿਕ, ਪਰਮਜੀਤ ਮਾਨ ਪ੍ਰਬੰਧਕੀ ਬੋਰਡ ਦੇ ਮੈਂਬਰ ਵੀ ਹਾਜ਼ਰ ਸਨ। ਬਲਜੀਤ ਬੱਲੀ ਨੇ ਕਿਹਾ ਪੰਜਾਬੀ ਸਾਹਿਤ ਅਕਾਡਮੀ ਦਾ ਇਹ ਉੱਦਮ ਸਲਾਹੁਣਯੋਗ ਹੈ, ਜਿਹੜਾ ਆਪਣੇ ਆਪ ਵਿੱਚ ਨਿਵੇਕਲਾ ਹੈ। ਡਾ. ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਨੇ ਕਿਹਾ ਕਿ ਅਕਾਡਮੀ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਸੰਬੰਧਤ ਅਜਿਹੇ ਹੋਰ ਵੀ ਕਾਰਜ ਨੇੜ ਭਵਿੱਖ ਵਿੱਚ ਕਰਦੀ ਰਹੇਗੀ। ਡਾ. ਸ਼ਿਆਮ ਸੁੰਦਰ ਦੀਪਤੀ ਉਚੇਚੇ ਤੌਰ 'ਤੇ ਇਸ ਨੁਮਾਇਸ਼ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਤੋਂ ਆਏ। ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਨੇ ਕਿਹਾ ਕਿ ਨੁਮਾਇਸ਼ ਨੂੰ ਵੇਖ ਕੇ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਦੌਰ ਵਿਕਸਤ ਕਰ ਰਿਹਾ ਹੈ। ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਕਿਹਾ ਕਿ ਸੰਸਾਰ ਵਿਚ ਪੰਜਾਬੀ ਅਜਿਹੇ ਨਿਵੇਕਲੇ ਕਾਰਜਾਂ ਕਰਕੇ ਪਛਾਣੇ ਜਾ ਰਹੇ ਹਨ। ਇਸ ਨੁਮਾਇਸ਼ ਦੇ ਸੰਯੋਜਕ ਜਨਮੇਜਾ ਸਿੰਘ ਜੌਹਲ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਵੱਡੀ ਗਿਣਤੀ ਵਿੱਚ ਟਾਈਪਿਸਟ, ਲੇਖਕ, ਕੰਪਿਊਟਰ ਡਿਜ਼ਾਇਨਰ ਤੇ ਹੋਰ ਇਸ ਨੁਮਾਇਸ਼ ਨੂੰ ਵੇਖ ਚੁੱਕੇ ਹਨ ਤੇ ਇਸ ਦੀ ਸ਼ਲਾਘਾ ਕਰ ਚੁੱਕੇ ਹਨ ਕਿ ਇਹ ਇਸ ਕਿਸਮ ਦਾ ਇੱਕ ਵੱਖਰਾ ਕਾਰਜ ਹੈ, ਜੋ ਪੰਜਾਬੀ ਸਾਹਿਤ ਅਕਾਡਮੀ ਨੇ ਕੀਤਾ। ਜਨਮੇਜਾ ਸਿੰਘ ਜੌਹਲ ਨੇ ਦੱਸਿਆ ਕਿ ਵੱਖੋ-ਵੱਖਰੇ ਕਿੱਤਿਆਂ ਨਾਲ ਸੰਬੰਧਤ ਕੋਈ 100 ਤੋਂ ਵੱਧ ਮਾਹਿਰਾਂ ਨੇ ਇਨ੍ਹਾਂ ਫੌਂਟਸ ਨੂੰ ਡਾਊਨਲੋਡ ਕੀਤਾ ਹੈ ਅਤੇ ਇਹ ਕਾਰਜ ਬਿਲਕੁਲ ਮੁਫ਼ਤ ਹੈ।



# 20 ਸਾਲ ਦੀ ਸੇਵਾ ਤੋਂ ਬਾਅਦ ਉੱਕਾ-ਪੁੱਕਾ 6 ਹਜ਼ਾਰ 'ਤੇ ਹੋਈ ਸੇਵਾਮੁਕਤੀ

**ਜਗਰਾਉਂ (ਅਮਿਤ ਖੰਨਾ)**



ਪਿਛਲੇ ਲੰਬੇ ਸਮੇਂ ਤੋਂ ਸਿਰਫ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਲੈ ਕੇ ਸਿੱਖਿਆ ਵਿਭਾਗ 'ਚ ਕੰਮ ਕਰ ਰਹੇ ਕਈ ਸਿੱਖਿਆ ਵਲੰਟੀਅਰ ਹੁਣ ਰਿਟਾਇਰਮੈਂਟ ਵਾਲੀ ਉਮਰ ਤੱਕ ਵੀ ਆ ਪੁੱਜੇ ਹਨ। ਸਿਰਫ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਨਿਭਾਈ ਸੇਵਾ ਬਦਲੇ ਨਾ ਕੋਈ ਪੈਨਸ਼ਨ, ਨਾ ਹੀ ਕਿਸੇ ਤਰ੍ਹਾਂ ਦਾ ਹੋਰ ਫੰਡ ਇਨ੍ਹਾਂ ਨੂੰ ਮਿਲੇਗਾ। ਬੱਸ ਖਾਲੀ ਹੱਥ ਘਰ ਜਾਣ ਲਈ ਮਜਬੂਰ ਹੋ ਰਹੇ ਹਨ। ਅਜਿਹੇ ਸਮੇਂ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ ਫਰੰਟ ਨੇ ਅਹਿਮ ਫੈਸਲਾ ਲੈਂਦਿਆਂ ਇਨ੍ਹਾਂ ਰਿਟਾਇਰ ਹੋ ਰਹੇ ਅਧਿਆਪਕਾਂ ਨੂੰ ਸਨਮਾਨਯੋਗ ਵਿਦਾਇਗੀ ਦੇਣ ਦਾ ਫੈਸਲਾ ਕੀਤਾ। ਇਸੇ ਤਹਿਤ ਬਲਾਕ ਜਗਰਾਉਂ ਦੇ 2 ਵਲੰਟੀਅਰ ਅਧਿਆਪਕਾਂ ਸ੍ਰੀਮਤੀ ਬਬਲੀ ਦੇਵੀ ਤੇ ਸ੍ਰੀਮਤੀ ਜਸਵੀਰ ਕੌਰ ਨੂੰ ਯਾਦਗਾਰੀ ਵਿਦਾਇਗੀ ਪਾਰਟੀ ਦਿੱਤੀ ਗਈ। ਸਮਾਰੋਹ ਨੂੰ ਬਲਾਕ ਦੇ ਸਮੂਹ ਅਧਿਆਪਕਾਂ ਦੀ ਸਹਾਇਤਾ ਰਾਸੀ ਨਾਲ ਸੰਪੰਨ ਕੀਤਾ ਗਿਆ। ਬੁਲਾਰਿਆਂ ਨੇ ਵਲੰਟੀਅਰ ਅਧਿਆਪਕਾਂ ਵਲੋਂ ਸਕੂਲਾਂ 'ਚ ਨਿਭਾਏ ਸਾਨਦਾਰ ਰੋਲ ਲਈ ਧੰਨਵਾਦ ਕੀਤਾ, ਉੱਥੇ ਹੀ ਸਰਕਾਰ 'ਤੇ ਵੀ ਰੋਸ ਪ੍ਰਗਟ ਕੀਤਾ ਕਿ ਲੰਬਾ ਸਮਾਂ ਲੰਘ ਜਾਣ ਦੇ ਬਾਵਜੂਦ ਇਨ੍ਹਾਂ ਅਧਿਆਪਕਾਂ ਨੂੰ ਪੱਕੇ ਨਹੀਂ ਕੀਤਾ ਗਿਆ। ਸਮਾਗਮ ਵਿੱਚ ਕਈ ਵਾਰੀ ਮਹੌਲ ਬਹੁਤ ਗਮਗੀਨ ਹੋਇਆ, ਜਦੋਂ ਵਲੰਟੀਅਰ ਅਧਿਆਪਕਾਂ ਮੈਡਮ ਰਜਨੀ, ਮੈਡਮ ਸੁਖਵਿੰਦਰ ਕੌਰ, ਮੈਡਮ ਕਰਮਜੀਤ ਕੌਰ ਨੇ ਸਿਰਫ ਛੇ ਹਜ਼ਾਰ ਰੁਪਏ ਤਨਖਾਹ ਹੋਣ ਕਰਕੇ ਸਹਿ ਰਹੇ ਦੁੱਖਾਂ ਦਾ ਵਰਨਣ ਕੀਤਾ।

ਇਸ ਮੌਕੇ ਇਨ੍ਹਾਂ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ, ਤੋਹਫੇ ਤੇ ਇੱਕ ਲੱਖ ਇਕਵੰਜਾ ਹਜ਼ਾਰ ਦੋਨਾਂ ਅਧਿਆਪਕਾਂ ਨੂੰ ਭੇਟ ਕੀਤੇ ਗਏ। ਇਸ ਮੌਕੇ ਕਿਸਾਨ ਆਗੂ ਰਾਮਸ਼ਰਨ, ਜੋਗਿੰਦਰ ਆਜ਼ਾਦ, ਹਰਜੀਤ ਸਿੰਘ ਸੁਧਾਰ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸਿੱਧੂ, ਸੁਧੀਰ ਝਾਜੀ, ਰਾਣਾ ਆਲਮਦੀਪ, ਤੁਲਸੀ ਦਾਸ, ਸਤਨਾਮ ਸਿੰਘ, ਹਰਦੀਪ ਸਿੰਘ ਕਾਉਂਕੇ, ਸਰਬਜੀਤ ਸਿੰਘ ਤੂਰ, ਹਰਦੀਪ ਸਿੰਘ ਸਿੱਧਵਾਂ ਬੇਟ, ਮੈਡਮ ਸੈਲੀ, ਸੋਨੀਆ, ਰੇਖਾ, ਅਨੀਤਾ, ਭਜਨ ਸਿੰਘ , ਗੋਲਡੀ ਗਾਲਿਬ, ਸੰਦੀਪ ਸਿੰਘ, ਗੁਰਮੀਤ ਸਿੰਘ, ਰਮਨਦੀਪ ਕੌਰ, ਸੁਮਨ ਬਾਲਾ, ਨੇਹਾ ਅਰੋੜਾ ਤੇ ਕੁਸਮ ਸ਼ਰਮਾ ਆਦਿ ਹਾਜ਼ਰ ਸਨ।

# ਅੱਠਵੀਂ ਦੀ ਪ੍ਰੀਖਿਆ 'ਚ ਕਿੰਡਰ ਗਾਰਟਨ ਐਂਡ ਸੀ. ਸੈਕੰ. ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰ੍ਹਾਂ ਕਿੰਡਰ ਗਾਰਟਨ ਐਂਡ ਸੀ.ਸੈ.ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਸੈਸ਼ਨ 2022-23 ਲਈ 56 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਸਾਰੇ ਵਿਦਿਆਰਥੀ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ। ਅੱਠਵੀਂ ਵਿੱਚੋਂ ਕਾਰਤਿਕ ਸ਼ਰਮਾ ਸਪੁੱਤਰ ਗਗਨਦੀਪ ਨੇ 600 ਵਿੱਚੋਂ 585 ਅੰਕ (97%) ਲੈ ਕੇ ਆਪਣੀ ਜਮਾਤ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ, ਰਵਨੀਤ ਕੌਰ ਨੇ 579 (96%) ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ, ਪ੍ਰਭਨੂਰ ਸਿੰਘ ਸਪੁੱਤਰ ਪ੍ਰਦੀਪ ਸਿੰਘ ਨੇ 575 ਅੰਕ (95.8%) ਲੈ ਕੇ ਜਮਾਤ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ,14 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਅਤੇ 39 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਬਾਕੀ ਵਿਦਿਆਰਥੀਆਂ ਨੇ ਵੀ ਪਹਿਲੀ ਪੁਜੀਸ਼ਨ ਪ੍ਰਾਪਤ ਕਰਕੇ ਤੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਮੈਡਮ ਸ਼੍ਰੀਮਤੀ ਸਰਬਜੀਤ ਕੌਰ ਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਣਜੋਤ ਕੌਰ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦੇਣ ਉਪਰੰਤ ਸਮੁੱਚੀ ਸਫ਼ਲਤਾ ਦਾ ਸਿਹਰਾ ਸਕੂਲ ਸਟਾਫ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਿਰ ਬੰਨ੍ਹਿਆ। ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਬੱਚਿਆਂ 'ਤੇ ਮਾਣ ਹੈ ਅਤੇ ਅਸੀਂ ਇਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ।

# ਸੇਵਾਮੁਕਤ ਅਕਾਊਂਟੈਂਟ ਰਮੇਸ਼ ਕਾਲੜਾ ਨੂੰ ਸਟਾਫ਼ ਵੱਲੋਂ ਨਿੱਘੀ ਵਿਦਾਇਗੀ

**ਮੱਖੂ (ਰਛਪਾਲ ਸਿੰਘ ਸੰਧੂ)**

ਦਫ਼ਤਰ ਮਾਰਕਿਟ ਕਮੇਟੀ ਦੇ ਅਕਾਊਂਟੈਂਟ ਰਮੇਸ ਕਾਲੜਾ ਦੇ ਸੇਵਾਮੁਕਤ ਹੋਣ 'ਤੇ ਮਾਰਕਿਟ ਕਮੇਟੀ ਦੇ ਸਟਾਫ਼ ਵੱਲੋਂ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਰਮੇਸ਼ ਕਾਲੜਾ ਦਾ ਜਨਮ 05 ਅਪ੍ਰੈਲ 1965 ਨੂੰ ਪਿਤਾ ਜਗਜੀਤ ਰਾਜ ਦੇ ਘਰ ਮਾਤਾ ਆਗਿਆਵੰਤੀ ਦੇ ਕੁੱਖੋਂ ਹੋਇਆ। ਰਮੇਸ਼ ਕਾਲੜਾ ਵੱਲੋਂ 27 ਮਈ 1983 ਵਿੱਚ ਮਾਰਕਿਟ ਕਮੇਟੀ 'ਚ ਨੌਕਰੀ ਦੀ ਸ਼ੁਰੂਆਤ ਕੀਤੀ ਗਈ ਅਤੇ 30 ਅਪ੍ਰੈਲ ਨੂੰ ਬਤੌਰ ਅਕਾਊਂਟੈਂਟ ਸੇਵਾਮੁਕਤ ਹੋਏ।

ਰਮੇਸ਼ ਕਾਲੜਾ ਦੇ ਸੇਵਾਮੁਕਤ ਹੋਣ 'ਤੇ ਦਫ਼ਤਰ ਮਾਰਕਿਟ ਕਮੇਟੀ ਦੇ ਸਟਾਫ਼ ਵੱਲੋਂ ਸਨਮਾਨ ਚਿੰਨ੍ਹ ਤੇ ਗੋਲਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਮੰਡੀ ਅਫਸਰ ਮਨਿੰਦਰਜੀਤ ਸਿੰਘ, ਮਾਰਕਿਟ ਕਮੇਟੀ ਦੇ ਸੈਕਟਰੀ ਕ੍ਰਿਸ਼ਨ ਕੁਮਾਰ ਅਤੇ ਮੰਡੀ ਸੁਪਰਵਾਈਜਰ ਸੁਦੇਸ਼ ਕੁਮਾਰੀ ਨੇ ਕਿਹਾ ਕਿ ਰਮੇਸ਼ ਕਾਲੜਾ ਵੱਲੋਂ ਆਪਣੀ ਡਿਊਟੀ ਬਹੁਤ ਹੀ ਇਮਾਨਦਾਰੀ ਨਾਲ ਨਿਭਾਈ ਗਈ। ਰਮੇਸ਼ ਕਾਲੜਾ ਵੱਲੋਂ ਦਫ਼ਤਰੀ ਕੰਮ ਦੇ ਨਾਲ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਦਾ ਕੰਮ ਬਹੁਤ ਹੀ ਇਮਾਨਦਾਰੀ ਨਾਲ ਕਰਦੇ ਰਹੇ। ਇਸ ਮੌਕੇ ਮਾਰਕਿਟ ਕਮੇਟੀ ਦੇ ਸੇਵਾਮੁਕਤ ਅਕਾਊਂਟੈਂਟ ਰਮੇਸ਼ ਕਾਲੜਾ ਨੇ ਕਿਹਾ ਕਿ ਮਾਰਕਿਟ ਕਮੇਟੀ ਦੇ ਉੱਚ ਅਧਿਕਾਰੀਆਂ, ਸਟਾਫ਼ ਤੇ ਆੜ੍ਹਤੀਆਂ ਦਾ ਜੋ ਪਿਆਰ ਮੈਨੂੰ ਮਿਲਿਆ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਕਾਲੜਾ, ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਥੇ: ਗੁਰਮੇਜ ਸਿੰਘ ਬਾਹਰਵਾਲੀ, ਸਾਬਕਾ ਵਾਈਸ ਚੇਅਰਮੈਨ ਦਰਸ਼ਨ ਕੁਮਾਰ ਅਹੂਜਾ, ਮਹਿੰਦਰ ਮਦਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ, ਵਰਿੰਦਰ ਠੁਕਰਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ, ਸ਼ਿਵ ਅਹੂਜਾ, ਦਫ਼ਤਰ ਮਾਰਕਿਟ ਕਮੇਟੀ ਦੇ ਸੇਵਾਮੁਕਤ ਜੋਗਾ ਸਿੰਘ, ਅਸ਼ੋਕ ਮੋਂਗਾ, ਨਛੱਤਰ ਸਿੰਘ, ਕੇਹਰ ਸਿੰਘ, ਜਗੀਰ ਸਿੰਘ ਭੁੱਲਰ, ਸ਼ਸ਼ੀਪਾਲ, ਦਵਿੰਦਰ ਸਿੰਘ ਕਾਲੜਾ, ਮਨਜੀਤ ਸਿੰਘ, ਦਰਸ਼ਨ ਸਿੰਘ ਘਈ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਰਮੇਸ਼ ਕਾਲੜਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਰਮੇਸ਼ ਕਾਲੜਾ ਦੇ ਸੇਵਾਮੁਕਤ ਹੋਣ 'ਤੇ ਨਿੱਘੀ ਵਿਦਾਇਗੀ ਪਾਰਟੀ ਦੇਣ ਮੌਕੇ ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ, ਸਰਵਨ ਮਸੀਹ ਸੰਮਾ ਸਾਬਕਾ ਪ੍ਰਧਾਨ ਨਗਰ ਪੰਚਾਇਤ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਜੀਵ ਠੁਕਰਾਲ ਲੱਕੀ, ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ, ਮਨਮੋਹਨ ਗਰੋਵਰ, ਦਵਿੰਦਰ ਸਿੰਘ ਲਹਿਰਾ, ਰੋਬਿਨ ਚਾਵਲਾ ਜੀਰਾ, ਲਵਿਸ ਕਾਲੜਾ ਮੈਨੇਜਰ ਕੋਟਕ ਬੈਂਕ, ਬਲਵਿੰਦਰ ਠੁਕਰਾਲ, ਸੰਜੀਵ ਠੁਕਰਾਲ ਲੱਕੀ, ਰਜੇਸ਼ ਗਾਂਧੀ ਮਿੰਟਾ, ਗਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਸ਼ਮਸ਼ੇਰ ਸਿੰਘ ਲਹਿਰਾ, ਰਜਿੰਦਰ ਠੁਕਰਾਲ, ਵਿਕਰਮ ਅਹੂਜਾ ਵਿੱਕੀ, ਪ੍ਰਮਜੀਤ ਸਿੰਘ ਜੱਗੇਵਾਲਾ, ਸੁਖਦੇਵ ਸਿੰਘ ਕਲੋਨੀ, ਗਗਨ ਮੋਂਗਾ, ਮਨੀ ਮੋਂਗਾ ਤੇ ਪਵਨ ਠੁਕਰਾਲ ਆਦਿ ਹਾਜ਼ਰ ਸਨ।



ਰਮੇਸ਼ ਕਾਲੜਾ ਨੂੰ ਸਨਮਾਨ ਚਿੰਨ੍ਹ ਦੇ ਕੇ ਨਿੱਘੀ ਵਿਦਾਇਗੀ ਦਿੰਦਾ ਹੋਇਆ ਸਟਾਫ਼।

# ਕਰਮਚਾਰੀਆਂ ਦੀ ਸੁਵਿਧਾ ਲਈ ਈ ਪੀ ਐੱਫ਼ ਜਾਗਰੂਕਤਾ ਕੈਂਪ ਲਾਇਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਕੇਂਦਰੀ ਲੇਬਰ ਤੇ ਇੰਪਲਾਈਮੈਂਟ ਵਿਭਾਗ ਵੱਲੋਂ ਇੰਫੋਰਸਮੈਂਟ ਅਧਿਕਾਰੀ ਹਰਚਰਨ ਸਿੰਘ ਦੀ ਅਗਵਾਈ ਹੇਠ ਪ੍ਰਾਈਵੇਟ ਖੇਤਰ ਦੇ ਕ੍ਰਮਚਾਰੀਆਂ ਨੂੰ ਈ.ਪੀ.ਐਫ ਵਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਨੇੜਲੇ ਵਸੰਤ ਵੈਲੀ ਪਬਲਿਕ ਸਕੂਲ ਲੱਡਾ ਵਿਖੇ ਇਕ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਵਿਭਾਗ ਦੇ ਅਧਿਕਾਰੀ ਹਰਚਰਨ ਸਿੰਘ, ਈਐਸਆਈ ਦੇ ਜ਼ਿਲ੍ਹਾ ਮੈਨੇਜਰ ਬਿਕਰਮਜੀਤ ਚੌਧਰੀ ਵੱਲੋਂ ਕ੍ਰਮਚਾਰੀਆਂ ਤੇ ਉਨ੍ਹਾਂ ਦੇ ਇੰਪਲਾਇਰਾਂ ਨੂੰ ਪੈਨਸ਼ਨ, ਈ.ਪੀ.ਐਫ, ਈ.ਡੀ.ਐਲ.ਆਈ., ਐਡਵਾਂਸ ਲੈਣ ਤੇ ਹੋਰ ਅਧਿਕਾਰਾਂ ਵਾਰੇ ਅਹਿਮ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕ੍ਰਮਚਾਰੀਆਂ ਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਦੇ ਲਈ ਈ.ਪੀ.ਐਫ਼.ਓ ਨਾਲ ਜੁੜਣ ਦੀ ਅਪੀਲ ਕੀਤੀ ਤੇ ਇਸ ਸਬੰਧੀ ਵੱਖ-ਵੱਖ ਸਕੀਮਾਂ ਵਾਰੇ ਵਿਸਤਾਰਪੂਰਵਕ ਜਾਣਕਾਰੀ ਵੀ ਦਿੱਤੀ। ਉਨ੍ਹਾਂ ਕ੍ਰਮਚਾਰੀਆਂ ਵੱਲੋਂ ਪੁੱਛੇ ਗਏ ਸਵਾਲਾਂ ਦਾ ਮੌਕੇ 'ਤੇ ਤਸੱਲੀਪੂਰਵਕ ਜਵਾਬ ਵੀ ਦਿੱਤਾ। ਸਕੂਲ ਦੇ ਚੇਅਰਮੈਨ ਸੰਜੇ ਗੁਪਤਾ ਨੇ ਆਏ ਹੋਏ ਅਧਿਕਾਰੀਆਂ ਨੂੰ ਸਨਮਾਨਤ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਪ੍ਰਿੰਸੀਪਲ ਅਨੀਤਾ ਆਰ, ਸਹਾਇਕ ਈਪੀਐਫਓ ਅਰਵਿੰਦ ਕਸ਼ਯਪ ਵੀ ਮੌਜੂਦ ਰਹੇ।

ਸੋਮਵਾਰ, 1 ਮਈ, 2023

18 ਵਿਸਾਖ { ਨਾਨਕਸ਼ਾਹੀ 555
ਬਿਕਰਮੀ 2080

ਜਿਲਦ/VOL. : 71
ਅੰਕ/NO. : 330

# ਨਵਾਂ ਜ਼ਮਾਨਾ

DAILY NAWAN ZAMANA • MONDAY, 1 MAY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in

## ਹਿਮਾਚਲ 'ਚ ਦੋ ਸਾਲ ਦੀ ਸੇਵਾ ਵਾਲੇ ਠੇਕਾ ਮੁਲਾਜ਼ਮ ਪੱਕੇ



**ਸ਼ਿਮਲਾ** : ਹਿਮਾਚਲ ਸਰਕਾਰ ਨੇ 31 ਮਾਰਚ ਤੱਕ ਜਾਂ 30 ਸਤੰਬਰ 2023 ਤੱਕ ਦੋ ਸਾਲ ਦੀ ਸੇਵਾ ਪੂਰੀ ਕਰਨ ਵਾਲੇ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਐਤਵਾਰ ਜਾਰੀ ਬਿਆਨ ਵਿਚ ਕਿਹਾ ਕਿ 31 ਮਾਰਚ 2023 ਤੇ 30 ਸਤੰਬਰ 2023 ਤੱਕ ਚਾਰ ਸਾਲ ਦੀ ਸੇਵਾ ਪੂਰੀ ਕਰਨ ਵਾਲੇ ਦਿਹਾੜੀਦਾਰ ਕਾਮੇ ਵੀ ਪੱਕੇ ਕਰਨ ਦਾ ਫੈਸਲਾ ਕੀਤਾ ਗਿਆ ਹੈ।

## ਸਿੱਧੂ ਵੱਲੋਂ ਸੁਖਬੀਰ ਨਾਲ ਦੁੱਖ ਸਾਂਝਾ



**ਲੰਬੀ** : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ 'ਤੇ ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰ ਨਵਜੋਤ ਸਿੱਧੂ ਨੇ ਐਤਵਾਰ ਪਿੰਡ ਬਾਦਲ ਪੁੱਜ ਕੇ ਸੁਖਬੀਰ ਬਾਦਲ ਸਮੇਤ ਸਮੁੱਚੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

## ਡਾ. ਮੋਹੰਤੀ ਏ ਈ ਸੀ ਦੇ ਨਵੇਂ ਚੇਅਰਮੈਨ



**ਨਵੀਂ ਦਿੱਲੀ** : ਮੰਨੇ-ਪ੍ਰਮੰਨੇ ਭੌਤਿਕ ਵਿਗਿਆਨੀ ਅਤੇ ਭਾਬਾ ਪ੍ਰਮਾਣੂ ਖੋਜ ਕੇਂਦਰ (ਬਾਰਕ) ਦੇ ਡਾਇਰੈਕਟਰ ਅਜੀਤ ਕੁਮਾਰ ਮੋਹੰਤੀ ਨੂੰ ਪ੍ਰਮਾਣੂ ਊਰਜਾ ਕਮਿਸ਼ਨ (ਏ ਈ ਸੀ) ਦਾ ਚੇਅਰਮੈਨ ਅਤੇ ਪ੍ਰਮਾਣੂ ਊਰਜਾ ਵਿਭਾਗ (ਏ ਈ ਡੀ) ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਕੇ ਐੱਨ ਵਿਆਸ ਦੀ ਜਗ੍ਹਾ ਲਈ ਹੈ। ਸਨਿੱਚਰਵਾਰ ਦੇਰ ਰਾਤ ਜਾਰੀ ਸਰਕਾਰੀ ਆਦੇਸ਼ 'ਚ ਕਿਹਾ ਗਿਆ—ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਡਾ. ਮੋਹੰਤੀ ਨੂੰ ਪ੍ਰਮਾਣੂ ਊਰਜਾ ਵਿਭਾਗ ਦੇ ਸਕੱਤਰ ਤੇ ਪ੍ਰਮਾਣੂ ਊਰਜਾ ਕਮਿਸ਼ਨ ਦੇ ਚੇਅਰਮੈਨ ਦੇ ਰੂਪ 'ਚ 66 ਸਾਲ ਦੀ ਉਮਰ ਤੱਕ ਮਤਲਬ 10 ਅਕਤੂਬਰ 2025 ਤੱਕ ਜਾਂ ਅਗਲੇ ਹੁਕਮਾਂ ਤੱਕ (ਜੋ ਵੀ ਪਹਿਲਾਂ ਹੋਵੇ) ਨਿਯੁਕਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ।

## ਪਹਿਲਵਾਨਾਂ ਨੂੰ ਢੀਠ ਮੁਲਜ਼ਮ ਦਾ ਸਾਹਮਣਾ : ਸਿੱਬਲ

**ਨਵੀਂ ਦਿੱਲੀ** : ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਐਤਵਾਰ ਕਿਹਾ ਕਿ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਪਹਿਲਵਾਨ ਇਕ ਢੀਠ ਮੁਲਜ਼ਮ ਦਾ ਸਾਹਮਣਾ ਕਰ ਰਹੇ ਹਨ ਅਤੇ ਉਹ 'ਕਿਸੇ ਦੀ ਗ੍ਰਿਫਤਾਰੀ ਨਾ ਹੋਣ' ਤੋਂ ਪ੍ਰੇਸ਼ਾਨ ਹਨ। ਉਨ੍ਹਾ ਸਵਾਲ ਕੀਤਾ ਕਿ ਕੀ ਮਾਮਲੇ 'ਚ 'ਨਿਰਪੱਖ ਜਾਂਚ' ਕੀਤੀ ਜਾ ਰਹੀ ਹੈ। ਸੀਨੀਅਰ ਵਕੀਲ ਸਿੱਬਲ ਸੁਪਰੀਮ ਕੋਰਟ 'ਚ ਪਹਿਲਵਾਨਾਂ ਦੀ ਪੈਰਵੀ ਕਰ ਰਹੇ ਹਨ। ਉਨ੍ਹਾ ਟਵੀਟ ਕੀਤਾ—ਪ੍ਰਦਰਸ਼ਨਕਾਰੀ ਪਹਿਲਵਾਨਾਂ ਦੀ ਮਾੜੀ ਹਾਲਤ : ਇਕ ਨਾਬਾਲਗ ਤੇ ਛੇ ਹੋਰ ਪ੍ਰੇਸ਼ਾਨ, ਇਕ ਢੀਠ ਮੁਲਜ਼ਮ, ਮੌਨ ਪੀ ਐੱਮ ਓ, ਕੋਈ ਗ੍ਰਿਫਤਾਰੀ ਨਹੀਂ। ਕੀ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ?

## ਕਾਰ ਖੱਡ 'ਚ : ਤਿੰਨ ਮੌਤਾਂ

**ਰਿਆਸੀ** : ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਸ਼ਨੀਵਾਰ ਰਾਤ ਕਾਰ ਟੋਟੇ ਪਿੰਡ ਕੋਲ ਬੇਕਾਬੂ ਹੋ ਕੇ 100 ਮੀਟਰ ਤੋਂ ਵੱਧ ਡੂੰਘੀ ਖੱਡ 'ਚ ਡਿੱਗਣ ਨਾਲ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਉਹ ਰਿਆਸੀ ਤੋਂ ਕਰਾਘ ਜਾ ਰਹੇ ਸਨ। ਮ੍ਰਿਤਕਾਂ ਦੀ ਪਛਾਣ ਕਰਾਘ ਦੇ ਨਸੀਬ ਸਿੰਘ (65), ਟੋਟੇ ਦੇ ਕਰਨੈਲ ਸਿੰਘ (47) ਅਤੇ ਦੇਵੀਗੜ੍ਹ ਦੇ ਮੋਹਨ ਚੰਦਰ ਵਜੋਂ ਹੋਈ ਹੈ।

## ਭਾਰਤੀ ਮੂਲ ਦਾ ਬੰਦਾ ਤਿੰਨ ਕਤਲਾਂ ਦਾ ਦੋਸ਼ੀ ਕਰਾਰ

**ਨਿਊ ਯਾਰਕ** : ਅਮਰੀਕਾ ਦੇ ਕੈਲੀਫੋਰਨੀਆ ਪ੍ਰਾਂਤ 'ਚ ਇਕ ਭਾਰਤੀ ਮੂਲ ਦੇ ਵਿਅਕਤੀ ਨੂੰ ਉਸ ਦੇ ਘਰ ਦੇ ਦਰਵਾਜ਼ੇ ਦੀ ਘੰਟੀ ਵਜਾ ਕੇ ਸ਼ਰਾਰਤ ਕਰਨ ਵਾਲੇ ਤਿੰਨ ਕਿਸ਼ੋਰਾਂ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। 'ਨਿਊਯਾਰਕ ਪੋਸਟ' ਦੀ ਖਬਰ ਮੁਤਾਬਕ ਰਿਵਰਸਾਈਡ ਕਾਊਂਟੀ ਵਾਸੀ ਅਨੁਰਾਗ ਚੰਦਰਾ ਨੂੰ ਸ਼ੁੱਕਰਵਾਰ ਨੂੰ ਹੱਤਿਆ ਦੀ ਕੋਸ਼ਿਸ਼ ਅਤੇ ਤਿੰਨ ਕਿਸ਼ੋਰਾਂ ਦੀ ਹੱਤਿਆ ਦਾ ਦੋਸ਼ੀ ਪਾਇਆ ਗਿਆ। ਇਹ ਘਟਨਾ 19 ਜਨਵਰੀ 2020 ਨੂੰ ਹੋਈ ਸੀ, ਜਦੋਂ ਕਿਸ਼ੋਰਾਂ ਦੇ ਇਕ ਸਮੂਹ ਨੇ ਸ਼ਰਾਰਤ ਕਰਦੇ ਹੋਏ ਚੰਦਰਾ ਦੇ ਘਰ ਦੀ ਘੰਟੀ ਵਜਾਈ ਸੀ। ਚੰਦਰਾ ਨੇ ਦੱਸਿਆ ਕਿ ਘੰਟੀ ਵਜਾ ਕੇ ਦੌੜਨ ਤੋਂ ਪਹਿਲਾਂ ਇਕ ਕਿਸ਼ੋਰ ਨੇ ਉਸ ਨੂੰ ਚਿੜਾਇਆ ਸੀ। ਉਸ ਨੇ ਤਿੰਨਾਂ ਕਿਸ਼ੋਰਾਂ ਦੀ ਗੱਡੀ ਹੇਠ ਦਰੜ ਕੇ ਹੱਤਿਆ ਕਰ ਦਿੱਤੀ ਸੀ।

## ਵਿਕਾਸ ਦਰ ਸਾਢੇ 6 ਫੀਸਦੀ ਰਹਿਣ ਦਾ ਦਾਅਵਾ

ਨਵੀਂ ਦਿੱਲੀ : ਕੱਚੇ ਤੇਲ ਦੀਆਂ ਵਧੀਆਂ ਦਰਾਂ ਅਤੇ ਵਧਦੇ ਭੂ-ਰਾਜਨੀਤਕ ਤਣਾਅ ਦੇ ਬਾਵਜੂਦ ਚਾਲੂ ਵਿੱਤੀ ਵਰ੍ਹੇ (2023-24) 'ਚ ਭਾਰਤੀ ਅਰਥਚਾਰਾ ਕਰੀਬ 6.5 ਫੀਸਦ ਦੀ ਦਰ ਨਾਲ ਵਧੇਗਾ। ਨੀਤੀ ਆਯੋਗ ਦੇ ਮੈਂਬਰ ਅਰਵਿੰਦ ਵਿਰਮਾਨੀ ਨੇ ਇਹ ਸੰਭਾਵਨਾ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾ ਨੂੰ ਨਹੀਂ ਲੱਗਦਾ ਕਿ ਅਮਰੀਕਾ ਤੇ ਯੂਰਪੀ ਬੈਂਕਿੰਗ ਸੰਕਟ ਦਾ ਭਾਰਤ ਦੇ ਵਿੱਤੀ ਖੇਤਰ 'ਤੇ ਕੋਈ ਪ੍ਰਭਾਵ ਪਵੇਗਾ। ਉਨ੍ਹਾ ਕਿਹਾ—ਇਸ ਵਾਸਤੇ ਪਿਛਲੇ ਸਾਲ 'ਚ ਹੋਏ ਸਾਰੇ ਬਦਲਾਵਾਂ ਕਰ ਕੇ ਮੈਂ 2023-24 ਲਈ ਆਪਣੇ ਭਾਰਤ ਦੇ ਆਰਥਕ ਵਾਧਾ ਦਰ ਦੇ ਅਨੁਮਾਨ ਨੂੰ ਅੱਧਾ ਫੀਸਦ ਘੱਟ ਕਰ ਦਿੱਤਾ ਹੈ।

# ਲੁਧਿਆਣਾ 'ਚ ਗੈਸ ਲੀਕ ਹੋਣ ਨਾਲ 11 ਮੌਤਾਂ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**

ਗਿਆਸਪੁਰਾ ਇਲਾਕੇ 'ਚ ਐਤਵਾਰ ਸਵੇਰੇ ਗੈਸ ਕਾਰਨ ਦੋ ਬੱਚਿਆਂ ਸਣੇ 11 ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੇ ਸਰੀਰ ਦੀ ਜਾਂਚ ਕਰਨ ਵਾਲੇ ਡਾਕਟਰ ਨੇ ਦੱਸਿਆ ਕਿ ਦਿਮਾਗ ਵਿਚ ਜ਼ਹਿਰ ਪੁੱਜਣ ਕਾਰਨ ਮੌਤਾਂ ਹੋਈਆਂ। ਫੇਫੜਿਆਂ 'ਤੇ ਕੋਈ ਅਸਰ ਨਹੀਂ ਹੋਇਆ।

ਜਿਸ ਇਮਾਰਤ ਤੋਂ ਗੈਸ ਰਿਸਣ ਦੀ ਗੱਲ ਕਹੀ ਗਈ, ਉਥੇ ਇਕ ਡਿਪਾਰਟਮੈਂਟਲ ਸਟੋਰ ਤੇ ਮਿਲਕ ਬੂਥ ਹੈ। ਨੇੜਿਓਂ ਸੀਵਰ ਲਾਈਨ ਲੰਘਦੀ ਹੈ। ਸ਼ੁਰੂਆਤੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਕਿ ਸੀਵਰ 'ਚ ਕੈਮੀਕਲ ਸੁੱਟਿਆ ਗਿਆ ਸੀ, ਜਿਸ ਦੇ ਚਲਦੇ ਜ਼ਹਿਰੀਲੀ ਗੈਸ ਬਣ ਗਈ ਸੀ।

ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਕਿਹਾ—ਜਿਨ੍ਹਾਂ ਦੀ ਮੌਤ ਹੋਈ ਹੈ, ਉਨ੍ਹਾਂ 'ਚ ਦਮ ਘੁਟਣ ਦਾ ਲੱਛਣ ਨਹੀਂ ਦਿਸਿਆ। ਮੌਤ ਦਾ ਕਾਰਨ ਨਿਊਰੋਟੌਕਸਿਨ (ਨਰਵਸ ਸਿਸਟਮ 'ਤੇ ਅਸਰ ਕਰਨ ਵਾਲਾ ਜ਼ਹਿਰ) ਹੋ ਸਕਦਾ ਹੈ। ਹੋ ਸਕਦਾ ਹੈ ਕਿ ਸੀਵਰੇਜ ਮੈਨਹੋਲ 'ਚ ਕੈਮੀਕਲ ਰਿਐਕਸ਼ਨ ਹੋਇਆ ਹੋਵੇ। ਮੈਨਹੋਲ ਤੋਂ ਸੈਂਪਲ ਲਏ ਗਏ ਹਨ।

ਮੌਕੇ 'ਤੇ ਪੁੱਜੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਾਦਸਾ ਸੀਵਰੇਜ ਦੀ ਗੈਸ ਕਾਰਨ ਹੋਇਆ। ਸ਼ੁਰੂਆਤੀ ਜਾਂਚ ਵਿਚ ਹਾਈਡਰੋਜਨ ਸਲਫਾਈਡ ਦੇ ਲੱਛਣ ਲੱਗ ਰਹੇ ਹਨ। ਅਜੇ ਵੀ ਮੁਸ਼ਕ ਆ ਰਿਹਾ ਹੈ।

ਜਿਹੜੇ ਵੀ ਲੋਕ ਗੈਸ ਦੇ ਸੰਪਰਕ ਵਿਚ ਆਏ, ਬੇਹੋਸ਼ ਹੁੰਦੇ ਗਏ। ਗੈਸ ਦਾ ਲੀਕੇਜ ਪੁਆਇੰਟ ਗੋਇਲ ਕੋਲਡ ਡ੍ਰਿੰਕਸ ਦੀ ਦੁਕਾਨ ਕੋਲ ਹੈ, ਜਿੱਥੇ ਸਭ ਤੋਂ ਵੱਧ ਮੌਤਾਂ ਹੋਈਆਂ।

ਦੱਸਿਆ ਗਿਆ ਹੈ ਕਿ ਸੀਵਰ ਲਾਈਨ 'ਚ ਪਹਿਲਾਂ ਹੀ ਜ਼ਹਿਰੀਲੀ ਗੈਸ ਹੁੰਦੀ ਹੈ। ਹੋ ਸਕਦਾ ਹੈ ਕਿ ਜ਼ਹਿਰੀਲਾ ਕੈਮੀਕਲ ਸੁੱਟਣ ਨਾਲ ਰਿਐਕਸ਼ਨ ਦੇ ਚਲਦਿਆਂ ਗੈਸ ਬਣੀ ਹੋਵੇ। ਪੁਲਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਹੋ ਸਕਦਾ ਹੈ ਕਿ ਕਿਸੇ ਨੇ ਇੰਡਸਟ੍ਰੀਅਲ ਵੇਸਟ ਨੂੰ ਮਿਟਾਉਣ ਲਈ ਕੈਮੀਕਲ ਸੀਵਰ ਵਿਚ ਪਾ ਦਿੱਤਾ ਹੋਵੇ। ਜਿਹੜੀ ਦੁਕਾਨ ਕੋਲ ਮੌਤਾਂ ਹੋਈਆਂ, ਉਥੇ ਸੀਵਰ ਲਾਈਨ ਦੇ ਮੈਨਹੋਲ ਦੇ ਢੱਕਣ ਟੁੱਟੇ ਹੋਏ ਸਨ। ਖਦਸ਼ਾ ਹੈ ਕਿ ਗੈਸ ਇੱਥੋਂ ਨਿਕਲੀ।

ਲੋਕਾਂ ਨੇ ਕਿਹਾ ਕਿ ਬਰਸਾਤ ਦੌਰਾਨ ਇਲਾਕੇ ਦੀਆਂ ਡਾਇੰਗ ਤੇ ਕੈਮੀਕਲ ਇਸਤੇਮਾਲ ਕਰਨ ਵਾਲੀਆਂ ਫੈਕਟਰੀਆਂ ਵਾਲੇ ਕੈਮੀਕਲ ਵੇਸਟ ਸੀਵਰੇਜ 'ਚ ਸੁੱਟ ਦਿੰਦੇ ਹਨ। ਸ਼ਨੀਵਾਰ ਰਾਤ ਹਲਕੀ ਬਾਰਸ਼ ਦੇ ਬਾਅਦ ਕੈਮੀਕਲ ਸੁੱਟਿਆ ਗਿਆ ਸੀ। ਐਤਵਾਰ ਸਵੇਰੇ ਮੁਹੱਲੇ ਦਾ ਸੀਵਰੇਜ ਜਾਮ ਸੀ। ਕਰਿਆਨਾ ਸਟੋਰ ਚਲਾਉਣ ਵਾਲੇ ਗੌਰਵ ਗੋਇਲ ਤੇ ਸੌਰਵ ਨੇ ਜਾਮ ਖੋਲ੍ਹਣ ਲਈ ਸੀਵਰੇਜ 'ਚ ਡੰਡੇ ਮਾਰੇ ਸਨ। ਪਹਿਲਾ ਡੰਡਾ ਮਾਰਦੇ ਹੀ 35 ਸਾਲ ਦਾ ਗੌਰਵ ਡਿੱਗ ਪਿਆ। ਉਸ ਦੇ ਬਾਅਦ ਗੈਸ ਫੈਲਣੀ ਸ਼ੁਰੂ ਹੋ ਗਈ।

● ਬਾਕੀ ਸਫ਼ਾ 5 'ਤੇ



## ਸੀ ਪੀ ਆਈ ਵੱਲੋਂ 20-20 ਲੱਖ ਮੁਆਵਜ਼ੇ ਦੀ ਮੰਗ

ਸੀ ਪੀ ਆਈ ਦੀ ਲੁਧਿਆਣਾ ਇਕਾਈ ਨੇ ਗੈਸ ਲੀਕ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੁੱਛਿਆ ਹੈ ਕਿ ਆਮ ਕਿਰਤੀਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਦੋਂ ਤੱਕ ਜਾਰੀ ਰਹੇਗਾ। ਪਾਰਟੀ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ 11 ਮੌਤਾਂ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਮ੍ਰਿਤਕਾਂ ਦੇ ਪਰਵਾਰਾਂ ਨਾਲ ਹਮਦਰਦੀ ਵੀ ਜਤਾਈ। ਮੌੜ ਨੇ ਕਿਹਾ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ ਵੀਹ-ਵੀਹ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਦੇ ਨਾਲ ਹੀ ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਭਵਿੱਖ ਵਿਚ ਅਜਿਹੇ ਹਾਦਸੇ ਮੁੜ ਨਾ ਵਾਪਰਨ। ਟਰੇਡ ਯੂਨੀਅਨਾਂ ਅਤੇ ਹੋਰ ਸੰਗਠਨਾਂ ਨੇ ਮੰਗ ਕੀਤੀ ਕਿ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਕੋਈ ਪੱਕੀ ਨੀਤੀ ਬਣਾਈ ਜਾਏ, ਤਾਂ ਕਿ ਆਮ ਲੋਕਾਂ ਦਾ ਜਾਨ-ਮਾਲ ਸੁਰੱਖਿਅਤ ਰਹੇ। ਪੱਤਰਕਾਰਾਂ ਨੂੰ ਲੋਕਾਂ ਨੇ ਦੱਸਿਆ ਕਿ ਪੰਜ-ਪੰਜ ਜੀਆਂ ਵਾਲੇ ਦੋ ਪੂਰੇ ਟੱਬਰ ਹੀ ਇਸ ਗੈਸ ਹਾਦਸੇ ਦਾ ਸ਼ਿਕਾਰ ਹੋ ਅਗੇ। ਸੁਆਲ ਉੱਠਦਾ ਹੈ ਕਿ ਏਨੇ ਸੰਘਣੇ ਰਿਹਾਇਸ਼ੀ ਇਲਾਕਿਆਂ ਵਿੱਚ ਇਸ ਤਰ੍ਹਾਂ ਦੀਆਂ ਸੰਭਾਵਨਾਵਾਂ ਕਿਉਂ ਪੈਦਾ ਹੋਣ ਦਿੱਤੀਆਂ ਜਾਂਦੀਆਂ ਹਨ। ਜੇਕਰ ਟਾਈਮ ਸਿਰ ਜਾਂਚ-ਪੜਤਾਲ ਹੁੰਦੀ ਰਹੇ ਤਾਂ ਇਹਨਾਂ ਕੁਤਾਹੀਆਂ ਦਾ ਪਤਾ ਵਕਤ ਰਹਿੰਦਿਆਂ ਹੀ ਲੱਗ ਸਕਦਾ ਹੈ। ਇਸ ਤਰ੍ਹਾਂ ਦੀ ਮੁਜਰਮਾਨਾ ਲਾਪਰਵਾਹੀ ਲਈ ਕੌਣ ਹਨ ਜ਼ਿੰਮੇਵਾਰ?

## ਪ੍ਰਧਾਨ ਮੰਤਰੀ ਮੇਰੇ ਨਾਲ ਦੌੜ ਲਾ ਕੇ ਦੇਖ ਲੈਣ : ਸਿੱਧਾਰਮਈਆ

**ਬੇਂਗਲੁਰੂ** : ਸੀਨੀਅਰ ਕਾਂਗਰਸ ਆਗੂ ਤੇ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਸਿੱਧਾਰਮਈਆ ਨੇ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੌੜ ਲਾ ਕੇ ਦੇਖ ਲੈਣ ਦਾ ਚੈਲੰਜ ਪੇਸ਼ ਕੀਤਾ। ਮੋਦੀ ਨੇ ਚੋਣ ਰੈਲੀ ਦੌਰਾਨ ਕਿਹਾ ਸੀ ਕਿ ਸਾਬਕਾ ਮੁੱਖ ਮੰਤਰੀ ਸਰਗਰਮ ਸਿਆਸਤ ਤੋਂ ਰਿਟਾਇਰਮੈਂਟ ਦੇ ਨਾਂਅ 'ਤੇ ਵੋਟ ਮੰਗ ਰਹੇ ਹਨ।

ਸਿੱਧਾਰਮਈਆ ਨੇ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਨਾਲ ਦੌੜ ਲਾਉਂਦਿਆਂ ਦੀ ਆਪਣੀ ਵੀਡੀਓ ਸਾਂਝੀ ਕੀਤੀ ਅਤੇ ਨਾਲ ਪ੍ਰਧਾਨ ਮੰਤਰੀ ਨੂੰ ਟੈਗ ਕੀਤਾ। ਉਨ੍ਹਾ ਪ੍ਰਧਾਨ ਮੰਤਰੀ ਤੋਂ ਪੁੱਛਿਆ ਕਿ ਕੀ ਤੁਸੀਂ ਬੀ ਐੱਸ ਯੇਦੀਯੁਰੱਪਾ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਇਸ ਕਰਕੇ ਹਟਾਇਆ ਕਿ ਉਹ ਹੰਭ ਚੁੱਕੇ ਹਨ? ਅਤੇ ਉਦੋਂ ਤੁਸੀਂ ਯੇਦੀਯੁਰੱਪਾ ਲਈ ਵੋਟਾਂ ਨਹੀਂ ਮੰਗੀਆਂ ਸਨ? ਆਓ ਆਪਾਂ ਦੌੜ ਲਾ ਕੇ ਦੇਖ ਲਈਏ ਕਿ ਕੌਣ ਹੰਭਿਆ ਹੈ। ਮੈਂ ਆਪਣੇ ਲੋਕਾਂ ਦੀ ਆਖਰੀ ਸਾਹ ਤੱਕ ਸੇਵਾ ਕਰਦਾ ਰਹਾਂਗਾ।



## ਪਹਿਲਾ ਅਜਿਹਾ ਪ੍ਰਧਾਨ ਮੰਤਰੀ ਦੇਖਿਆ...



**ਬੇਂਗਲੁਰੂ** : ਪ੍ਰਿਅੰਕਾ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਦੋਸ਼ ਕਿ ਉਨ੍ਹਾ ਬਾਰੇ ਕਾਂਗਰਸ ਨੇ 91 ਵਾਰ ਮੰਦਾ ਬੋਲਿਆ, ਦਾ ਐਤਵਾਰ ਜਾਮਖੰਡੀ ਦੀ ਰੈਲੀ ਵਿਚ ਜਵਾਬ ਦਿੰਦਿਆਂ ਕਿਹਾ ਜੇ ਕਾਂਗਰਸ ਭਾਜਪਾ ਦੀਆਂ ਗਾਲ੍ਹਾਂ ਦਾ ਹਿਸਾਬ ਲਾਉਣ ਲੱਗੀ ਤਾਂ ਕਈ ਕਿਤਾਬਾਂ ਭਰ ਜਾਣਗੀਆਂ।

ਪ੍ਰਿਅੰਕਾ ਨੇ ਵੋਟਰਾਂ ਨੂੰ ਕਿਹਾ—ਪਹਿਲੀ ਵਾਰ ਮੈਂ ਅਜਿਹਾ ਪ੍ਰਧਾਨ ਮੰਤਰੀ ਦੇਖ ਰਹੀ ਹਾਂ, ਜਿਹੜਾ ਲੋਕਾਂ ਸਾਹਮਣੇ ਕਹਿੰਦਾ ਹੈ ਕਿ ਉਸ ਨੂੰ ਗਾਲ੍ਹਾਂ ਕੱਢੀਆਂ ਜਾ ਰਹੀਆਂ ਹਨ। ਲੋਕਾਂ ਦੇ ਦੁੱਖ ਸੁਣਨ ਦੀ ਥਾਂ ਆਪਣੇ ਗਿਣਾ ਰਿਹਾ ਹੈ। ਉਸ ਦੇ ਦਫਤਰ ਵਿਚ ਕਿਸੇ ਨੇ ਗਾਲ੍ਹਾਂ ਦੀ ਲਿਸਟ ਬਣਾਈ ਹੈ, ਪਰ ਲੋਕਾਂ ਦੇ ਦੁੱਖਾਂ ਦੀ ਨਹੀਂ। ਜੇ ਸਾਡੇ ਪਰਵਾਰ ਨੂੰ ਕੱਢੀਆਂ ਗਾਲ੍ਹਾਂ ਦਾ ਹਿਸਾਬ ਲਾਇਆ ਜਾਵੇ ਤਾਂ ਕਿ ਕਈ ਕਿਤਾਬਾਂ ਬਣ ਜਾਣਗੀਆਂ।

ਪ੍ਰਿਅੰਕਾ ਨੇ ਪ੍ਰਧਾਨ ਮੰਤਰੀ ਨੂੰ ਸਲਾਹ ਦਿੱਤੀ—ਹਿੰਮਤ ਕਰੋ ਮੋਦੀ ਜੀ, ਮੇਰੇ ਭਰਾ ਤੋਂ ਸਿੱਖੋ। ਮੇਰਾ ਭਰਾ ਕਹਿੰਦਾ ਹੈ ਕਿ ਉਹ ਦੇਸ਼ ਖਾਤਰ ਗਾਲ੍ਹ ਤੇ ਗੋਲੀ ਪ੍ਰਵਾਨ ਕਰਨ ਲਈ ਤਿਆਰ ਹੈ। ਮੇਰਾ ਭਰਾ ਕਹਿੰਦਾ ਹੈ ਕਿ ਉਹ ਸੱਚ ਨਾਲ ਹਮੇਸ਼ਾ ਖੜ੍ਹੇਗਾ, ਚਾਹੇ ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢ ਲਓ, ਬੇਇੱਜ਼ਤੀ ਕਰ ਲਈ ਜਾਂ ਗੋਲੀ ਮਾਰ ਦਿਓ।

## ਗਹਿਲੋਤ ਨੂੰ 'ਸਿਆਸਤ ਦਾ ਰਾਵਣ' ਕਹਿਣ ਵਾਲੇ ਕੇਂਦਰੀ ਮੰਤਰੀ ਖਿਲਾਫ ਕੇਸ



**ਜੈਪੁਰ** : ਰਾਜਸਥਾਨ ਦ ਚਿਤੌੜਗੜ੍ਹ 'ਚ ਹਾਲ ਹੀ 'ਚ ਰੈਲੀ ਦੌਰਾਨ ਮੁੱਖ ਮੰਤਰੀ ਅਸ਼ੋਕ ਗਹਿਲੋਤ ਵਿਰੁੱਧ ਟਿੱਪਣੀ ਕਰਨ 'ਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਕਾਂਗਰਸੀ ਆਗੂ ਤੇ ਸਾਬਕਾ ਵਿਧਾਇਕ ਸੁਰੇਂਦਰ ਸਿੰਘ ਜਦਾਵਤ ਦੀ ਸ਼ਿਕਾਇਤ ਦੇ ਆਧਾਰ 'ਤੇ ਐੱਫ ਆਈ ਆਰ ਦਰਜ ਕੀਤੀ ਗਈ ਹੈ। ਭਾਜਪਾ ਦੀ ਜਨ ਆਕ੍ਰੋਸ਼ ਰੈਲੀ 'ਚ ਸ਼ੇਖਾਵਤ ਨੇ ਕਥਿਤ ਤੌਰ 'ਤੇ ਗਹਿਲੋਤ ਨੂੰ 'ਰਾਜਸਥਾਨ ਵਿੱਚ ਸਿਆਸਤ ਦਾ ਰਾਵਣ' ਕਿਹਾ ਸੀ ਅਤੇ ਲੋਕਾਂ ਨੂੰ ਸੂਬੇ 'ਚ ਰਾਮ ਰਾਜ ਕਾਇਮ ਕਰਨ ਦਾ ਹੋਕਾ ਦਿੱਤਾ ਸੀ। ਜਦਾਵਤ ਨੇ ਕਿਹਾ ਕਿ ਸ਼ੇਖਾਵਤ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਧਾਰਮਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ।

## 'ਮਨ ਕੀ ਬਾਤ' ਮੇਰੇ ਲਈ ਰੂਹਾਨੀ ਯਾਤਰਾ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਆਕਾਸ਼ਵਾਣੀ 'ਤੇ ਪ੍ਰਸਾਰਤ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਨੂੰ ਭਾਰਤੀਆਂ ਦੀਆਂ ਭਾਵਨਾਵਾਂ ਦਾ ਪ੍ਰਗਟੀਕਰਨ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਪ੍ਰੋਗਰਾਮ ਨਾਲ ਜੁੜਨ ਵਾਲਾ ਹਰ ਵਿਸ਼ਾ ਜਨ ਅੰਦੋਲਨ ਬਣ ਗਿਆ ਹੈ। 'ਮਨ ਕੀ ਬਾਤ' ਦੀ 100ਵੀਂ ਕੜੀ 'ਚ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਮੋਦੀ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹਾਲਾਤ ਦੀ ਮਜਬੂਰੀ ਕਰ ਕੇ ਉਨ੍ਹਾ ਸਾਹਮਣੇ ਲੋਕਾਂ ਤੋਂ ਕੱਟੇ ਜਾਣ ਦੀ ਚੁਣੌਤੀ ਸੀ, ਪਰ 'ਮਨ ਕੀ ਬਾਤ' ਨੇ ਇਸ ਦਾ ਹੱਲ ਦਿੱਤਾ ਅਤੇ ਆਮ ਲੋਕਾਂ ਨਾਲ ਜੁੜਨ ਦਾ ਰਸਤਾ ਦਿਖਾਇਆ। ਉਨ੍ਹਾ ਕਿਹਾ—'ਮਨ ਕੀ ਬਾਤ' ਕਰੋੜਾਂ ਭਾਰਤੀਆਂ ਦੇ 'ਮਨ ਕੀ ਬਾਤ' ਹੈ। ਇਹ ਉਨ੍ਹਾਂ ਦੀਆਂ ਭਾਵਨਾਵਾਂ ਦਾ ਪ੍ਰਗਟੀਕਰਨ ਹੈ। 'ਮਨ ਕੀ ਬਾਤ' ਦੇਸ਼ ਵਾਸੀਆਂ ਦੀਆਂ ਚੰਗਿਆਈਆਂ ਅਤੇ ਉਨ੍ਹਾਂ ਦੀ ਸਕਾਰਾਤਮਿਕਤਾ ਦਾ ਇਕ ਨਿਵੇਕਲਾ ਤਿਓਹਾਰ ਬਣ ਗਿਆ ਹੈ। ਇਹ ਇਕ ਅਜਿਹਾ ਤਿਓਹਾਰ ਹੈ, ਜਿਹੜਾ ਹਰ ਮਹੀਨੇ ਆਉਂਦਾ ਹੈ ਅਤੇ ਜਿਸ ਦਾ ਸਾਰੇ ਇੰਤਜ਼ਾਰ ਕਰਦੇ ਹਨ। ਇਹ ਮੇਰੇ ਲਈ ਆਸਥਾ, ਪੂਜਾ ਤੇ ਵਰਤ ਹੈ। ਇਹ ਮੇਰੇ ਲਈ ਰੂਹਾਨੀ ਯਾਤਰਾ ਬਣ ਗਿਆ ਹੈ।

## ਸ਼ਿਮਲਾ ਚੱਲੇ ਆਂ ਤਾਂ...



**ਸ਼ਿਮਲਾ** : ਗਰਮੀਆਂ ਵਿਚ 15 ਅਪ੍ਰੈਲ ਤੋਂ ਲੈ ਕੇ 15 ਜੂਨ ਤੱਕ ਪਹਾੜਾਂ ਦੀ ਰਾਣੀ ਸ਼ਿਮਲਾ ਵਿਚ ਟ੍ਰੈਫਿਕ ਦਾ ਬੁਰਾ ਹਾਲ ਹੁੰਦਾ ਹੈ। ਇਸ ਦੇ ਇਲਾਜ ਵਜੋਂ ਪੁਲਸ ਸ਼ਿਮਲਾ ਦੇ ਐਂਟਰੀ ਪੁਆਇੰਟਾਂ 'ਤੇ ਗੱਡੀਆਂ ਨੂੰ 5 ਤੋਂ 10 ਮਿੰਟਾਂ ਤੱਕ ਰੋਕਣ ਦਾ ਤਜਰਬਾ ਕਰ ਰਹੀ ਹੈ। ਚੰਡੀਗੜ੍ਹ ਵੱਲੋਂ ਆਉਣ ਵਾਲੀਆਂ ਗੱਡੀਆਂ ਨੂੰ ਸ਼ੋਘੀ, ਉਪਰਲੇ ਸ਼ਿਮਲਾ/ ਕਨੌਰ ਤੋਂ ਆਉਣ ਵਾਲੀਆਂ ਨੂੰ ਛਾਬਰਾ ਅਤੇ ਮੰਡੀ, ਕਾਂਗੜਾ ਤੇ ਹਮੀਰਪੁਰ ਵੱਲੋਂ ਆਉਣ ਵਾਲੀਆਂ ਨੂੰ ਹੀਰਾਨਗਰ ਵਿਖੇ ਰੋਕਿਆ ਜਾ ਰਿਹਾ ਹੈ। ਐੱਸ ਪੀ ਸੰਜੀਵ ਕੁਮਾਰ ਗਾਂਧੀ ਮੁਤਾਬਕ ਸ਼ਹਿਰ ਦੀਆਂ ਸੜਕਾਂ ਕੰਢੇ ਲਗਭਗ 60 ਹਜ਼ਾਰ ਗੱਡੀਆਂ ਖੜ੍ਹੀਆਂ ਰਹਿੰਦੀਆਂ ਹਨ। ਹਫਤੇ ਦੇ ਅਖੀਰਲੇ ਦਿਨਾਂ ਵਿਚ ਔਸਤਨ ਲਗਭਗ 12 ਹਜ਼ਾਰ ਗੱਡੀਆਂ ਆਉਂਦੀਆਂ ਹਨ ਅਤੇ ਟੂਰਿਸਟ ਸੀਜ਼ਨ ਵਿਚ ਇਹ ਗਿਣਤੀ 26 ਹਜ਼ਾਰ ਤਕ ਪੁੱਜ ਜਾਂਦੀ ਹੈ। 16 ਥਾਂਵਾਂ 'ਤੇ ਟਰੈਫਿਕ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ। ਹੁਣ ਪੁਲਸ ਸ਼ੋਘੀ, ਛਾਬਰਾ ਤੇ ਹੀਰਾਨਗਰ ਵਿਚ ਟਰੈਫਿਕ ਲਾਈਟਾਂ ਲਾ ਰਹੀ ਹੈ, ਜਿਹੜੀਆਂ ਗੱਡੀਆਂ ਨੂੰ ਨਿਸਚਤ ਸਮੇਂ ਲਈ ਰੋਕਣਗੀਆਂ। ਗਾਂਧੀ ਨੇ ਦੱਸਿਆ ਕਿ ਸ਼ਿਮਲਾ ਦੀ ਸਾਹ-ਰਗ ਕੋਰਟ ਰੋਡ (ਸਰਕੂਲਰ ਰੋਡ) ਉੱਤੇ ਟਰੈਫਿਕ ਦੀ ਹਾਲਤ ਸੁਧਾਰਨ ਅਤੇ ਇੰਦਰਾ ਗਾਂਧੀ ਮੈਡੀਕਲ ਕਾਲਜ ਦੇ ਮਰੀਜ਼ਾਂ ਖਾਤਰ ਵਿਕਟਰੀ ਟਨਲ-ਸੰਜੌਲੀ ਰੋਡ ਤੱਕ ਨਿਰਵਿਘਨ ਪਹੁੰਚ ਯਕੀਨੀ ਬਣਾਉਣ ਲਈ ਐਂਟਰੀ ਪੁਆਇੰਟਾਂ 'ਤੇ ਟਰੈਫਿਕ ਰੋਕਣਾ ਜ਼ਰੂਰੀ ਹੋ ਗਿਆ ਹੈ। ਸ਼ਹਿਰ ਦੇ ਵਿਚਕਾਰ ਵਿਕਟਰੀ ਟਨਲ ਤੋਂ ਤਿੰਨ ਪਾਸਿਓਂ ਹਰ ਮਿੰਟ 'ਚ 50 ਗੱਡੀਆਂ ਲੰਘਦੀਆਂ ਹਨ, ਜਦਕਿ ਇਕ ਵਾਰ ਵਿਚ ਲਗਭਗ 20 ਲੰਘ ਸਕਦੀਆਂ ਹਨ। ਬਾਕੀ ਟਰੈਫਿਕ ਜਾਮ ਕਰ ਦਿੰਦੀਆਂ ਹਨ। ਹਰ ਮਿੰਟ ਬਾਅਦ 10 ਗੱਡੀਆਂ ਲੰਘਾਉਣ ਨਾਲ ਟਰੈਫਿਕ 'ਚ ਸੁਧਾਰ ਹੋ ਸਕਦਾ ਹੈ। ਪੁਲਸ ਦੇ ਇਸ ਤਜਰਬੇ ਬਾਰੇ ਮਿਲੀ-ਜੁਲੀ ਪ੍ਰਤੀਕਿਰਿਆ ਹੋਈ ਹੈ। ਸੋਲਨ ਤੋਂ ਰੋਜ਼ਾਨਾ ਸ਼ਿਮਲਾ ਆਉਣ ਵਾਲੇ ਮਨੀਸ਼ ਨੇ ਕਿਹਾ ਕਿ ਉਸ ਨੂੰ ਸ਼ੁੱਕਰਵਾਰ 20 ਮਿੰਟ ਰੋਕਿਆ ਗਿਆ ਤੇ ਉਹ ਦਫਤਰ ਤੋਂ ਲੇਟ ਹੋ ਗਿਆ। ਪਹਿਲਾਂ 103 ਨੰਬਰ ਟਨਲ ਤੋਂ ਟਰੈਫਿਕ ਜਾਮ ਸ਼ੁਰੂ ਹੋ ਜਾਂਦਾ ਸੀ। ਹੁਣ ਤਾਰਾ ਦੇਵੀ ਵਿਖੇ ਗੱਡੀਆਂ ਰੋਕੀਆਂ ਜਾ ਰਹੀਆਂ ਹਨ। ਪਹਿਲਾ ਪ੍ਰਬੰਧ ਬਿਹਤਰ ਸੀ। ਸ਼ਿਮਲਾ ਵਿਚ ਰਹਿੰਦੇ ਰਾਜੀਵ ਨੇ ਕਿਹਾ ਕਿ ਸ਼ਹਿਰ 15 ਹਜ਼ਾਰ ਦੀ ਆਬਾਦੀ ਲਈ ਬਣਾਇਆ ਗਿਆ ਸੀ, ਪਰ ਹੁਣ ਇਥੇ ਤਿੰਨ ਲੱਖ ਲੋਕ ਰਹਿ ਰਹੇ ਹਨ। ਗੱਡੀਆਂ ਵੀ ਕਈ ਗੁਣਾ ਵਧ ਗਈਆਂ ਹਨ।

ਫਰਵਰੀ 2021 ਵਿਚ ਵੇਲੇ ਦੇ ਐੱਸ ਪੀ ਮੋਹਿਤ ਚਾਵਲਾ ਨੇ ਕਿਹਾ ਸੀ ਕਿ ਸ਼ਹਿਰ ਵਿਚ ਲਗਭਗ ਇਕ ਲੱਖ 20 ਹਜ਼ਾਰ ਰਜਿਸਟਰਡ ਮੋਟਰ ਗੱਡੀਆਂ ਹਨ, ਜਦਕਿ ਪਾਰਕਿੰਗ ਸਮਰੱਥਾ ਢਾਈ ਤੋਂ ਪੰਜ ਹਜ਼ਾਰ ਦੀ ਹੈ।

## ਸਿਰਸਾ 'ਚ ਬੇਅਦਬੀ ਦੀ ਕੋਸ਼ਿਸ਼ ਦੇ ਦੋਸ਼ 'ਚ ਨੌਜਵਾਨ ਫੜਿਆ

**ਸਿਰਸਾ** : ਇੱਥੋਂ ਦੀ ਜੇ ਜੇ ਕਾਲੋਨੀ ਸਥਿਤ ਗੁਰਦੁਆਰੇ 'ਚ ਇਕ ਨੌਜਵਾਨ ਵੱਲੋਂ ਕਥਿਤ ਤੌਰ 'ਤੇ ਬੇਅਦਬੀ ਦੀ ਕੋਸ਼ਿਸ਼ ਕੀਤੀ ਗਈ। ਪੁਲਸ ਨੇ ਉਸ ਨੂੰ ਫੜ ਲਿਆ ਹੈ। ਗ੍ਰੰਥੀ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਹ ਐਤਵਾਰ ਸਵੇਰੇ ਕਰੀਬ 4.15 ਵਜੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਈ ਜਦੋਂ ਇਸ਼ਨਾਨ ਕਰ ਰਿਹਾ ਸੀ ਤਾਂ ਨੌਜਵਾਨ ਘਰ ਆਇਆ ਤੇ ਉਸ ਨੇ ਗੁਰਦੁਆਰੇ ਦੇ ਮੁੱਖ ਦਰਵਾਜ਼ੇ ਦੀਆਂ ਚਾਬੀਆਂ ਲੈ ਕੇ ਜਿੰਦਰਾ ਖੋਲ੍ਹ ਲਿਆ। ਜਦੋਂ ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਈ ਆਇਆ ਤਾਂ ਉਸ ਨੇ ਦੇਖਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਪੀੜ੍ਹਾ ਤਖ਼ਤ ਤੋਂ ਹੇਠਾਂ ਸੁੱਟਿਆ ਹੋਇਆ ਸੀ ਅਤੇ ਗੁਟਕੇ ਤੇ ਰੁਮਾਲੇ ਵੀ ਇੱਧਰ-ਉੱਧਰ ਸੁੱਟੇ ਪਏ ਸਨ ਅਤੇ ਨੌਜਵਾਨ ਉਥੋਂ ਭੱਜ ਗਿਆ। ਸੂਚਨਾ ਮਿਲਣ 'ਤੇ ਵੱਡੀ ਗਿਣਤੀ 'ਚ ਸੰਗਤ ਗੁਰਦੁਆਰੇ ਪਹੁੰਚੀ ਤੇ ਮੁਲਜ਼ਮ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਥਾਣਾ ਸਿਟੀ ਦੇ ਇੰਚਾਰਜ ਅਮਿਤ ਬੈਨੀਵਾਲ ਨੇ ਕਿਹਾ ਕਿ ਪੁਲਸ ਡੂੰਘਾਈ ਨਾਲ ਮਾਮਲੇ ਦੀ ਜਾਂਚ ਕਰ ਰਹੀ ਹੈ।

## ਬ੍ਰਿਜ ਭੂਸ਼ਣ ਨੇ ਅਖਿਲੇਸ਼ ਨੂੰ ਸਲਾਹਿਆ



**ਗੋਂਡਾ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਮ ਸਿੰਘ ਨੇ ਉਨ੍ਹਾ ਖਿਲਾਫ ਨਵੀਂ ਦਿੱਲੀ ਦੇ ਜੰਤਰ-ਮੰਤਰੀ 'ਤੇ ਚੱਲ ਰਹੇ ਪਹਿਲਵਾਨਾਂ ਦੇ ਧਰਨੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ। ਬ੍ਰਿਜ ਭੂਸ਼ਣ 'ਤੇ ਪਹਿਲਵਾਨਾਂ ਨੇ ਧਮਕਾਉਣ ਤੇ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਲਗਾਏ ਹਨ। ਉਸ ਨੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਉਨ੍ਹਾ ਦੀ ਪਾਰਟੀ ਦੇ ਰੁਖ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜਵਾਦੀ ਪਾਰਟੀ ਧਰਨੇ ਨਾਲ ਨਾ ਜੁੜ ਕੇ ਸੱਚਾਈ ਦੇ ਨਾਲ ਖੜ੍ਹੀ ਹੈ। ਉਸ ਨੇ ਕਿਹਾ ਕਿ ਧਰਨਾ ਦੇ ਰਹੇ ਪਹਿਲਵਾਨ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਦੇ ਹੱਥਾਂ ਦੇ ਖਿਡੌਣੇ ਬਣ ਗਏ ਹਨ। ਉਨ੍ਹਾਂ ਦਾ ਮਕਸਦ ਉਨ੍ਹਾ ਦਾ ਅਸਤੀਫਾ ਨਹੀਂ ਹੈ ਬਲਕਿ ਸਿਆਸੀ ਹੈ। ਉਸ ਨੇ ਕਿਹਾ ਕਿ ਜੇ ਯੂ ਪੀ ਵਿਚ 10 ਹਜ਼ਾਰ ਪਹਿਲਵਾਨ ਹਨ ਤਾਂ ਉਨ੍ਹਾਂ ਵਿੱਚੋਂ 8 ਹਜ਼ਾਰ ਯਾਦਵ ਭਾਈਚਾਰੇ ਦੇ ਹਨ। ਉਹ ਸਮਾਜਵਾਦੀ ਪਰਿਵਾਰ ਨਾਲ ਸੰਬੰਧਤ ਹਨ ਤੇ ਇਸ ਕਰਕੇ ਉਨ੍ਹਾਂ ਨੂੰ ਹਕੀਕਤ ਦਾ ਪਤਾ ਹੈ।

ਉਸ ਨੇ ਕਿਹਾ ਕਿ ਉਸਨੂੰ ਅਜੇ ਤੱਕ ਐੱਫ ਆਈ ਆਰ ਦੀ ਕਾਪੀ ਵੀ ਨਹੀਂ ਮਿਲੀ ਹੈ। ਬ੍ਰਿਜ ਭੂਸ਼ਣ ਨੇ ਕਿਹਾ—ਪ੍ਰਦਰਸ਼ਨ ਕਰਨਾ ਉਨ੍ਹਾਂ ਦਾ ਅਧਿਕਾਰ ਹੈ ਪਰ ਕੀ ਰੇਲਵੇ ਨਾਲ ਸੰਬੰਧਤ ਕੋਈ ਖਿਡਾਰੀ ਇਸ ਤਰ੍ਹਾਂ ਧਰਨੇ 'ਤੇ ਬੈਠ ਸਕਦਾ ਹੈ? ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਖਿਲਾਫ ਇਤਰਾਜ਼ਯੋਗ ਨਾਅਰੇ ਲਾਏ ਜਾ ਰਹੇ ਹਨ।

ਉਸ ਨੇ ਇਹ ਵੀ ਕਿਹਾ ਕਿ ਜੇ ਪ੍ਰੋਟੈੱਸਟਰ ਉਸਦੇ ਅਸਤੀਫੇ ਨਾਲ ਘਰ ਪਰਤ ਸਕਦੇ ਹਨ ਤੇ ਆਰਾਮ ਨਾਲ ਸੌਂ ਸਕਦੇ ਹਨ ਤਾਂ ਉਹ ਪ੍ਰਧਾਨਗੀ ਛੱਡਣ ਲਈ ਤਿਆਰ ਹੈ।

## ਮੋਦੀ ਨੇ ਕਾਂਗਰਸ 'ਤੇ ਡਬਲ ਕਮਿਸ਼ਨ ਦਾ ਦੋਸ਼ ਮੜ੍ਹਿਆ

**ਕੋਲਾਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣ ਰੈਲੀ 'ਚ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦਾ ਸੰਬੰਧ '85 ਫੀਸਦੀ ਕਮਿਸ਼ਨ' ਨਾਲ ਰਿਹਾ ਹੈ ਅਤੇ ਹਜ਼ਾਰਾਂ ਕਰੋੜ ਰੁਪਏ ਦੇ ਘੁਟਾਲੇ ਦੇ ਸਿਲਸਿਲੇ 'ਚ 'ਸ਼ਾਹੀ ਪਰਿਵਾਰ' ਜ਼ਮਾਨਤ 'ਤੇ ਹੈ। ਕਾਂਗਰਸ ਪ੍ਰਧਾਨ ਐੱਮ ਮਲਿਕਾਰਜੁਨ ਖੜਗੇ ਵੱਲੋਂ ਉਨ੍ਹਾ ਨੂੰ 'ਜ਼ਹਿਰੀਲਾ ਸੱਪ' ਕਹੇ ਜਾਣ ਨੂੰ ਲੈ ਕੇ ਉਨ੍ਹਾ ਖੜਗੇ ਉੱਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਸੱਪ ਭਗਵਾਨ ਸ਼ਿਵ ਦੇ ਗਲੇ ਦੀ ਸ਼ੋਭਾ ਹੈ ਅਤੇ ਉਨ੍ਹਾ ਵਾਸਤੇ ਦੇਸ਼ ਦੀ ਜਨਤਾ 'ਰੱਬ' ਦਾ ਰੂਪ ਹੈ, ਇਸ ਵਾਸਤੇ ਉਨ੍ਹਾ ਨੂੰ ਭਗਵਾਨ ਦੇ ਗਲੇ ਦੇ ਸੱਪ ਨਾਲ ਤੁਲਨਾ ਕਰਨ 'ਤੇ ਕੋਈ ਪ੍ਰੇਸ਼ਾਨੀ ਨਹੀਂ ਹੈ। ਚੇਤੇ ਰਹੇ ਕਿ ਕਾਂਗਰਸ ਰੈਲੀਆਂ ਵਿਚ ਪ੍ਰਚਾਰ ਕਰ ਰਹੀ ਹੈ ਕਿ ਕਰਨਾਟਕ ਦੀ ਭਾਜਪਾ ਸਰਕਾਰ ਹਰ ਠੇਕੇ 'ਚ 40 ਫੀਸਦੀ ਕਮਿਸ਼ਨ ਕੱਟਦੀ ਹੈ।

## ਭਾਜਪਾ ਮੋਦੀ ਦੇ ਨਾਂਅ 'ਤੇ ਵੋਟਾਂ ਮੰਗ ਰਹੀ, ਅਸੀਂ ਲੋਕਾਂ ਦੇ ਮੁੱਦੇ ਚੁੱਕ ਰਹੇ : ਰਮੇਸ਼

**ਨਵੀਂ ਦਿੱਲੀ** : ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਭਾਜਪਾ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ 'ਤੇ ਵੋਟ ਮੰਗ ਰਹੀ ਹੈ ਜਦਕਿ ਕਾਂਗਰਸ ਪ੍ਰਧਾਨ ਮੰਤਰੀ ਦੇ 'ਵੋਕਲ ਫਾਰ ਲੋਕਲ' ਨਾਅਰੇ ਨੂੰ ਅਪਣਾ ਕੇ ਸੂਬਿਆਂ ਦੇ ਲੋਕਾਂ ਦੇ ਮੁੱਦੇ ਉਠਾ ਰਹੀ ਹੈ। ਰਮੇਸ਼ ਨੇ ਕਿਹਾ ਕਿ ਕਰਨਾਟਕ ਨੂੰ ਭਾਜਪਾ ਰਾਜ ਦੇ ਚਾਰ ਸਾਲ ਬਾਅਦ 'ਵਿਟਾਮਿਨ-ਪੀ' ਦੀ ਲੋੜ ਹੈ, ਜਿੱਥੇ 'ਪੀ' ਦਾ ਮਤਲਬ ਕਾਂਗਰਸ ਦੀ 'ਪਰਫਾਰਮੈਂਸ' (ਪ੍ਰਦਰਸ਼ਨ) ਤੋਂ ਹੈ, ਨਾ ਕਿ ਭਾਜਪਾ ਦੇ 'ਪੋਲਰਾਈਜ਼ੇਸ਼ਨ' (ਧਰੁਵੀਕਰਨ) ਤੋਂ।

## 'ਤਾਜਪੋਸ਼ੀ ਪਰਦੇ' 'ਤੇ ਸਾਰੇ ਰਾਸ਼ਟਰਮੰਡਲ ਦੇਸ਼ਾਂ ਦੇ ਨਾਂਅ

**ਲੰਡਨ** : ਇਥੇ 6 ਮਈ ਨੂੰ ਵੈਸਟਮਿੰਸਟਰ ਐਬੇ 'ਚ ਬਾਦਸ਼ਾਹ ਚਾਰਲਸ ਤੀਜੇ ਦੀ ਤਾਜਪੋਸ਼ੀ 'ਚ ਸਭ ਤੋਂ ਪਵਿੱਤਰ ਧਾਰਮਕ ਰਸਮ ਲਈ ਇਸਤੇਮਾਲ ਹੋਣ ਵਾਲੇ ਕੱਪੜੇ ਦੇ ਪਰਦੇ 'ਤੇ ਭਾਰਤ ਸਣੇ ਰਾਸ਼ਟਰਮੰਡਲ ਦੇ ਹਰੇਕ ਮੈਂਬਰ ਦੇਸ਼ ਦਾ ਨਾਂਅ ਦਰਜ ਹੈ। ਬਰਤਾਨਵੀ ਰਾਜਸ਼ਾਹੀ ਦੇ ਲੰਡਨ ਸਥਿਤ ਅਧਿਕਾਰਤ ਨਿਵਾਸ ਬਕਿੰਘਮ ਪੈਲੇਸ ਨੇ ਇਹ ਜਾਣਕਾਰੀ ਦਿੱਤੀ ਹੈ। ਤਾਜਪੋਸ਼ੀ ਪਰਦੇ 'ਚ ਇਕ ਦਰੱਖਤ ਬਣਿਆ ਹੋਇਆ ਹੈ ਅਤੇ ਉਸ ਦੀਆਂ 56 ਟਹਿਣੀਆਂ 'ਤੇ ਰਾਸ਼ਟਰਮੰਡਲ ਦੇਸ਼ਾਂ ਦੇ ਨਾਂਅ ਹਨ। ਪੈਲੇਸ ਨੇ ਕਿਹਾ ਕਿ ਇਹ 74 ਸਾਲਾ ਬਾਦਸ਼ਾਹ ਦੇ ਇਸ ਸੰਗਠਨ ਲਈ 'ਡੂੰਘੇ ਪਿਆਰ' ਨੂੰ ਦਰਸਾਉਂਦਾ ਹੈ।

## ਅੱਜ-ਨਾਮਾ

ਹੋਈ ਲੀਕ ਲੁਧਿਆਣੇ ਵਿੱਚ ਗੈਸ ਸੁਣਿਆ,
ਹੋਈ ਨਾ ਹਾਲਤ ਸੀ ਤੁਰਤ ਸੰਭਾਲ ਮੀਆਂ।
ਸੁਣਿਆ ਦਰਜਨ ਤੋਂ ਵੱਧ ਗਏ ਲੋਕ ਮਾਰੇ,
ਪੀੜਤ ਬਾਕੀਆਂ ਦਾ ਮੰਦਾ ਏ ਹਾਲ ਮੀਆਂ।
ਕਿੱਧਰੋਂ ਕਿੱਦਾਂ ਇਹ ਗੈਸ ਆ ਲੀਕ ਹੋਈ,
ਪੁੱਛ ਰਹੇ ਲੋਕ ਆ ਸਿਰਫ ਸਵਾਲ ਮੀਆਂ।
ਮਿਲਿਆ ਕੋਈ ਵੀ ਉੱਤਰ ਨਾ ਦੇਣ ਵਾਲਾ,
ਕਹਿ ਰਹੇ ਜਾਊਗੀ ਕਰੀ ਪੜਤਾਲ ਮੀਆਂ।
ਪਹਿਲੀ ਵਾਰ ਨਹੀਂ ਏਦਾਂ ਦੀ ਹੋਈ ਘਟਨਾ,
ਖੋਲ੍ਹਿਆ ਜਾਂਚ ਨਾ ਕਦੀ ਕੋਈ ਰਾਜ਼ ਮੀਆਂ।
ਲੱਗਿਆ ਜਾਂਚ ਦਾ ਕਦੀ ਨਹੀਂ ਸਿਰਾ-ਬੰਨਾ,
ਹੁੰਦਾ ਈ ਦੋਸ਼ੀ ਦਾ ਆਖਰ ਲਿਹਾਜ਼ ਮੀਆਂ।

-ਤੀਸ ਮਾਰ ਖਾਂ

## ਨਹੀਂ ਬਦਲੇ ਸਰਹੱਦੀ ਪਿੰਡਾਂ ਦੇ ਹਾਲਾਤ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਸਰਹੱਦੀ ਪਿੰਡਾਂ ਦੇ ਲੋਕ ਕਾਫੀ ਮੁਸੀਬਤਾਂ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਬਾਰਡਰ ਪੱਟੀ 'ਤੇ ਵਸੇ ਪਿੰਡਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਦੇਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਰਹੇ ਹਨ, ਪਰ ਫਿਰ ਵੀ ਇਨ੍ਹਾਂ ਪਿੰਡਾਂ ਦੇ ਲੋਕ ਦੂਜੇ ਪਿੰਡਾਂ ਨਾਲੋਂ ਬੁਨਿਆਦੀ ਸਹੂਲਤਾਂ ਦੇ ਮਾਮਲੇ ਵਿੱਚ ਕਾਫੀ ਪਛੜੇ ਹੋਏ ਹਨ। ਜੇਕਰ ਗੱਲ ਕਰੀਏ ਫਾਜ਼ਿਲਕਾ ਦੇ ਬਾਰਡਰ ਪੱਟੀ 'ਤੇ ਵਸੇ ਪਿੰਡ ਤੇਜਾ ਰੁਹੇਲਾ ਦੀ ਤਾਂ ਬਿਲਕੁਲ ਜ਼ੀਰੋ ਲਾਈਨ 'ਤੇ ਸਥਿਤ ਇਸ ਪਿੰਡ ਦੇ ਲੋਕ ਅਜ਼ਾਦੀ ਦੇ 75 ਸਾਲਾਂ ਤੋਂ ਵੱਧ ਦਾ ਸਮਾਂ ਬੀਤ ਜਾਣ 'ਤੇ ਵੀ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਇਨ੍ਹਾਂ ਪਿੰਡਾਂ ਦੇ ਜ਼ਿਆਦਾਤਰ ਕਿਸਾਨਾਂ ਦੀਆਂ ਜ਼ਮੀਨਾਂ ਕੰਡਿਆਲੀ ਤਾਰ ਤੋਂ ਪਾਰ ਹਨ, ਜਿਸ ਕਾਰਨ ਇਨ੍ਹਾਂ ਨੂੰ ਜ਼ਿਆਦਾਤਰ ਬੀ ਐੱਸ ਐੱਫ ਦੀ ਦਇਆ ਆਸਰੇ ਹੀ ਨਿਰਭਰ ਰਹਿਣਾ ਪੈਂਦਾ ਹੈ। ਕੰਡਿਆਲੀ ਤਾਰ ਤੋਂ ਪਾਰ ਦੇ ਕਿਸਾਨਾਂ ਨੂੰ ਤਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ, ਇਸ ਤੋਂ ਇਲਾਵਾ ਇਸ ਪਿੰਡ ਦੇ ਹੀ ਨਜ਼ਦੀਕ ਵਗਦੇ ਦਰਿਆ ਤੋਂ ਪਾਰ ਕੰਡਿਆਲੀ ਤਾਰ ਤੋਂ ਲੱਗਭੱਗ 500 ਮੀਟਰ ਦੇ ਪਿਛਲੇ ਏਰੀਏ ਚ ਖੇਤੀ ਕਰਦੇ ਕੁਝ ਕਿਸਾਨ ਵੀ ਦੂਜੇ ਕਿਸਾਨਾਂ ਨਾਲੋਂ ਬਹੁਤ ਜ਼ਿਆਦਾ ਪ੍ਰੇਸਾਨੀਆਂ ਦਾ ਸਾਹਮਣਾ ਕਰ ਰਹੇ ਹਨ। ਜਦੋਂ ਸਾਡੀ ਟੀਮ ਵੱਲੋਂ ਇਸ ਥਾਂ ਮੌਕੇ 'ਤੇ ਜਾ ਕੇ ਦੇਖਿਆ ਗਿਆ ਤਾਂ ਉੱਥੇ ਕੁਝ ਕਿਸਾਨ ਆਪਣੇ ਪਰਵਾਰ ਸਮੇਤ ਦਰਿਆ ਨੂੰ ਕਿਸ਼ਤੀ ਰਾਹੀਂ ਪਾਰ ਕਰ ਰਹੇ ਸਨ। ਇਹ ਇੱਕ ਕਿਨਾਰੇ ਕਿਸ਼ਤੀ ਤੋਂ ਜਾ ਰਹੇ ਸਨ ਅਤੇ ਦੂਜੇ ਕਿਨਾਰੇ ਤੋਂ ਆਪਣੀ ਹੱਥਾਂ ਨਾਲ ਵੱਢੀ ਕਣਕ ਨੂੰ ਕਿਸ਼ਤੀ 'ਤੇ ਲੱਦ ਕੇ ਫਿਰ ਵਾਪਸ ਲਿਆ ਰਹੇ ਸਨ। ਉਨ੍ਹਾਂ ਦੀ ਅਜਿਹੀ ਤਰਸਯੋਗ

● ਬਾਕੀ ਸਫ਼ਾ 5 'ਤੇ

## ਕਾਮਰੇਡ ਮਨੋਹਰ ਲਾਲ ਸ਼ਰਮਾ ਨੂੰ ਸ਼ਰਧਾਂਜਲੀ



ਟੈਲੀਕਾਮ ਮੁਲਾਜ਼ਮਾਂ ਦੇ ਆਗੂ **ਕਾਮਰੇਡ ਮਨੋਹਰ ਲਾਲ ਸ਼ਰਮਾ** ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ। ਉਹਨਾ ਦੀ ਯਾਦ ਵਿੱਚ ਪਰਵਾਰ ਵੱਲੋਂ 5 ਹਜ਼ਾਰ ਰੁਪਏ ਤੇ ਉਹਨਾ ਦੇ ਸਾਥੀ ਨਿਰਮਲ ਪ੍ਰਸਾਦ ਵੱਲੋਂ 5 ਹਜ਼ਾਰ ਰੁਪਏ 'ਨਵਾਂ ਜ਼ਮਾਨਾ' ਨੂੰ ਸਹਾਇਤਾ ਵਜੋਂ ਭੇਟ ਕੀਤੇ ਗਏ ਹਨ। ਅਦਾਰਾ ਸਾਥੀ ਨੂੰ ਸ਼ਰਧਾ ਭੇਟ ਕਰਦਾ ਹੈ।

1-May-PAGE-4.qxd 4/30/2023 8:46 PM Page 1



# ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਨੇ ਮਾਨ ਸਰਕਾਰ ਦੀ ਵਾਅਦਾ ਖਿਲਾਫ਼ੀ ਵਿਰੁੱਧ ਹਲਕਾ ਨਕੋਦਰ 'ਚ ਕੀਤਾ ਵਿਸ਼ਾਲ ਝੰਡਾ ਮਾਰਚ





**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਮੁਕੰਮਲ ਤੌਰ 'ਤੇ ਅੱਖੋਂ ਪਰੋਖੇ ਕਰਨ ਖਿਲਾਫ ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਹਲਕਾ ਨਕੋਦਰ ਦੇ ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਝੰਡਾ ਮਾਰਚ ਕੀਤਾ ਗਿਆ, ਜੋ ਭਾਰੀ ਗਿਣਤੀ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸੈਂਕੜੇ ਕਾਰਾਂ, ਕੈਂਟਰਾਂ ਅਤੇ ਮੋਟਰਸਾਈਕਲਾਂ ਦੇ ਕਾਫਲਿਆਂ ਸਮੇਤ ਪਿੰਡ ਨਕੋਦਰ, ਮਾਹੂੰਵਾਲ,ਬੀਰ ਪਿੰਡ, ਲਿੱਤਰਾਂ, ਸ਼ੰਕਰ, ਸਰੀਂਹ, ਭੰਡਾਲ ਹਿੰਮਤ, ਨੂਰਮਹਿਲ ਸ਼ਹਿਰ ਦੇ ਆਲੇ ਦੁਆਲੇ ਸਮੇਤ ਦਰਜਨਾਂ ਪਿੰਡਾਂ 'ਚੋਂ ਹੁੰਦਾ ਹੋਇਆ ਨੂਰਮਹਿਲ ਦੇ ਸਿਵਲ ਹਸਪਤਾਲ ਨੇੜੇ ਸਮਾਪਤ ਕੀਤਾ। ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਕੀਤੇ ਗਏ ਪੜਾਵਾਂ ਦਰਮਿਆਨ ਨਕੋਦਰ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਸਤੀਸ਼ ਰਾਣਾ, ਬਾਜ ਸਿੰਘ ਖਹਿਰਾ, ਗਗਨਦੀਪ ਬਠਿੰਡਾ, ਗੁਲਜ਼ਾਰ ਸਿੰਘ, ਕੁਲਵਰਨ ਸਿੰਘ, ਹਰਿੰਦਰ ਦੋਸਾਂਝ, ਜਸਵੀਰ ਤਲਵਾੜਾ, ਰਾਧੇ ਸ਼ਿਆਮ, ਗੁਰਮੇਲ ਸਿੰਘ ਮੈਲਡੇ, ਗੁਰਪ੍ਰੀਤ ਸਿੰਘ ਮਾੜੀਮੇਘਾ, ਧੰਨਵੰਤ ਸਿੰਘ ਭੱਠਲ ਅਤੇ ਬੋਬਿੰਦਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਨਾਲ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਮੇਤ ਸਮੁੱਚੇ 37 ਕਿਸਮ ਦੇ ਭੱਤੇ ਤੇ ਏ.ਸੀ.ਪੀ. ਆਦਿ ਬਹਾਲ ਕਰਨ ਅਤੇ ਰੋਕੇ ਗਏ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕਰਨ ਤੋਂ ਜਿੱਥੇ ਇਨਕਾਰੀ ਹੈ, ਉਥੇ ਹੀ ਮੁੱਖ ਮੰਤਰੀ ਪੰਜਾਬ ਵੱਲੋਂ ਸਾਂਝੇ ਫਰੰਟ ਨੂੰ ਦੋ ਵਾਰੀ ਮੀਟਿੰਗ ਦਾ ਸਮਾਂ ਦੇਣ ਦੇ ਬਾਵਜੂਦ ਮੀਟਿੰਗ ਨਹੀਂ ਕੀਤੀ ਗਈ। ਜਿਸ ਕਾਰਨ ਸਾਂਝੇ ਫਰੰਟ ਵੱਲੋਂ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਵੱਖ ਵੱਖ ਹਲਕਿਆਂ ਵਿਖੇ ਝੰਡਾ ਮਾਰਚ ਕਰਕੇ ਸਰਕਾਰ ਦੀ ਪੋਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਅਨੁਸਾਰ ਅੱਜ ਨਕੋਦਰ ਹਲਕੇ ਵਿੱਚ ਕੀਤੇ ਗਏ ਦੂਜੇ ਝੰਡਾ ਮਾਰਚ ਨੂੰ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ।

ਇਸ ਮੌਕੇ ਵੱਖ ਵੱਖ ਪੜਾਵਾਂ 'ਤੇ ਸੰਬੋਧਨ ਕਰਦਿਆਂ ਤੀਰਥ ਸਿੰਘ ਬਾਸੀ, ਐਨ.ਡੀ.ਤਿਵਾੜੀ, ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਪੁਆਰੀ, ਭਜਨ ਸਿੰਘ ਗਿੱਲ, ਵਰਿੰਦਰ ਸਿੰਘ ਵਿੱਕੀ, ਚਰਨਜੀਤ ਧਾਲੀਵਾਲ, ਦਰਸ਼ਨ ਸਿੰਘ, ਸੁਰਿੰਦਰ ਰਾਮ ਕੁੱਸਾ, ਹਰਜੰਟ ਸਿੰਘ, ਸੀਸਨ ਕੁਮਾਰ, ਨਵਪ੍ਰੀਤ ਸਿੰਘ ਬੱਲੀ, ਮਨਦੀਪ ਕੌਰ ਸੰਧੂ, ਗੁਰਿੰਦਰਜੀਤ ਸਿੰਘ, ਸਤਨਾਮ ਸਿੰਘ ਰੰਧਾਵਾ, ਤਰਸੇਮ ਮਾਧੋਪੁਰੀ, ਕੁਲਦੀਪ ਵਾਲੀਆ, ਕਮਲਜੀਤ ਸੰਗੋਵਾਲ, ਬੁਰੂ ਰਾਮ, ਸ਼ਿਵ ਕੁਮਾਰ ਤਿਵਾੜੀ, ਬਲਜੀਤ ਸਿੰਘ ਕੁਲਾਰ, ਕਰਨੈਲ ਫਿਲੌਰ, ਨਿਰਮੋਲਕ ਸਿੰਘ ਹੀਰਾ, ਮਨੋਹਰ ਲਾਲ ਬਰਨਾਲਾ, ਕਰਮਜੀਤ ਸ਼ਰਮਾ ਮੁਕਤਸਰ, ਨੋਪਾ ਰਾਮ ਫਾਜ਼ਿਲਕਾ ਆਦਿ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਨਾ ਤਾਂ ਕਿਸੇ ਵੀ ਕੱਚੇ ਮੁਲਾਜ਼ਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਗਈ ਹੈ, ਜਦਕਿ ਹਰ ਰੋਜ਼ ਇਨ੍ਹਾਂ ਫੈਸਲਿਆਂ ਦੀ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਲ ਸਰੋਤ ਵਿਭਾਗ ਅੰਦਰ ਬੇਲਦਾਰਾਂ ਸਮੇਤ ਦਰਜਾ ਚਾਰ ਦੀਆਂ 10 ਹਜ਼ਾਰ ਤੋਂ ਵਧੇਰੇ ਪੋਸਟਾਂ ਖਤਮ ਕਰ ਦਿੱਤੀਆਂ ਗਈਆਂ ਹਨ। ਆਗੂਆਂ ਨੇ ਆਖਿਆ ਕਿ ਜੇਕਰ ਪੰਜਾਬ ਸਰਕਾਰ ਨੇ ਸਾਂਝੇ ਫਰੰਟ ਦੀਆਂ ਮੰਗਾਂ ਪ੍ਰਤੀ ਕੋਈ ਗੰਭੀਰਤਾ ਨਾ ਦਿਖਾਈ ਤਾਂ 7 ਮਈ ਨੂੰ ਜਲੰਧਰ ਸ਼ਹਿਰ ਵਿਖੇ ਤੀਸਰਾ ਵਿਸ਼ਾਲ ਝੰਡਾ ਮਾਰਚ ਕੀਤਾ ਜਾਵੇਗਾ। ਇਸ ਮੌਕੇ ਇੰਦਰਜੀਤ ਵਿਰਦੀ, ਸੁਭਾਸ਼ ਮੱਟੂ, ਰਸਪਿੰਦਰ ਸੋਨੂ, ਅਮਰੀਕ ਸਿੰਘ, ਕਰਮ ਸਿੰਘ ਰੋਪੜ, ਜਤਿੰਦਰ ਕੁਮਾਰ, ਕੁਲਦੀਪ ਸਿੰਘ ਦੌੜਕਾ, ਜਸਪਾਲ ਸੰਧੂ, ਵਿੱਦਿਆ ਸਾਗਰ, ਕੁਲਦੀਪ ਸਿੰਘ ਬਾਹਮਣੀਆਂ, ਰਾਣੋ ਖੇੜੀ, ਗੁਰਪ੍ਰੀਤ ਕੌਰ, ਜਸਵਿੰਦਰ ਟਾਹਲੀ,ਆਦਿ ਵੀ ਹਾਜ਼ਰ ਸਨ।

# ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਡਿਗਰੀ ਵੰਡ ਸਮਾਰੋਹ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਇਥੇ ਚੱਲ ਰਹੇ ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਆਯੋਜਿਤ ਕੀਤੇ ਡਿਗਰੀ ਵੰਡ ਸਮਾਰੋਹ ਦੌਰਾਨ 300 ਤੋਂ ਵੱਧ ਵਿਦਿਆਰਥੀਆਂ ਨੂੰ ਡਿਗਰੀਆਂ ਤਕਸੀਮ ਕੀਤੀਆਂ ਗਈਆਂ। ਇਸ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ ਦੌਰਾਨ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਜੀਵਨ ਦੇ ਅਗਲੇ ਪੜਾਵਾਂ ਦੌਰਾਨ ਸਮਾਜ ਦੀ ਬੇਹਤਰੀ ਲਈ ਯੋਗਦਾਨ ਪਾਉਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਵਿੱਦਿਆ ਦਾ ਮੰਤਵ ਕੇਵਲ ਅਕਾਦਮਿਕ ਪ੍ਰਾਪਤੀਆਂ ਹੀ ਨਹੀਂ ਹਨ, ਸਗੋਂ ਇਹ ਨਿੱਗਰ ਸਮਾਜ ਦੀ ਸਥਾਪਨਾ ਲਈ ਮਨੁੱਖ ਦੇ ਸਰਵਪੱਖੀ ਵਿਕਾਸ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਵਿਦਿਅਕ ਅਦਾਰਿਆਂ 'ਚ ਮਿਲਦੀਆਂ ਜੀਵਨ ਸੇਧਾਂ ਮਨੁੱਖੀ ਜੀਵਨ ਲਈ ਬੇਹੱਦ ਮਹੱਤਵਪੂਰਨ ਹੁੰਦੀਆਂ ਹਨ, ਜੋ ਸਾਰੀ ਜ਼ਿੰਦਗੀ ਮਨੁੱਖ ਦੇ ਨਾਲ ਰਹਿੰਦੀਆਂ ਹਨ। ਉਨ੍ਹਾਂ ਖ਼ੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਖ਼ਾਲਸੇ ਦੇ ਸਾਜਨਾ ਦਿਵਸ ਦੀ 300 ਸਾਲਾ ਸ਼ਤਾਬਦੀ ਮੌਕੇ ਸਥਾਪਤ ਕੀਤੇ ਗਏ ਇਸ ਵਿੱਦਿਅਕ ਅਦਾਰੇ ਨੇ ਆਪਣੇ ਸਫ਼ਰ ਦੌਰਾਨ ਅਹਿਮ ਪ੍ਰਾਪਤੀਆਂ ਕੀਤੀਆਂ ਹਨ ਅਤੇ ਇਹ ਮੰਤਵ ਦੀ ਪੂਰਤੀ ਲਈ ਸਫਲ ਸਿੱਧ ਹੋਇਆ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵਿਦਿਆ ਦੇ ਪ੍ਰਚਾਰ ਪ੍ਰਸਾਰ ਲਈ ਵੱਡੀ ਭੂਮਿਕਾ ਨਿਭਾਅ ਰਹੀ ਹੈ ਅਤੇ 100 ਤੋਂ ਵੱਧ ਵਿੱਦਿਆ ਅਦਾਰੇ ਇਸ ਦੀ ਮਿਸਾਲ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਣਾ ਕੀਤੀ ਕਿ ਉਹ ਇਥੋਂ ਵਿਦਿਆ ਪ੍ਰਾਪਤੀ ਮਗਰੋਂ ਕਾਲਜ ਦੀਆਂ ਪ੍ਰਾਪਤੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਕਾਰਜਾਂ ਬਾਰੇ ਪ੍ਰਚਾਰ ਜ਼ਰੂਰ ਕਰਨ। ਇਸ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਜੀ-ਆਇਆਂ ਕਿਹਾ ਅਤੇ ਕਾਲਜ ਵੱਲੋਂ ਚਲਾਏ ਜਾਂਦੇ ਕੋਰਸਾਂ ਸਮੇਤ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਰਿਪੋਰਟ ਪੇਸ਼ ਕਰਦਿਆਂ ਬੀਤੇ ਸਮੇਂ 'ਚ ਇਥੋਂ ਪੜ੍ਹ ਕੇ ਗਏ ਵਿਦਿਆਰਥੀਆਂ ਦੇ ਸਮਾਜ ਲਈ ਪਾਏ ਜਾ ਰਹੇ ਯੋਗਦਾਨ ਦੇ ਨਾਲ-ਨਾਲ ਵਿੱਦਿਆ, ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਖੇਤਰ ਵਿਚ ਭੂਮਿਕਾ ਦਾ ਖੁਲਾਸਾ ਵੀ ਕੀਤਾ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਪ੍ਰੋ. ਗੁਰਜੰਟ ਸਿੰਘ ਨੇ ਨਿਭਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਓਐਸਡੀ ਸਤਬੀਰ ਸਿੰਘ ਧਾਮੀ, ਮੀਤ ਸਕੱਤਰ ਸ਼ਾਹਬਾਜ਼ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਰੁਪਿੰਦਰ ਸਿੰਘ, ਪ੍ਰੋ. ਜਤਿੰਦਰ ਕੌਰ, ਪ੍ਰੋ. ਹਰਜੀਤ ਕੌਰ, ਪ੍ਰੋ. ਗੁਰਜੰਟ ਸਿੰਘ, ਸੁਪ੍ਰਿੰਟੈਂਡੈਂਟ ਬੀਬੀ ਰਮਨਦੀਪ ਕੌਰ ਆਦਿ ਹਾਜ਼ਰ ਸਨ।

# ਚੇਅਰਮੈਨ ਮਿਆਦੀਆਂ ਵੱਲੋਂ ਦਾਣਾ ਮੰਡੀ 'ਚ ਅਚਨਚੇਤ ਦੌਰਾ, ਆੜ੍ਹਤੀਆਂ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ



**ਮਜੀਠਾ (ਸੋਇਮ ਆਨੰਦ)**-ਪਨਗਰੇਨ ਪੰਜਾਬ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ ਵੱਲੋਂ ਦਾਣਾ ਮੰਡੀ ਮਜੀਠਾ ਦਾ ਅਚਨਚੇਤ ਦੌਰਾ ਕੀਤਾ ਗਿਆ ਅਤੇ ਮਾਰਕੀਟ ਕਮੇਟੀ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਮੰਡੀ ਦੇ ਫੜ੍ਹਾਂ ਵਿੱਚ ਜਾ ਕੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਨੇ ਮੰਡੀ ਵਿੱਚ ਕਣਕ ਦੀ ਸਫਾਈ ਅਤੇ ਤੋਲ ਵੀ ਚੈਕ ਕੀਤਾ। ਆੜ੍ਹਤੀਆਂ ਨਾਲ ਗੱਲ ਕਰਨ ਤੇ ਆੜ੍ਹਤੀਆਂ ਨੇ ਮੰਗ ਰੱਖੀ ਕਿ ਕਣਕ ਦੀ ਨਮੀ ਦੇ ਮੰਪਦੰਡਾਂ ਵਿੱਚ ਸੋਧ ਕੀਤੀ ਜਾਵੇ ਅਤੇ ਇਸ ਵਿੱਚ ਕੁਝ ਰਿਆਇਤ ਦਿੱਤੀ ਜਾਵੇ ਤਾਂ ਕਿ ਖੇਤਾਂ ਵਿੱਚੋ ਮੰਡੀ ਵਿੱਚ ਆ ਰਹੀ ਕਣਕ ਸੁਚੱਜੇ ਢੰਗ ਨਾਲ ਖਰੀਦ ਕੀਤੀ ਜਾ ਸਕੇ ਅਤੇ ਕਿਸਾਨਾਂ ਦਾ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ ਜਿਸ ਤੇ ਚੇਅਰਮੈਨ ਮਿਆਦੀਆਂ ਨੇ ਕਿਹਾ ਕਿ ਇਸ ਬਾਬਤ ਉਹ ਖੁਰਾਕ ਮੰਤਰੀ ਪੰਜਾਬ ਨਾਲ ਗੱਲ ਕਰਨਗੇ ਅਤੇ ਇਸ ਸਮੱਸਿਆ ਦਾ ਜਲਦੀ ਹੱਲ ਕਰਵਾ ਦੇਣਗੇ। ਉਨ੍ਹਾਂ ਨੇ ਕਿਹਾ ਕਿ ਮੌਸਮ ਦੀ ਖਰਾਬੀ ਕਰਕੇ ਕਣਕ ਮੰਡੀਆਂ ਵਿੱਚ ਇੱਕ ਦਮ ਆ ਗਈ ਹੈ ਜਿਸ ਦੀ ਸਫਾਈ ਕਰਕੇ ਇਸ ਟਰੱਕਾਂ ਵਿੰਚ ਲੋਡ ਕਰਨੀ ਹੁੰਦੀ ਹੈ ਜਿਸ ਕਰਕੇ ਖਰੀਦ ਕੀਤੀ ਕਣਕ ਦੀ ਲਿਫਟਿੰਗ ਵਿੱਚ ਦੇਰੀ ਆ ਰਹੀ ਹੈ ਉਨ੍ਹਾਂ ਕਿਹਾ ਕਿ ਫਿਰ ਵੀ ਉਨ੍ਹਾਂ ਨੇ ਟਰਾਂਸਪੋਰਟ ਦੇ ਠੇਕੇਦਾਰ ਹਦਾਇਤਾਂ ਕੀਤੀਆਂ ਹਨ ਕਿ ਮੌਸਮ ਨੂੰ ਦੇਖਦੇ ਹੋਏ ਸਪੈਸ਼ਲ ਗੱਡੀਆਂ ਦਾ ਪ੍ਰਬੰਧ ਕਰਕੇ ਮੰਡੀ ਵਿੱਚ ਖਰੀਦੀ ਗਈ ਕਣਕ ਨੂੰ ਜਲਦੀ ਤੋਂ ਚੁੱਕਿਆ ਜਾਵੇ ਤਾਂ ਕਿ ਫਸਲ ਦਾ ਨੁਕਸਾਨ ਨਾ ਹੋਵੇ। ਚੇਅਰਮੈਨ ਮਿਆਦੀਆਂ ਨੇ ਮਾਰਕੀਟ ਕਮੇਟੀ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਕਿਸਾਨਾਂ ਨੂੰ ਮੰਡੀ ਵਿੱਚ ਹੋਣ ਵਾਲੀ ਖੱਜਲ ਖੁਆਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਪ੍ਰਬੰਧਾਂ ਨੂੰ ਦਰੁੱਸਤ ਕਰਨ ਦੀਆਂ ਹਦਾਇਤਾਂ ਕੀਤੀਆਂ। ਖਰੀਦ ਏਜੰਸੀ ਪਨਗਰੇਨ ਦੇ ਅਧਿਕਾਰੀ ਜ਼ਿਲ੍ਹਾ ਕੰਟਰੋਲਰ ਅਮਨਜੀਤ ਸਿੰਘ ਸੰਧੂ ਅਤੇ ਸਹਾਇਕ ਖੁਰਾਕ ਸਪਲਾਈ ਅਫਸਰ ਮਜੀਠਾ ਮੈਡਮ ਮੀਨੂ ਸਰਮਾ ਨੇ ਚੇਅਰਮੈਨ ਨੂੰ ਦੱਸਿਆ ਕਿ ਵਿਭਾਗ ਵੱਲੋਂ ਕਣਕ ਦੀ ਖਰੀਦ ਦਾ ਜਿਹੜਾ ਕੋਟਾ ਉਨ੍ਹਾਂ ਨੂੰ ਦਿੱਤਾ ਗਿਆ ਸੀ ਉਹ ਆਪਣਾ ਟੀਚਾ ਪੂਰਾ ਕਰ ਚੁੱਕੇ ਹਨ । ਹਦਾਇਤਾਂ ਹੋਣ 'ਤੇ ਉਹ ਹੋਰ ਕਣਕ ਦੀ ਖਰੀਦ ਕਰਨ ਲਈ ਵੀ ਤਿਆਰ ਹਨ।

ਇਸ ਮੌਕੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ ਦੇ ਨਾਲ ਪੀ. ਏ. ਅਜੈਪਾਲ ਸਿੰਘ, ਮੀਡੀਆ ਇੰਚਾਰਜ ਰਣਜੀਤ ਸਿੰਘ ਹੇਰ, ਜ਼ਿਲ੍ਹਾ ਖੁਰਾਕ ਕੰਟਰੋਲਰ ਅਮਨਜੀਤ ਸਿੰਘ ਸੰਧੂ, ਡਿਪਟੀ ਜਿਲ੍ਹਾ ਮੰਡੀ ਅਫਸਰ ਰਮਨਜੀਤ ਸਿੰਘ ਥਿੰਦ, ਨੋਡਲ ਅਫਸਰ ਮੈਡਮ ਮੀਨੂ ਸਰਮਾ, ਮਾਰਕਫੈਡ ਦੇ ਮੈਨੇਜਰ ਹਰਵਿੰਦਰ ਸਿੰਘ, ਇੰਸਪੈਕਟਰ ਪਨਗਰੇਨ ਹਰਮਨਦੀਪ ਸਿੰਘ ਥਿੰਦ, ਇਸਪੈਕਟਰ ਅਸੀਸ ਮਹਾਜਨ, ਮੰਡੀ ਸੁਪਰਵਾਈਜ਼ਰ ਕੁਲਦੀਪ ਸਿੰਘ ਕਾਹਲੋ, ਆੜ੍ਹਤੀ ਐਸੋਸੀਏਸ਼ਨ ਮਜੀਠਾ ਦੇ ਪ੍ਰਧਾਨ ਜਸਕਰਨ ਸਿੰਘ ਭੰਗੂ, ਸੁੱਖ ਭੰਗਵਾਂ, ਮਨਪ੍ਰੀਤ ਸਿੰਘ ਉਪਲ, ਰਾਜਪ੍ਰੀਤ ਸਿੰਘ ਰਾਜਾ, ਬਲਵਿੰਦਰ ਸਿੰਘ ਭੰਗੂ, ਉਂਕਾਰ ਸਿੰਘ, ਲੇਖ ਰਾਜ ਟਰਪਈ, ਬਿੱਲਾ ਆੜ੍ਹਤੀਆ, ਮਨੋਜ ਕੁਮਾਰ, ਸਤਬੀਰ ਸਿੰਘ ਨਾਗ ਸਮੇਤ ਹੋਰ ਕਿਸਾਨ ਵੀ ਹਾਜ਼ਰ ਸਨ।

# ਈ-ਸਮਾਰਟ ਵੱਲੋਂ ਆਪਣਾ ਪਹਿਲਾ ਫਲੈਗਸ਼ਿੱਪ ਪ੍ਰੀਮੀਅਮ ਗਰੋਸਰੀ ਸਟੋਰ ਲਾਂਚ

**ਚੰਡੀਗੜ੍ਹ** : ਈ-ਸਮਾਰਟ ਇੰਟਰਪ੍ਰਾਈਜ਼ਿਜ਼ ਲਿਮਟਿਡ ਨੇ ਆਪਣੀ ਮੋਹਰੀ ਸੁਪਰਮਾਰਕੀਟ ਅਤੇ ਪ੍ਰੀਮੀਅਮ ਗਰੋਸਰੀ ਮਾਰਟ ਦੇ ਲਾਂਚ ਦਾ ਐਲਾਨ ਕੀਤਾ ਹੈ ਜੋ ਕਿ ਐੱਸ.ਸੀ.ਓ. 17-18 ਸੈਕਟਰ 79, ਮੋਹਾਲੀ ਵਿੱਚ ਸਥਿਤ ਹੈ। ਇਸ ਦੇ ਨਾਲ ਹੀ ਕੰਪਨੀ ਨੇ ਈ-ਸਮਾਰਟ ਕਿਚਨ ਬਾਸਕੇਟ ਅਤੇ ਆਨਲਾਈਨ ਸਟੋਰ ਨੂੰ ਲਾਂਚ ਕਰਨ ਦਾ ਵੀ ਐਲਾਨ ਕੀਤਾ ਹੈ। ਈ-ਸਮਾਰਟ ਇੰਟਰਪ੍ਰਾਈਜ਼ਿਜ਼ ਸਮਾਜ ਦੇ ਸਾਰੇ ਵਰਗਾਂ ਨੂੰ ਸਸਤੀਆਂ ਕੀਮਤਾਂ 'ਤੇ ਸਿਹਤਮੰਦ ਅਤੇ ਗੁਣਵੱਤਾ ਵਾਲੇ ਖਾਣ-ਪੀਣ ਦੇ ਪਦਾਰਥ ਪ੍ਰਦਾਨ ਕਰਨ ਦੀ ਇੱਕ ਵਿਲੱਖਣ ਧਾਰਨਾ ਲੈ ਕੇ ਆਇਆ ਹੈ। ਇਸ ਵਿੱਚ ਫੈਮਿਲੀ ਬਾਸਕੇਟ, ਕਪਲ ਬਾਸਕੇਟ ਅਤੇ ਵੈੱਲਫੇਅਰ ਬਾਸਕੇਟ ਵਰਗੀਆਂ ਵੱਖ-ਵੱਖ ਬਾਸਕਟਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਉਪਲਬਧ ਹੋਵੇਗੀ। ਇਨ੍ਹਾਂ ਬਾਸਕਟਾਂ ਵਿੱਚ ਰੋਜ਼ਾਨਾ ਦੇ ਆਧਾਰ 'ਤੇ ਰਸੋਈ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ ਹੋਣਗੀਆਂ ਅਤੇ ਇਨ੍ਹਾਂ ਵਿੱਚ ਸਾਰੀਆਂ ਚੀਜ਼ਾਂ ਪੌਸ਼ਟਿਕ ਹੋਣਗੀਆਂ। ਈ-ਸਮਾਰਟ ਇੰਟਰਪ੍ਰਾਈਜ਼ਿਜ਼ ਦਾ ਟੀਚਾ ਆਪਣੇ ਗਾਹਕਾਂ ਨੂੰ ਇੱਕ ਸੁਵਿਧਾਜਨਕ ਅਤੇ ਪ੍ਰੇਸ਼ਾਨੀ ਤੋਂ ਰਹਿਤ ਆਨਲਾਈਨ ਖਰੀਦਦਾਰੀ ਅਨੁਭਵ ਪ੍ਰਦਾਨ ਕਰਨਾ ਹੈ। ਗਾਹਕ ਬੇਕਰੀ ਅਤੇ ਡੇਅਰੀ ਉਤਪਾਦ, ਆਰਗੈਨਿਕ ਉਤਪਾਦ, ਪੀਣ ਵਾਲੇ ਪਦਾਰਥ, ਸਨੈਕਸ, ਸਟੈਪਲਸ, ਵਿਅਕਤੀਗਤ ਦੇਖਭਾਲ ਅਤੇ ਘਰੇਲੂ ਆਈਟਮਾਂ ਵਰਗੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ 5000 ਤੋਂ ਜ਼ਿਆਦਾ ਉਤਪਾਦਾਂ ਵਿੱਚੋਂ ਚੁਣ ਕਰ ਸਕਦੇ ਹਨ। ਗਾਹਕ ਚੋਣਵੇਂ ਉਤਪਾਦਾਂ 'ਤੇ ਆਕਰਸ਼ਕ ਛੋਟ ਅਤੇ ਆਫ਼ਰਾਂ ਦਾ ਵੀ ਲਾਭ ਉਠਾਂ ਸਕਦੇ ਹਨ। ਇਹ ਸਾਰੀਆਂ ਆਈਟਮਾਂ ਆਨਲਾਈਨ ਅਤੇ ਇਸ ਦੇ ਮਾਰਟ, ਦੋਵਾਂ 'ਤੇ ਉਪਲਬਧ ਹਨ।

# ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੀ ਜ਼ਿਲਾ ਕਮੇਟੀ ਦੀ ਮੀਟਿੰਗ ਹੋਈ



**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-ਲੋਹਾਰਕਾ ਰੋਡ ਅੰਮ੍ਰਿਤਸਰ ਦੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਦਫਤਰ ਵਿਖੇ ਪਾਰਟੀ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਨਿਰਮਲ ਸਿੰਘ ਛੱਜਲਵੱਡੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਬੋਲਦਿਆ ਜ਼ਿਲ੍ਹਾ ਆਗੂ ਬਲਬੀਰ ਸਿੰਘ ਮੂਧਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ ਕਿ ਪਾਰਟੀ ਆਪਣੀਆਂ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਜ਼ਿਲ੍ਹਾ ਇਜਲਾਸ ਮਈ ਮਹੀਨੇ ਵਿੱਚ ਸੰਪੰਨ ਕਰੇਗੀ ਜਿਨ੍ਹਾਂ ਜਥੇਬੰਦੀਆਂ ਦੀ ਮੈਂਬਰਸ਼ਿਪ ਮੁਹਿੰਮ ਚਲਾਈ ਜਾ ਰਹੀ ਹੈ। ਮੀਟਿੰਗ ਵਿੱਚ ਲੋਕ ਸਭਾ ਦੀ ਜਲੰਧਰ ਦੀ ਜ਼ਿਮਨੀ ਚੋਣ ਵਿੱਚ ਸੂਬਾ ਕਮੇਟੀ ਦੁਆਰਾ ਭਾਜਪਾ ਨੂੰ ਹਰਾਉਣ ਦੇ ਦਿੱਤੇ ਸੱਦੇ ਨੂੰ ਦਰੁਸਤ ਦੱਸਦਿਆਂ ਕਿਹਾ ਕਿ ਭਾਜਪਾ ਸਰਕਾਰ ਦੇਸ਼ ਦੀ ਜਮਹੂਰੀਅਤ ਅਤੇ ਸੰਵਿਧਾਨ ਲਈ ਇਕ ਵੱਡਾ ਖਤਰਾ ਬਣ ਗਈ ਹੈ। ਭਾਜਪਾ ਅਤੇ ਕੇਂਦਰੀ ਏਜੰਸੀਆਂ ਵੱਲੋਂ ਦੇਸ਼ ਦੇ ਲੋਕਾਂ ਨੂੰ ਧਰਮਾਂ ਅਤੇ ਜਾਤਾਂ ਆਧਾਰਤ ਵੰਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਜਲੰਧਰ ਦੀ ਜ਼ਿਮਨੀ ਚੋਣ ਦੀ ਜਿੱਤ ਹਾਰ ਦਾ ਭਾਰਤ ਦੀ ਲੋਕਸਭਾ ਉਪਰ ਕੋਈ ਖਾਸ ਅਸਰ ਨਹੀਂ ਪੈਣ ਵਾਲਾ ਪਰ ਇਸ ਚੋਣ ਦੀ ਜਿੱਤ ਹਾਰ ਪੰਜਾਬ ਦੀ ਸਿਆਸਤ ਲਈ ਭਵਿੱਖ ਦੀਆਂ ਸੰਭਾਵਨਾਵਾਂ ਜ਼ਰੂਰ ਤਲਾਸ਼ਣ ਦਾ ਰੋਲ ਅਦਾ ਕਰੇਗੀ। ਮੀਟਿੰਗ ਵਿੱਚ ਮੰਗਲ ਸਿੰਘ ਧਰਮਕੋਟ, ਮਨਜੀਤ ਸਿੰਘ ਜਸਬੀਰ ਕੌਰ ਹੇਰ, ਸ਼ਮਸ਼ੇਰ ਸਿੰਘ ਹੇਰ ਅਤੇ ਕੁਲਦੀਪ ਰਾਜੂ ਹਾਜ਼ਰ ਸਨ।

# ਇਨੋਵੇਸ਼ਨ ਅਤੇ ਨਵੀਆਂ ਤਕਨੀਕਾਂ ਦਾ ਮਕਸਦ ਸਮਾਜ ਨੂੰ ਲਾਭ ਪਹੁੰਚਾਉਣਾ : ਛੀਨਾ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )**-ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਪੰਜਾਬ ਭਰ ਤੋਂ ਪ੍ਰਤਿਭਾ ਅਤੇ ਨਵੀਨਤਾਵਾਂ ਨੂੰ ਆਕਰਸ਼ਿਤ ਕਰਨ ਦੇ ਮਕਸਦ ਤਹਿਤ ਆਈ. ਐਸ. ਟੀ. ਈ. ਸਟੂਡੈਂਟ ਚੈਪਟਰ ਦੇ ਸਹਿਯੋਗ ਨਾਲ ਆਈ. ਈ. ਈ. ਈ. ਵਿਦਿਆਰਥੀ ਸ਼ਾਖਾ ਅਧੀਨ ਰਾਸ਼ਟਰੀ ਪੱਧਰ ਦਾ ਸਾਲਾਨਾ 'ਟੈਕ-ਫੈਸਟੀਵਲ 'ਟੈਕ ਊਰਜਾ-2ਕੇ23' ਕਰਵਾਇਆ ਗਿਆ ਜਿਸ 'ਚ ਸੂਬੇ ਭਰ ਤੋਂ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ 700 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਅਤੇ 50 ਤੋਂ ਵੱਧ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਇਨਾਮ ਪ੍ਰਾਪਤ ਕੀਤੇ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਅਤੇ ਉਨ੍ਹਾਂ ਦੀ ਫੈਕਲਟੀ ਟੀਮ ਦੁਆਰਾ ਕਰਵਾਏ ਇਸ ਉਚ ਪੱਧਰੀ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਤਕਨੀਕੀ ਸੰਸਥਾ ਦਾ ਹਿੱਸਾ ਹੋਣ ਦੇ ਨਾਤੇ ਹਰੇਕ ਵਿਦਿਆਰਥੀ ਦਾ ਨੈਤਿਕ ਫਰਜ਼ ਬਣਦਾ ਹੈ ਕਿ ਉਹ ਸਮਾਜ ਅਤੇ ਰਾਸ਼ਟਰ ਦੇ ਭਲੇ ਅਤੇ ਉੱਨਤੀ ਲਈ ਨਵੀਆਂ ਖੋਜਾਂ ਅਤੇ ਤਕਨਾਲੋਜੀ ਨੂੰ ਲਾਗੂ ਕਰੇ।

ਇਸ ਮੌਕੇ ਡਾ. ਬਾਲਾ ਨੇ ਤਕਨੀਕੀ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਨਵੀਨਤਾ ਅਤੇ ਸਿਰਜਣਾਤਮਕਤਾ ਆਧੁਨਿਕ ਸੰਸਾਰ 'ਚ ਸਫਲਤਾ ਦੇ ਗੁਰ ਦੱਸੇ। ਪਹਿਲੇ ਦਿਨ ਕਈ ਤਰ੍ਹਾਂ ਦੇ ਤਕਨੀਕੀ ਈਵੈਂਟ ਜਿਵੇਂ ਕੋਡ ਵਾਰੀਅਰ, ਵੈੱਬ ਵਾਰ, ਆਈ.ਟੀ. ਚਾਰਟ/ਕੋਲਾਜ, ਮਸ਼ੀਨ ਡਰਾਇੰਗ, ਸਾਲਿਡ ਮਾਡਲਿੰਗ, ਬ੍ਰਿਜ ਬਿਲਡਿੰਗ, ਵਾਟਰ ਪਿਊਰੀਫਾਇਰ, ਸਰਵੇ ਹੰਟ, ਆਟੋ-ਕੈਡ, ਇਲੈਕਟ੍ਰਾਨਿਕ ਪੋਸਟਰ ਮੇਕਿੰਗ ਆਦਿ ਦਾ ਆਯੋਜਨ ਕੀਤਾ ਗਿਆ। ਤਕਨੀਕੀ ਈਵੈਂਟ ਜਿਵੇਂ ਕਿ ਕੁਇਜ਼ਪੀਡੀਆ, ਐਕਸਟੈਂਪੋਰ, ਗਰੁੱਪ ਡਿਸਕਸ਼ਨ, ਡਿਸ਼ ਗਾਰਡਨਿੰਗ, ਪੋਟ ਮੇਕਿੰਗ, ਨੋ ਫਲੇਮ ਕੁਕਿੰਗ, ਮੌਕ-ਟੇਲ ਅਤੇ ਟੌਲ ਆਰਟ ਦੀ ਤਿਆਰੀ ਆਦਿ ਕਰਵਾਏ ਗਏ।

ਇਸ ਤੋਂ ਇਲਾਵਾ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਨੇ ਇਸ 'ਤੇ ਆਧਾਰਿਤ ਕਾਰਜਕਾਰੀ ਮਾਡਲਾਂ ਰਾਹੀਂ ਆਪਣੇ ਨਵੀਨਤਾਕਾਰੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਇੰਜ: ਬਿਕਰਮਜੀਤ ਸਿੰਘ (ਰਜਿਸਟਰਾਰ), ਡਾ. ਰਿਪਿਨ ਕੋਹਲੀ (ਕੋਆਰਡੀਨੇਟਰ ਆਈ. ਕਿਊ. ਏ. ਸੀ.), ਡਾ. ਜੁਗਰਾਜ ਸਿੰਘ (ਡੀਨ ਅਕਾਦਮਿਕ), ਇੰਜ. ਸੁਖਮੀਤ ਕੌਰ, (ਡਿਪਟੀ ਡੀਨ ਅਕਾਦਮਿਕ), ਡਾ. ਜਸਲੀਨ ਕੌਰ, ਡਾ. ਪ੍ਰਦੀਪ ਸਿੰਘ, ਡਾ. ਰੁਚੀ ਹਾਂਡਾ, ਡਾ. ਸੰਦੀਪ ਦੇਵਗਨ, ਪ੍ਰਨੀਤ ਕੌਰ, ਸਰਬਜੋਤ ਕੌਰ, ਬਿੰਨੀ ਅਬਰੋਲ ਅਤੇ ਹੋਰ ਫੈਕਲਟੀ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਜ਼ਿਲ੍ਹਾ ਭਾਸ਼ਾ ਦਫ਼ਤਰ ਨੇ ਸਾਹਿਤਕ ਵਰਕਸ਼ਾਪ ਕਰਵਾਈ

**ਪਠਾਨਕੋਟ (ਦਵਿੰਦਰ ਸਿੰਘ)**-ਭਾਸ਼ਾ ਵਿਭਾਗ ਪੰਜਾਬ ਦੀ ਅਗਵਾਈ ਅਤੇ ਨਿਰਦੇਸ਼ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਪਠਾਨਕੋਟ ਵੱਲੋਂ ਸਾਹਿਤਕ ਵਰਕਸ਼ਾਪ (ਕਵਿਤਾ) ਦਾ ਆਯੋਜਨ ਅਮਨ ਭੱਲਾ ਕਾਲਜ ਆਫ਼ ਐਜੂਕੇਸ਼ਨ ਵਿਖੇ ਕੀਤਾ ਗਿਆ ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਕਾਲਜ ਦੇ ਪ੍ਰਿੰਸੀਪਲ ਡਾ. ਹੇਮ ਰਾਜ ਗੇਰਾ ਵੱਲੋਂ ਆਏ ਹੋਏ ਵਿਦਵਾਨਾਂ ਤੇ ਭਾਗ ਲੈ ਰਹੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਾਲਜ ਦੇ ਵਿਹੜੇ 'ਚ ਪਹੁੰਚਣ 'ਤੇ ਜੀ ਆਇਆਂ ਨੂੰ ਕਿਹਾ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਅਤੇ ਕੀਤੇ ਜਾ ਰਹੇ ਕੰਮਾਂ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਮਿਲਦੇ ਆਦੇਸ਼ਾਂ ਤੇ ਅਗਵਾਈ ਨਾਲ ਸਮੇਂ ਸਮੇਂ 'ਤੇ ਜ਼ਿਲ੍ਹਾ ਪਠਾਨਕੋਟ ਵਿੱਚ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਅਤੇ ਇਸੇ ਲੜੀ ਤਹਿਤ ਇਸ ਸਾਹਿਤਕ ਵਰਕਸ਼ਾਪ (ਕਵਿਤਾ) ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਤਸੱਲੀ ਜ਼ਾਹਿਰ ਕੀਤੀ ਕਿ ਨਿਰਸੰਦੇਹ ਇਸ ਵਰਕਸ਼ਾਪ ਦੇ ਬਹੁਤ ਹੀ ਸਾਰਥਕ ਨਤੀਜੇ ਨਿਕਲਣਗੇ। ਇਸ ਵਰਕਸ਼ਾਪ ਵਿੱਚ ਬੁਲਾਏ ਗਏ ਸਰੋਤ ਵਿਅਕਤੀਆਂ ਵਜੋਂ ਵਿਦਵਾਨਾਂ ਨੇ ਕਵਿਤਾ ਸੰਬੰਧੀ ਨਿੱਠ ਕੇ ਚਰਚਾ ਕੀਤੀ। ਪੰਜਾਬੀ ਦੇ ਨਾਮਵਰ ਸਾਹਿਤਕਾਰ ਤੇ ਅਦਾਰਾ 'ਰੂਪਾਂਤਰ' ਦੇ ਸੰਪਾਦਕ ਧਿਆਨ ਸਿੰਘ ਸ਼ਾਹ ਸਿਕੰਦਰ ਨੇ ਛੰਦ ਯੁਕਤ ਤੇ ਛੰਦ ਮੁਕਤ ਕਵਿਤਾ ਸੰਬੰਧੀ ਦੀਰਘ ਜਾਣਕਾਰੀ ਪ੍ਰਦਾਨ ਕਰਦਿਆਂ ਨਾਥਾਂ ਜੋਗੀਆਂ ਤੋਂ ਸ਼ੁਰੂ ਹੋਈ ਪੰਜਾਬੀ ਕਵਿਤਾ ਦੇ ਹੁਣ ਤੱਕ ਦੇ ਵਿਕਾਸ ਪੰਧ ਨੂੰ ਉਲੀਕਦਿਆਂ ਅੱਜ ਲਿਖੀ ਜਾ ਰਹੀ ਕਵਿਤਾ ਦੇ ਨਾਂ 'ਤੇ ਕੂੜ ਕਬਾੜ 'ਤੇ ਫ਼ਿਕਰ ਵੀ ਜ਼ਾਹਿਰ ਕੀਤਾ। ਡਾ. ਰੁਪਿੰਦਰਜੀਤ ਗਿੱਲ ਨੇ ਕਾਵਿ ਸਿਰਜਣ ਪ੍ਰਕਿਰਿਆ ਵਿਸ਼ੇ ਤਹਿਤ ਕਵਿਤਾ ਦੀ ਸਿਰਜਣਾ ਸੰਬੰਧੀ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ। ਡਾ. ਸੰਦੀਪ ਕੌਰ ਨੇ ਕਾਵਿ ਰੂਪ : ਰੂਪ ਤੇ ਪ੍ਰਕਾਰਜ ਵਿਸ਼ੇ ਅਧੀਨ ਪੰਜਾਬੀ ਕਵਿਤਾ ਦੇ ਵਿਭਿੰਨ ਸਾਹਿਤ ਰੂਪਾਂ ਤਹਿਤ ਗ਼ਜ਼ਲ, ਦੋਹੜਾ, ਦੋਹਰਾ, ਦੋਹਾ, ਰੁਬਾਈ, ਕਾਫੀ, ਗੀਤ ਆਦਿ ਕਾਵਿ ਰੂਪਾਂ ਸੰਬੰਧੀ ਨਿੱਠ ਕੇ ਚਰਚਾ ਕੀਤੀ। ਇਸ ਤੋਂ ਇਲਾਵਾ ਵਰਕਸ਼ਾਪ 'ਚ ਸ਼ਮੂਲੀਅਤ ਕਰ ਰਹੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੀ ਕਵਿਤਾ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕਰਕੇ ਹਾਜ਼ਰੀ ਲਗਵਾਈ। ਖੋਜ ਅਫ਼ਸਰ ਰਾਜੇਸ਼ ਕੁਮਾਰ ਨੇ ਮੰਚ ਦਾ ਸੰਚਾਲਨ ਬਹੁਤ ਵਧੀਆ ਢੰਗ ਨਾਲ ਕੀਤਾ। ਵਰਕਸ਼ਾਪ ਦੇ ਪ੍ਰਬੰਧ ਲਈ ਰਾਜੇਸ਼ ਕੁਮਾਰ ਦੇ ਨਾਲ-ਨਾਲ ਕਮਲ ਕਿਸ਼ੋਰ ਦੀ ਭੂਮਿਕਾ ਵੀ ਅਹਿਮ ਰਹੀ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਅੱਠਵੀਂ ਦਾ ਨਤੀਜਾ ਸੌ ਫੀਸਦੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨ ਕੀਤੇ ਗਏ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚ ਗੁਰੂ ਗੋਬਿੰਦ ਸਿੰਘ (ਜੀ ਜੀ ਐੱਸ) ਮਾਡਰਨ ਸਕੂਲ ਬਖਤਪੁਰ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ ਅਤੇ ਸਾਰੇ ਬੱਚੇ ਬਹੁਤ ਵਧੀਆ ਨੰਬਰ ਲੈ ਕੇ ਪਾਸ ਹੋਏ ਹਨ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਅੱਠਵੀਂ ਜਮਾਤ ਵਿੱਚੋਂ ਹਰਮਨਪ੍ਰੀਤ ਕੌਰ ਨੇ 92%, ਅਰਸ਼ਪ੍ਰੀਤ ਕੌਰ ਤੇ ਜੈਸ਼ਪ੍ਰੀਤ ਨੇ 91%, ਨਵਨੀਤ ਕੌਰ ਨੇ 86%, ਪਰਨੀਤ ਕੌਰ ਨੇ 85% ਅੰਕ ਪ੍ਰਾਪਤ ਕੀਤੇ ਹਨ, ਜਦਕਿ ਬਾਕੀ ਸਾਰੇ ਬੱਚਿਆਂ ਨੇ 75% ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ, ਅਧਿਆਪਕਾਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ ਅਤੇ ਸਕੂਲ ਸਟਾਫ ਵੱਲੋਂ ਇਨ੍ਹਾਂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਗਈ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ ਕੌਮੀ ਲੋਕ ਅਦਾਲਤ 13 ਨੂੰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਗਲੀ ਕੌਮੀ ਲੋਕ ਅਦਾਲਤ 13 ਮਈ 2023 ਨੂੰ ਲਗਾਈ ਜਾ ਰਹੀ ਹੈ। ਇਸ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਨਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਉਨਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿੱਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ ਵਿੱਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

## ਜਨਮ ਦਿਨ ਮੁਬਾਰਕ



ਅਗਮਪ੍ਰੀਤ ਕੌਰ (ਹੁਸ਼ਿਆਰਪੁਰ)



ਪਰਮਜੀਤ ਪੰਮਾ ਚਾਹਲ। ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਡੋਰ ਟੂ ਡੋਰ ਵੋਟਾਂ ਲਈ ਕਹਿੰਦੇ ਅਤੇ ਉਨ੍ਹਾਂ ਦੇ ਹੋਰ ਵਰਕਰ ਆਦਿ। (ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ,ਨੂਰਮਹਿਲ )

## ਮਈ ਦਿਵਸ ਮੌਕੇ ਬੱਸ ਸਟੈਂਡ ਨਵਾਂਸ਼ਹਿਰ ਵਿਖੇ ਵਿਸ਼ਾਲ ਰੈਲੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਏਟਕ ਨਵਾਂਸ਼ਹਿਰ ਅਤੇ ਜ਼ਿਲ੍ਹਾ ਕੌਂਸਲ, ਨਵਾਂਸ਼ਹਿਰ ਵੱਲੋਂ ਸਵੇਰੇ ਗਿਆਰਾਂ ਵਜੇ ਆਰ ਐਮ ਪੀ ਆਈ ਅਤੇ ਸੀ ਪੀ ਆਈ ਐਮ ਦੇ ਸਹਿਯੋਗ ਨਾਲ ਬੱਸ ਸਟੈਂਡ ਨਵਾਂਸ਼ਹਿਰ ਵਿਖੇ ਕਾਮਿਆਂ ਦੇ ਦਿਹਾੜੇ ਮਈ ਦਿਵਸ ਮੌਕੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਦਸ ਵਜੇ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ। ਸਾਰੇ ਜ਼ਿਲ੍ਹਾ ਕੌਂਸਲ ਮੈਂਬਰਾਂ, ਬ੍ਰਾਂਚ ਸਕੱਤਰਾਂ, ਯੂਨੀਅਨਾਂ ਦੇ ਅਹੁਦੇਦਾਰਾਂ , ਸ਼ੁਭਚਿੰਤਕਾਂ ਅਤੇ ਮੈਂਬਰ ਸਾਥੀਆਂ ਨੂੰ ਸਨਿਮਰ ਬੇਨਤੀ ਹੈ ਕਿ ਨਿਸ਼ਚਿਤ ਸਮੇਂ ਉਤੇ ਜ਼ਰੂਰ ਪਹੁੰਚੋ। ਖਾਸ ਕਰਕੇ ਪੰਜਾਬ ਰੋਡਵੇਜ਼ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸਾਰੇ ਸਾਥੀ ਜ਼ਰੂਰ ਸ਼ਾਮਲ ਹੋਣ।

# ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਵਰਤਮਾਨ.... (ਸਫ਼ਾ 1 ਦੀ ਬਾਕੀ)

ਖਾਣਾਂ ਦੇ ਮਜ਼ਦੂਰਾਂ ਨੇ ਲੰਮੀ ਹੜਤਾਲ ਕੀਤੀ, ਜਿਸ ਨੂੰ ਕੁਚਲਣ ਲਈ ਜਬਰ ਕੀਤਾ ਗਿਆ। 19 ਮਜ਼ਦੂਰ ਫਾਂਸੀ ਲਾ ਦਿੱਤੇ ਗਏ। ਇਸ ਅੰਦੋਲਨ ਵਿੱਚ ਕੁੱਲ 50 ਜਾਨਾਂ ਕੁਰਬਾਨ ਹੋ ਗਈਆਂ ਸਨ। ਭਾਰਤ ਵਿੱਚ ਬ੍ਰਿਟਿਸ਼ ਰਾਜ ਸਮੇਂ ਦਮਨਕਾਰੀ ਅਤੇ ਆਰਥਕ ਸ਼ੋਸ਼ਣ ਦੀਆਂ ਨੀਤੀਆਂ ਦੇ ਵਿਰੋਧ ਵਿੱਚ ਮਜ਼ਦੂਰਾਂ ਦੀ 1827 ਦੀ ਹੜਤਾਲ ਵੀ ਇਤਿਹਾਸ ਵਿੱਚ ਦਰਜ ਹੈ। ਸੰਨ 1866 ਵਿੱਚ ਕੰਮ ਦੇ ਘੰਟੇ ਤਹਿ ਕਰਵਾਉਣ ਲਈ ਅਵਾਜ਼ ਉਠਾਈ ਗਈ। ਇਤਿਹਾਸ ਵਿੱਚ ਅਨੇਕਾਂ ਅੰਦੋਲਨਾਂ ਦਾ ਜ਼ਿਕਰ ਦਰਜ ਹੈ, ਜਿਹੜੇ 1886 ਤੋਂ ਪਹਿਲਾਂ ਵੀ ਵੱਖ-ਵੱਖ ਰੂਪਾਂ ਵਿੱਚ ਮਜ਼ਦੂਰਾ ਵੱਲੋਂ ਆਪਣੀਆਂ ਮੁਸੀਬਤਾਂ ਦੇ ਹੱਲ ਲਈ ਕੀਤੇ ਗਏ। ਉਪਰੋਕਤ ਸੰਖੇਪ ਜਿਹੇ ਵਿਸਥਾਰ ਤੋਂ ਇਲਾਵਾ ਮਈ ਦਿਵਸ ਦੇ ਇਤਿਹਾਸ ਦੇ ਸੰਦਰਭ ਵਿੱਚ ਅੱਜ ਸਾਨੂੰ ਵਰਤਮਾਨ ਚੁਣੌਤੀਆਂ ਜਿਹੜੀਆਂ ਮਜ਼ਦੂਰ ਜਮਾਤ ਅਤੇ ਆਮ ਗਰੀਬ ਲੋਕਾਂ ਦਾ ਜੀਣਾ ਮੁਹਾਲ ਕਰ ਰਹੀਆਂ ਹਨ, ਉਨ੍ਹਾਂ ਨਾਲ ਸਿੱਝਣ ਲਈ ਮਜ਼ਦੂਰ ਜਮਾਤ ਦੇ ਏਕਤਾਬੱਧ ਅਤੇ ਦਿਸ਼ਾਬੱਧ ਅੰਦੋਲਨਾਂ ਦੀ ਵਿਉਂਤਬੰਦੀ ਕਰਨ ਤੇ ਧਿਆਨ ਕੇਂਦਰਤ ਕਰਨ ਦੀ ਬੇਹੱਦ ਜ਼ਰੂਰੀ ਲੋੜ ਹੈ। ਸਾਮਰਾਜੀ ਮੁਲਕਾਂ ਦੀਆਂ ਐੱਲ.ਪੀ.ਜੀ. ਅਤੇ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਦੀਆਂ ਨੀਤੀਆਂ ਦੇ ਤਹਿਤ ਮੁਲਕਾਂ ਦੀਆਂ ਸਰਕਾਰਾਂ ਦੀ ਬਾਂਹ ਮਰੋੜ ਕੇ ਜਾ ਉਹਨਾਂ ਦੀ ਸਹਿਮਤੀ ਨਾਲ ਲਾਗੂ ਕੀਤੀਆ ਜਾ ਰਹੀਆਂ ਨੀਤੀਆਂ ਨੇ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਦੀਆਂ ਜੀਵਨ ਹਾਲਤਾਂ 'ਤੇ ਬੇਹੱਦ ਗੰਭੀਰ ਵਿਪਰੀਤ ਪ੍ਰਭਾਵ ਪਾਇਆ ਹੈ। ਉਹਨਾਂ ਦੀ ਖਰੀਦ ਸ਼ਕਤੀ ਲਗਾਤਾਰ ਘਟਦੀ ਜਾ ਰਹੀ ਹੈ। ਜੀਵਨ ਦੀਆਂ ਮੁੱਢਲੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨੀਆਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ। ਕਾਰਪੋਰੇਟਾਂ ਦੀ ਪੂੰਜੀ ਸੈਂਕੜੇ ਗੁਣਾਂ ਸਪੀਡ ਨਾਲ ਵਧਦੀ ਜਾ ਰਹੀ ਹੈ। ਸਾਡੇ ਦੇਸ਼ ਦੇ ਸਮੁੱਚੇ ਪਬਲਿਕ ਸੈਕਟਰ, ਕੁਦਰਤੀ ਸਾਧਨ ਅਤੇ ਸਰਕਾਰੀ ਜਾਇਦਾਦਾਂ ਨੂੰ ਦੇਸੀ ਅਤੇ ਬਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਕੌਡੀਆਂ ਦੇ ਭਾਅ ਕੀਤਾ ਜਾ ਰਿਹਾ ਹੈ। ਮੌਜੂਦਾ ਆਰ ਐੱਸ ਐੱਸ/ਭਾਜਪਾ ਸਰਕਾਰ ਕਾਰਪੋਰੇਟਾਂ ਦੀ ਕਠਪੁਤਲੀ ਬਣਕੇ ਦੇਸ਼ ਦੀ ਦੌਲਤ ਨੂੰ ਅਤੇ ਆਮ ਲੋਕਾਂ ਦੇ ਟੈਕਸਾਂ ਦੇ ਪੈਸੇ ਨੂੰ ਉਹਨਾਂ ਦੇ ਹਵਾਲੇ ਕਰ ਰਹੀ ਹੈ। ਬੈਂਕ , ਰੇਲਵੇ, ਹਵਾਈ ਸੇਵਾਵਾਂ, ਕੋਇਲਾ ਖੇਤਰ, ਸਟੀਲ, ਖੇਤੀ, ਐੱਲ.ਆਈ.ਸੀ., ਟੈਲੀਕਾਮ, ਗੇਲ, ਡੀਫੈਂਸ, ਭੇਲ ਆਦਿ ਵਰਗੇ ਅਨੇਕਾਂ ਅਦਾਰਿਆਂ ਵਿਚੋਂ ਬਹੁਤਿਆਂ ਨੂੰ ਵੇਚ-ਵੱਟ ਲਿਆ ਗਿਆ ਹੈ, ਬਾਕੀਆਂ ਨੂੰ ਨੀਤੀਗਤ ਤਰੀਕੇ ਨਾਲ ਕਮਜ਼ੋਰ ਕਰਕੇ ਖਾਤਮੇ ਦੇ ਰਾਹ ਪਾਇਆ ਹੋਇਆ ਹੈ। ਠੇਕੇਦਾਰੀ ਸਿਸਟਮ ਰਾਹੀਂ ਨਿਗੂਣੀਆਂ ਤਨਖਾਹਾਂ ਬਦਲੇ ਪੜ੍ਹੇ-ਲਿਖੇ ਨੌਜਵਾਨ ਵਰਗ ਦਾ ਬੇਰਹਿਮੀ ਨਾਲ ਆਰਥਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਿਹਤ ਸੇਵਾਵਾਂ ਅਤੇ ਵਿਦਿਅਕ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਨਿੱਜੀਕਰਨ ਰਾਹੀਂ ਦੂਰ ਕਰ ਦਿੱਤੀਆਂ ਗਈਆਂ ਹਨ। ਮਨੁੱਖੀ ਸਿਹਤ ਨੂੰ ਵਪਾਰਕ ਕਾਰੋਬਾਰ ਦਾ ਧੰਦਾ ਬਣਾ ਕੇ ਇੱਕ ਮਾਫੀਆ ਪੈਦਾ ਕਰ ਦਿੱਤਾ ਗਿਆ ਹੈ। ਕਾਰਪੋਰੇਟਾਂ ਨੂੰ ਲੁੱਟਣ ਦੀ ਖੁੱਲ੍ਹੀ ਛੁੱਟੀ ਦੇਣ ਦੇ ਪੇਸ਼ੇਨਜ਼ਰ ਲੇਬਰ ਕਾਨੂੰਨਾਂ ਨੂੰ ਤੋੜ ਕੇ 4 ਲੇਬਰ ਕੋਡਜ਼ ਬਣਾ ਕੇ ਬੇਅਸਰ ਕਰ ਦਿੱਤਾ ਗਿਆ। ਕੰਮ ਦੇ ਘੰਟੇ 8 ਤੋਂ 12 ਘੰਟੇ ਕਰਨ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਤਾਲਾਬੰਦੀ, ਛਾਂਟੀ ਕਰਨ ਦਾ ਬੇਰੋਕ-ਟੋਕ ਅਧਿਕਾਰ ਮਾਲਕਾਂ ਨੂੰ ਦੇ ਦਿੱਤਾ ਗਿਆ ਹੈ। ਮਹਿੰਗਾਈ ਹਰ ਲੋੜੀਂਦੀ ਵਸਤੂ ਦੀ ਅਸਮਾਨ ਛੂਹ ਰਹੀ ਹੈ। ਇਨ੍ਹਾਂ ਸਾਰੀਆਂ ਅਲਾਮਤਾਂ ਦੇ ਵਿਰੁੱਧ ਉੱਠ ਰਹੀਆਂ ਲਹਿਰਾਂ ਅਤੇ ਸੰਭਾਵੀ ਜਨ-ਅੰਦੋਲਨਾਂ ਨੂੰ ਕੁਚਲਣ ਲਈ ਮੌਜੂਦਾ ਸਰਕਾਰ ਤੇਜੀ ਨਾਲ ਤਾਨਾਸ਼ਾਹੀ ਵੱਲ ਵਧ ਰਹੀ ਹੈ। ਫਾਸ਼ੀਵਾਦੀ ਅਤੇ ਦਮਨਕਾਰੀ ਨੀਤੀਆਂ ਅਮਲ ਵਿੱਚ ਲਿਆਦੀਆਂ ਜਾ ਰਹੀਆਂ ਹਨ। ਨਫਰਤ ਅਤੇ ਭੈਅ ਦਾ ਵਾਤਾਵਰਣ ਪੈਦਾ ਕਰ ਦਿੱਤਾ ਗਿਆ ਹੈ। ਕਾਲੇ ਕਾਨੂੰਨ ਅਮਲ ਵਿੱਚ ਲਿਆ ਕੇ ਬੁੱਧੀਜੀਵੀਆਂ, ਲੇਖਕਾਂ ਅਤੇ ਹੋਰ ਅਵਾਜ ਚੁੱਕਣ ਵਾਲੇ ਲੋਕਾਂ ਉਪਰ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਸਮਾਜ ਨੂੰ ਆਪਸ ਵਿੱਚ ਧਰਮਾਂ, ਮਜ਼ਹਬਾਂ, ਜਾਤਾਂ-ਪਾਤਾਂ, ਘੱਟ ਗਿਣਤੀ, ਬਹੁਗਿਣਤੀ ਆਦਿ ਹਰਬੇ ਵਰਤ ਕੇ ਲੜਾਉਣ ਦੀਆਂ ਸਾਜ਼ਿਸ਼ਾਂ ਸਪੱਸ਼ਟ ਵੇਖਣ ਨੂੰ ਮਿਲ ਰਹੀਆਂ ਹਨ। ਸੰਵਿਧਾਨਕ ਅਦਾਰਿਆਂ ਦੀ ਭੂਮਿਕਾ ਨੂੰ ਬੇਹੱਦ ਢਾਹ ਲੱਗ ਚੁੱਕੀ ਹੈ। ਇਹ ਸਾਰਾ ਕੁਝ ਭਿਆਨਕ ਭਵਿੱਖ ਵੱਲ ਨੂੰ ਦਸਤਕ ਦਾ ਸਪੱਸ਼ਟ ਸੂਚਕ ਹੈ। ਇਸ ਸਭ ਕੁਝ ਦਾ ਸ਼ਿਕਾਰ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਨੇ ਬਣਨਾ ਹੈ। ਇਹਨਾਂ ਸਾਰੇ ਲੋਕਾਂ ਨੂੰ ਆਪਣੇ ਆਰਥਕ ਮਸਲਿਆਂ ਸਮੇਤ ਇਹਨਾਂ ਸਾਰੀਆਂ ਚੁਣੌਤੀਆਂ ਨਾਲ ਵੀ ਸਿੱਝਣਾ ਪੈਣਾ ਹੈ। ਅਸੀਂ ਮਜਦੂਰਾਂ ਦੇ ਇਸ ਪਵਿੱਤਰ ਦਿਹਾੜੇ 'ਤੇ ਅਹਿਦ ਕਰੀਏ ਕਿ ਅਸੀਂ ਸਾਂਝੇ ਸੰਘਰਸ਼ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਆਪਣੀ ਸਮਰੱਥਾ ਨੂੰ ਕਈ ਗੁਣਾਂ ਵਧਾ ਕੇ ਪਛਾੜਨ ਦਾ ਹਰ ਸੰਭਵ ਜਤਨ ਕਰਾਗੇ।

*# ਜਨਰਲ ਸਕੱਤਰ ਪੰਜਾਬ ਏਟਕ ਮੋ: 8360413128*

# ਅੱਜ ਵੀ ਖਾਲੀ ਕਿਉਂ ਹਨ ਕਿਰਤ... (ਸ.ਫ਼ਾ 1 ਦੀ ਬਾਕੀ)

ਉਜਰਤ ਹੀ ਉਨੀ ਕੁ ਸੀਮਤ ਕਰ ਦਿੱਤੀ ਗਈ ਕਿ ਇੱਕ ਦਿਨ ਵੀ ਜੇਕਰ ਕੰਮ ਨਹੀਂ ਕਰਦੇ ਤਾਂ ਰੋਟੀ ਨਸੀਬ ਨਹੀਂ ਹੁੰਦੀ। ਦੇਸ਼ ਦੇ ਕਿਰਤੀ ਮਜ਼ਦੂਰ ਦਹਾਕਿਆਂ ਤੋਂ ਦੇਸ਼ ਲਈ ਆਪਣਾ ਖ਼ੂਨ-ਪਸੀਨਾ ਵਹਾਉਂਦੇ ਆਏ ਹਨ। ਅਜੇ ਸ਼ਾਇਦ ਇਹ ਸੋਚਿਆ ਜਾਣਾ ਬਾਕੀ ਹੈ ਕਿ ਇੱਕ ਮਨੁੱਖ ਭਾਵੇਂ ਉਹ ਵਿਗਿਆਨੀ, ਡਾਕਟਰ, ਪ੍ਰੋਫੈਸਰ, ਐਕਟਰ, ਕ੍ਰਿਕਟਰ, ਵਕੀਲ, ਜੱਜ, ਨੇਤਾ, ਲੇਖਕ, ਪੱਤਰਕਾਰ ਆਦਿ ਹੈ, ਆਪਣੇ ਖੇਤਰ ਵਿੱਚ ਆਪਣਾ ਨਾਂਅ ਪੈਦਾ ਕਰਦਾ, ਦੁਨੀਆਂ ਉਹਨੂੰ ਸਨਮਾਨ ਦਿੰਦੀ ਹੈ, ਪਰ ਇਹ ਸਭ ਵਿਅਕਤੀ ਦੇਸ਼ ਦੇ ਉਹਨਾਂ ਮਹਾਨ ਕਿਰਤੀਆਂ ਦੇ ਦੇਣਦਾਰ ਹਨ, ਜਿਹਨਾਂ ਦਾ ਪੈਦਾ ਕੀਤਾ ਅੰਨ ਉਹ ਖਾਦੇ ਹਨ।

ਜਿਹੜੇ ਗੋਦਾਮਾਂ ਵਿੱਚ ਪਏ ਆਨਾਜ ਦੀ ਰਾਖੀ ਕਰਦੇ ਹਨ। ਜਿਹੜੇ ਮਜ਼ਦੂਰੀ ਕਰਕੇ ਦੂਜਿਆਂ ਲਈ ਬਿਲਡਿੰਗਾਂ ਉਸਾਰਦੇ ਹਨ, ਉਹ ਮਹਾਨ ਕਿਰਤੀ ਮਜ਼ਦੂਰ ਵੀ ਦੇਸ਼ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਪਤੀਆਂ ਦੇ ਹਿੱਸੇਦਾਰ ਹਨ। ਇਸ ਨੂੰ ਬਿਲਕੁਲ ਇਸ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ ਜਿਵੇਂ ਘਰ ਦਾ ਇੱਕ ਮੈਂਬਰ ਉੱਚ ਪੜ੍ਹਾਈ ਕਰਨ ਵਿੱਚ ਰੁਝਿਆ ਹੋਇਆ ਹੈ, ਬਾਕੀ ਮੈਂਬਰ ਉਸ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਦੇ ਹਨ। ਕੋਈ ਪ੍ਰਾਪਤੀ ਕਰਕੇ ਕਹਿੰਦਾ ਹੈ ਕਿ ਮੇਰੇ ਮਾਪਿਆਂ ਦਾ ਇੱਥੋਂ ਤੱਕ ਆਉਣ ਲਈ ਬਹੁਤ ਵੱਡਾ ਰੋਲ ਹੈ। ਹਕੀਕਤ ਇਹ ਹੈ ਦੇਸ਼ ਦੇ ਕਿਰਤੀਆਂ ਮਜ਼ਦੂਰਾਂ, ਜਿਹਨਾਂ ਦਾ ਅਸੀਂ ਅਜਿਹੀ ਸਥਿਤੀ ਵਿੱਚ ਕਦੇ ਜ਼ਿਕਰ ਨਹੀਂ ਕਰਦੇ, ਉਹਨਾਂ ਦਾ ਵੀ ਇਹਨਾਂ ਪ੍ਰਾਪਤੀ ਵਿੱਚ ਬਹੁਤ ਅਹਿਮ ਰੋਲ ਹੁੰਦਾ ਹੈ। ਇੱਥੇ ਕਿਰਤੀ ਲੋਕਾਂ ਨੂੰ ਸਨਮਾਨ ਦੇਣ ਦੀ ਥਾਂ ਸਰਕਾਰਾਂ ਨੇ ਉਹਨਾਂ ਨੂੰ ਭਿੱਖ ਮੰਗੇ ਬਣਾ ਦਿੱਤਾ ਹੈ, ਉਹਨਾਂ ਨੂੰ ਆਟੇ-ਦਾਲ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ।

ਅੱਜ ਲੋੜ ਹੈ ਕਿ ਪੂਰੇ ਦੇਸ਼ ਵਿੱਚ ਸਭ ਲਈ ਵਿਦਿਆ ਹੋਵੇ, ਇੱਕੋ ਜਿਹੀ ਹੋਵੇ ਅਤੇ ਗਰੀਬਾਂ ਕਿਰਤੀਆਂ, ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਦੇ ਬੱਚਿਆਂ ਲਈ ਉੱਚ ਸਿੱਖਿਆ ਮੁਫਤ ਹੋਵੇ। ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਹੋਵੇ।

ਕਿਰਤੀਆਂ ਕਾਮਿਆਂ ਅਤੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਯੋਗ ਕਦਮ ਉਠਾਏ ਜਾਣ। ਉਹ ਲੋਕ, ਜਿਹਨਾਂ ਦੀ ਬਦੌਲਤ ਇਸ ਸੰਸਾਰ ਵਿੱਚ ਸੁੱਖ-ਸਹੂਲਤਾਂ ਪੈਦਾ ਹੁੰਦੀਆਂ ਹਨ, ਦੇ ਵਿਕਾਸ ਲਈ ਸਭ ਹਰ ਵਰਗ ਨੂੰ ਸੁਹਿਰਦਤਾ ਵਿਖਾਉਣ ਦੀ ਲੋੜ ਹੈ। ਦੁਨੀਆਂ ਨੂੰ ਹੋਰ ਚੰਗਾ ਬਣਾਉਣ ਲਈ ਹੱਡਭੰਨਵੀਂ ਮਿਹਨਤ ਕਰਨ ਵਾਲੇ, ਫਸਲਾਂ ਬੀਜਦੇ, ਕੱਟਦੇ, ਵੱਢਦੇ, ਸਾਂਭਦੇ, ਨਹਿਰਾਂ, ਸੂਏ ਖਾਲਦੇ, ਅਖਬਾਰਾਂ ਵੰਡਦੇ, ਲੋਕਾਂ ਦੀਆਂ ਜੁੱਤੀਆਂ ਗੰਢਦੇ, ਜੂਠ ਮਾਂਜਦੇ, ਸੜਕਾਂ, ਬਜ਼ਾਰਾਂ, ਗਲੀਆਂ ਵਿੱਚ ਸਫਾਈ ਕਰਦੇ, ਘਰਾਂ ਨੂੰ ਰੰਗ-ਰੋਗਨ ਕਰਦੇ, ਮੰਡੀਆਂ ਵਿੱਚ ਕੰਮ ਕਰਦੇ, ਵਣਾਂ, ਜੰਗਲਾਂ ਅਤੇ ਅਨਾਜ ਦੇ ਗੋਦਾਮਾਂ ਦੀਆਂ ਪਹਿਰੇਦਾਰੀਆਂ ਕਰਦੇ, ਸੜਕਾਂ, ਪੁਲਾਂ ਦੀਆਂ ਉਸਾਰੀਆਂ ਕਰਦੇ, ਹੋਟਲਾਂ, ਢਾਬਿਆਂ ਅਤੇ ਮੈਰਿਜ ਪੈਲਸਾਂ ਵਿੱਚ ਖਾਣਿਆਂ ਦੀਆਂ ਪਲੇਟਾਂ ਲੋਕਾਂ ਅੱਗੇ ਕਰਦੇ ਕਿਰਤੀਆਂ ਨੂੰ ਸਨਮਾਨ ਦੇਣਾ ਸਮੇਂ ਦੀ ਮੰਗ ਹੈ।

*# ਸੰਪਰਕ : 98550-51099*

# ਫਿਰਕੂ-ਫਾਸ਼ੀ ਤਾਕਤਾਂ ਨੂੰ ਭਾਂਜ ਦੇਣ ਦੇ ਸੰਕਲਪ... (ਸਫਾ 1 ਦੀ ਬਾਕੀ)

ਪੀੜਤ ਲੋਕਾਂ ਦੀ ਬੰਦਖਲਾਸੀ ਦੇ ਵਿਸ਼ਾਲ ਘੋਲਾਂ ਦੀ ਅਗਵਾਈ ਕਰਨ ਦੇ ਯੋਗ ਬਣਾਇਆ ਜਾ ਸਕਦਾ ਹੈ। ਇਸ ਚੇਤਨਾ ਸਦਕਾ ਹੀ ਮਜ਼ਦੂਰ ਜਮਾਤ ਦੂਸਰੀਆਂ ਲੁੱਟੀਆਂ ਜਾ ਰਹੀਆਂ ਸ਼੍ਰੇਣੀਆਂ ਨਾਲ ਏਕਤਾ ਕਾਇਮ ਕਰਕੇ ਲੁੱਟੀ-ਪੁੱਟੀ ਜਾ ਰਹੀ ਸਮੁੱਚੀ ਲੋਕਾਈ ਦੇ ਸਾਂਝੇ ਸੰਘਰਸ਼ਾਂ ਦੇ ਆਗੂ ਵਜੋਂ ਸਥਾਪਤ ਹੋ ਸਕਦੀ ਹੈ। ਮਜ਼ਦੂਰ ਜਮਾਤ ਨੂੰ ਪੂੰਜੀਵਾਦੀ ਢਾਂਚੇ ਅੰਦਰ ਇਹ ਤੱਥ ਅਮਲੀ ਰੂਪ 'ਚ ਸਿੱਧ ਕਰਨਾ ਹੋਵੇਗਾ ਕਿ ਉਹ ਸਿਰਫ ਆਪਣੀ ਮੁਕਤੀ ਲਈ ਹੀ ਨਹੀਂ, ਬਲਕਿ ਸਮੁੱਚੇ ਸਮਾਜ ਨੂੰ ਸਾਮਰਾਜੀ ਅਤੇ ਪੂੰਜੀਵਾਦੀ ਤੇ ਜਗੀਰੂ ਲੁੱਟ-ਖਸੁੱਟ ਤੋਂ ਨਿਜ਼ਾਤ ਹਾਸਲ ਕਰਾਉਣ ਵਾਲੇ ਸੰਘਰਸ਼ ਦੀ ਅਸਲ 'ਆਗੂ' ਬਣਨ ਦੀ ਸਮਰੱਥਾ ਰੱਖਦੀ ਹੈ। ਇਸ ਆਸ਼ੇ ਨੂੰ ਹਾਸਲ ਕਰਨ ਲਈ ਵੱਖ-ਵੱਖ ਟਰੇਡ ਯੂਨੀਅਨਾਂ ਤੇ ਰਾਜਨੀਤਕ ਦਲਾਂ 'ਚ ਵੰਡੀ ਹੋਈ ਮਜ਼ਦੂਰ ਜਮਾਤ ਨੂੰ ਆਪਣੀ ਏਕਤਾ ਕਾਇਮ ਕਰਨੀ ਹੋਵੇਗੀ, ਜੋ ਸਭਨਾਂ ਨੂੰ ਪ੍ਰਵਾਨਤ ਘੱਟੋ-ਘੱਟ ਸਾਂਝੇ ਪ੍ਰੋਗਰਾਮ 'ਤੇ ਅਧਾਰਤ ਅਤੇ ਹੰਢਣਸਾਰ ਹੋਵੇ। ਇਸ ਤੋਂ ਅੱਗੇ ਦੂਸਰੇ ਨਪੀੜੇ ਜਾ ਰਹੇ ਤਬਕਿਆਂ ਨਾਲ ਤਾਲਮੇਲ ਕਾਇਮ ਕਰਦਿਆਂ ਸੰਘਰਸ਼ੀ ਏਕਤਾ ਦੀ ਉਸਾਰੀ ਕਰਨੀ ਹੋਵੇਗੀ ਤਾਂ ਕਿ ਫਿਰਕੂ-ਫਾਸ਼ੀਵਾਦੀ ਹਾਕਮ ਟੋਲਿਆਂ ਨੂੰ ਆਰਥਿਕ, ਰਾਜਨੀਤਕ ਤੇ ਵਿਚਾਰਧਾਰਕ ਖੇਤਰ 'ਚ ਸਫਲਤਾ ਪੂਰਵਕ ਟੱਕਰ ਦੇ ਕੇ ਫੈਸਲਾਕੁੰਨ ਹਾਰ ਦਿੱਤੀ ਜਾ ਸਕੇ।

ਅੱਜ ਦੀ ਸਥਿਤੀ 'ਚ ਭਾਰਤ ਅੰਦਰ ਕਾਰਪੋਰੇਟ ਘਰਾਣੇ, ਵੱਡੇ ਪੂੰਜੀਪਤੀ ਤੇ ਸਰਕਾਰੀ ਅਦਾਰੇ ਸਾਰਾ ਉਤਪਾਦਨ ਇਕ ਯੂਨਿਟ 'ਚ ਕੰਮ ਕਰ ਰਹੇ ਕਿਰਤੀਆਂ ਤੋਂ ਨਹੀਂ ਕਰਾਉਂਦੇ। ਬਹੁਤ ਸਾਰਾ ਕੰਮ 'ਆਊਟ ਸੋਰਸਿੰਗ' ਰਾਹੀਂ ਵੱਖ-ਵੱਖ ਥਾਵਾਂ ਤੇ ਅਦਾਰਿਆਂ 'ਚ ਠੇਕੇਦਾਰੀ ਪ੍ਰਥਾ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਹਕੀਕੀ ਮਾਲਕ ਆਪ ਪੈਦਾਵਾਰ ਕਰਨ ਦੀ ਥਾਂ ਠੇਕੇਦਾਰਾਂ ਤੋਂ ਸਸਤੀ ਮਜ਼ਦੂਰੀ 'ਤੇ 'ਠੇਕੇਦਾਰੀ ਪ੍ਰਥਾ' ਰਾਹੀਂ ਸਾਰਾ ਕੰਮ ਕਰਵਾ ਕੇ ਲਾਗਤ ਕੀਮਤ 'ਚ ਭਾਰੀ ਕਮੀ ਕਰ ਲੈਂਦੇ ਹਨ। ਠੇਕੇਦਾਰ ਅੱਗੋਂ ਮਜ਼ਦੂਰਾਂ ਨੂੰ ਘੱਟ ਉਜਰਤਾਂ ਦੇ ਕੇ, ਬਿਨਾਂ ਕੋਈ ਹੋਰ ਆਰਥਿਕ ਲਾਭ ਦਿੱਤਿਆਂ ਦੋਹਰਾ ਨਪੀੜਨ ਕਰਦੇ ਹਨ। ਇਸ ਲਈ ਸਮਾਜਿਕ ਪਰਿਵਰਤਨ 'ਚ ਜੁੱਟੀਆਂ ਸ਼ਕਤੀਆਂ ਨੂੰ ਖਿੰਡੀ-ਪੁੰਡੀ ਤੇ ਮਜਬੂਰੀਆਂ ਵੱਸ ਘੱਟ ਉਜਰਤ ਨਾਲ ਰੁਜ਼ਗਾਰ 'ਚ ਜੁੱਟੀ ਕਿਰਤ ਸ਼ਕਤੀ ਨੂੰ ਜਥੇਬੰਦ ਕਰਨ ਲਈ ਨਵੇਂ ਢੰਗਾਂ ਦੀ ਖੋਜ ਕਰਨੀ ਹੋਵੇਗੀ। ਨਾਲ ਹੀ ਕਿਰਤੀ ਸ਼੍ਰੇਣੀ ਤੇ ਦੂਸਰੇ ਮਿਹਨਤਕਸ਼ ਤਬਕਿਆਂ ਨੂੰ ਰਾਜਨੀਤਕ ਤੇ ਵਿਚਾਰਧਾਰਕ ਚੇਤਨਾ ਦੀ ਪੁੱਠ ਚਾੜ੍ਹਕੇ ਇਨਕਲਾਬੀ ਲੀਹਾਂ 'ਤੇ ਅਗਾਂਹ ਤੋਰਨਾ ਹੋਵੇਗਾ। ਮੋਦੀ ਸਰਕਾਰ ਧਰਮ ਅਧਾਰਤ ਕੱਟੜ ਰਾਜ ਦੀ ਕਾਇਮੀ ਵਾਸਤੇ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਖੱਬੀ ਵਿਚਾਰਧਾਰਾ ਦੇ ਅਨੁਆਈਆਂ ਨੂੰ ਸਿਲਸਿਲੇਵਾਰ ਨਿਸ਼ਾਨਾ ਬਣਾ ਰਹੀ ਹੈ। ਸੰਘ ਵੱਲੋਂ ਇਕ ਪਾਸੇ ਜਿੱਥੇ ਇਨ੍ਹਾਂ ਵੱਖ-ਵੱਖ ਤਬਕਿਆਂ ਵਿਰੁੱਧ ਸਮਾਜ ਅੰਦਰ ਨਫਰਤ ਪੈਦਾ ਕੀਤੀ ਜਾ ਰਹੀ ਹੈ, ਉਥੇ ਨਾਲ ਹੀ ਕੂੜ ਪ੍ਰਚਾਰ ਰਾਹੀਂ ਧਾਰਮਿਕ ਘੱਟ ਗਿਣਤੀਆਂ ਤੇ ਦਲਿਤਾਂ ਅੰਦਰ ਆਪਣੇ ਏਜੰਟਾਂ ਦੀ ਘੁਸਪੈਠ ਵੀ ਕਰਵਾਈ ਜਾ ਰਹੀ ਹੈ। ਅੱਡੋ-ਅੱਡ ਧਰਮਾਂ ਤੇ ਜਾਤੀਆਂ ਵਿਚਕਾਰ ਆਪਣੇ ਪਿਆਦਿਆਂ ਰਾਹੀਂ ਉਤੇਜਨਾ ਪੈਦਾ ਕਰਨ ਵਾਲੀਆਂ ਹਿੰਸਕ ਕਾਰਵਾਈਆਂ ਕਰਵਾ ਕੇ ਸੰਘੀ ਤੱਤਾਂ ਵੱਲੋਂ ਫਸਾਦ ਕਰਵਾਉਣ ਦੀਆਂ ਹਿਰਦੇਵੇਦਕ ਘਟਨਾਵਾਂ ਵੀ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦ ਹੋਣ ਤੋਂ ਪਿੱਛੋਂ ਵੱਖੋ-ਵੱਖ ਸਮਿਆਂ 'ਤੇ ਅਨੇਕਾਂ ਵਾਰ ਜੱਗ ਜ਼ਾਹਰ ਹੋਈਆਂ ਹਨ। ਇਸ ਲਈ ਜਮਾਤੀ ਤੌਰ 'ਤੇ ਚੇਤੰਨ ਮਜ਼ਦੂਰ ਜਮਾਤ ਹੀ ਬਹੁ-ਗਿਣਤੀ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਦੇ ਨਾਲ-ਨਾਲ ਧਾਰਮਿਕ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਦੀਆਂ ਉਚੇਚੀਆਂ ਸਮਾਜਿਕ ਸਮੱਸਿਆਵਾਂ 'ਚ ਦਖਲਅੰਦਾਜ਼ੀ ਕਰਕੇ ਜ਼ੋਰਦਾਰ ਘੋਲ ਲਾਮਬੰਦ ਕਰ ਸਕਣ ਦੇ ਯੋਗ ਬਣ ਸਕਦੀ ਹੈ। ਇਸ ਢੰਗ ਨਾਲ ਹੀ ਸਮੁੱਚੀ ਮਿਹਨਤਕਸ਼ ਜਮਾਤ ਆਪੋ-ਆਪਣੇ ਖਿੱਤੇ ਤੇ ਦੂਸਰੇ ਤਬਕਿਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਘੋਲ ਲੜਨ ਦੇ ਨਾਲ-ਨਾਲ ਭਾਰਤ ਦੀ ਸੱਤਾ 'ਤੇ ਕਾਬਜ਼ ਜਮਾਤਾਂ ਤੇ ਉਨ੍ਹਾਂ ਦੇ ਸਾਮਰਾਜੀ ਭਾਈਵਾਲਾਂ ਵਿਰੁੱਧ ਜ਼ੋਰਦਾਰ ਰਾਜਨੀਤਕ ਤੇ ਵਿਚਾਰਧਾਰਕ ਸੰਘਰਸ਼ ਵਿੱਢਣ ਰਾਹੀਂ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰ ਸਕਦੀ ਹੈ।

ਸਮਾਂ ਆ ਗਿਆ ਹੈ ਕਿ ਦੇਸ਼ ਦੀ ਮਜ਼ਦੂਰ ਜਮਾਤ ਸਮੁੱਚੇ ਸਮਾਜ ਨੂੰ ਦਰਪੇਸ਼ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਕੁਪੋਸ਼ਣ, ਸਮਾਜਿਕ ਸੁਰੱਖਿਆ ਤੇ ਹੋਰ ਨਾਗਰਿਕ ਸਹੂਲਤਾਂ ਦੀ ਅਣਹੋਂਦ ਵਰਗੀਆਂ ਲਾਹਨਤਾਂ ਤੋਂ ਮੁਕਤੀ ਦੁਆਉਣ ਅਤੇ ਹਰ ਇੱਕ ਨੂੰ ਇੱਕ ਸਮਾਨ ਤੇ ਮਿਆਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਵਿਸ਼ਾਲ, ਦੇਸ਼ ਵਿਆਪੀ ਜਨ-ਸੰਗਰਾਮਾਂ ਦੀ ਨਿੱਗਰ ਵਿਉਂਤਬੰਦੀ ਅਤੇ ਸੁਯੋਗ ਅਗਵਾਈ ਕਰੇ, ਨਾਲ ਹੀ ਫਿਰਕੂ-ਫਾਸ਼ੀਵਾਦੀ ਸ਼ਕਤੀਆਂ ਨੂੰ ਦੇਸ਼ ਦੀ ਸੱਤਾ ਤੋਂ ਲਾਂਭੇ ਕਰਨ ਲਈ ਇਕਜੁੱਟ ਹੋ ਕੇ ਬੱਝਵੇਂ ਬਹੁਪੱਖੀ ਆਰਥਿਕ, ਰਾਜਨੀਤਕ ਤੇ ਵਿਚਾਰਧਾਰਕ ਘੋਲ ਲਾਮਬੰਦ ਕਰਨ ਦੇ ਵੀ ਸਮਰੱਥ ਬਣੇ। ਅਜੋਕੇ ਸਮੇਂ ਦਾ ਸਭ ਤੋਂ ਕੇਂਦਰੀ ਮੁੱਦਾ ਸੰਘ ਸਮਰਥਕ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਹੈ। ਅਜਿਹਾ ਕਰਦਿਆਂ ਕਾਰਪੋਰੇਟ ਘਰਾਣਿਆਂ ਤੇ ਮੋਦੀ ਸਰਕਾਰ ਦੀਆਂ ਨਵਉਦਾਰਵਾਦੀ ਆਰਥਿਕ ਨੀਤੀਆਂ ਵਿਰੁੱਧ ਸੰਘਰਸ਼ਾਂ ਨੂੰ ਵੀ ਹੋਰ ਤਿਖੇਰੇ ਕਰਨ ਦੀ ਲੋੜ ਹੈ। ਇਹ ਵੀ ਸੰਭਵ ਹੈ ਕਿ ਬਹੁਤ ਸਾਰੀਆਂ ਉਹ ਰਾਜਸੀ ਪਾਰਟੀਆਂ, ਜੋ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦੇ ਸਰਬ ਸਾਂਝੇ ਘੋਲ 'ਚ ਤਾਂ ਸ਼ਾਮਿਲ ਹੋਣ, ਪਰ ਨਵ ਉਦਾਰਵਾਦੀ ਨੀਤੀਆਂ ਨੂੰ ਜਨ ਸੰਗਰਾਮਾਂ ਰਾਹੀਂ ਪਲਟਾਉਣ ਦੇ ਇਸ ਦੂਸਰੇ ਕਾਰਜ 'ਚ ਮਜ਼ਦੂਰ ਜਮਾਤ ਦਾ ਉੱਕਾ ਹੀ ਸਾਥ ਨਾ ਦੇਣ। ਇਸ ਲਈ ਫਿਰਕੂ-ਫਾਸ਼ੀ ਤਾਕਤਾਂ ਖਿਲਾਫ਼ ਸੰਘਰਸ਼ ਕਰਦਿਆਂ ਹੋਇਆਂ ਆਰਥਿਕ ਨੀਤੀਆਂ ਬਾਰੇ ਮਜ਼ਦੂਰ ਜਮਾਤ ਦੇ ਪੈਂਤੜੇ ਤੋਂ ਵੱਖ-ਵੱਖ ਰਾਜਸੀ ਪਾਰਟੀਆਂ ਦਾ ਰਵੱਈਆ ਤੇ ਸਮਝਦਾਰੀ ਵੀ ਮਿਹਨਤਕਸ਼ ਜਮਾਤ ਦੀ ਚੇਤਨਾ ਦਾ ਭਾਗ ਬਣਾਈ ਜਾਣੀ ਚਾਹੀਦੀ ਹੈ। ਅਜਿਹਾ ਨਾ ਕਰ ਸਕਣ 'ਤੇ ਮਜ਼ਦੂਰ ਜਮਾਤ ਤੇ ਇਸ ਦੇ ਕਾਜ ਪ੍ਰਤੀ ਸਮਰਪਿਤ ਰਾਜਸੀ ਧਿਰ ਦਾ ਇਨਕਲਾਬੀ ਨਜ਼ਰੀਆ ਧੂਮਲ ਹੋ ਸਕਦਾ ਹੈ, ਜਿਸ ਨਾਲ ਸਮਾਜਿਕ ਪਰਿਵਰਤਨ ਦੀ ਲਹਿਰ ਨੂੰ ਵੱਡੀ ਸੱਟ ਵੱਜਣ ਦੀਆਂ ਪੂਰੀਆਂ-ਪੂਰੀਆਂ ਸੰਭਾਵਨਾਵਾਂ ਹਨ। ਇਨ੍ਹਾਂ ਔਖੇ ਪੜਾਵਾਂ 'ਚੋਂ ਸਫਲਤਾ ਸਹਿਤ ਗੁਜ਼ਰਦਿਆਂ ਹੋਇਆਂ ਹੀ ਮਜ਼ਦੂਰ ਜਮਾਤ ਨੂੰ ਅਜੋਕੇ ਸਮੇਂ ਦੀ ਸਭ ਤੋਂ ਵੱਧ ਇਨਕਲਾਬੀ ਤੇ ਭਰੋਸੇਯੋਗ ਆਗੂ ਜਮਾਤ ਵੱਲੋਂ ਮਾਨਤਾ ਹਾਸਲ ਹੋਣੀ ਹੈ। ਇਹ ਵੀ ਇਕ ਤਰ੍ਹਾਂ ਦਾ ਸਖ਼ਤ ਇਮਤਿਹਾਨ ਹੈ, ਜਿਹੜਾ ਮਜ਼ਦੂਰ ਜਮਾਤ ਲਈ ਸ਼ਾਨਾ ਬਸ਼ਾਨਾ ਪਾਸ ਕਰਨਾ ਲਾਜ਼ਮੀ ਹੈ।

# ਹਸਪਤਾਲ 'ਚ ਕੀਤੇ ਹਵਾਈ ਫਾਇਰ, ਦੋ ਗ੍ਰਿਫ਼ਤਾਰ


ਝਗੜੇ 'ਚ ਜ਼ਖ਼ਮੀ ਵਿਅਕਤੀ (ਸੱਜੇ) ਡੀ.ਐਸ.ਪੀ. ਅਮਰਪ੍ਰੀਤ ਸਿੰਘ ਘਟਨਾ ਦੀ ਜਾਣਕਾਰੀ ਦਿੰਦੇ ਹੋਏ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦਾਣਾ ਮੰਡੀ 'ਚ ਹੋਏ ਝਗੜੇ ਉਪਰੰਤ ਹਸਪਤਾਲ 'ਚ ਦਾਖ਼ਲ ਹੋਣ ਆਏ ਦੋ ਧਿਰਾਂ ਦੇ ਸਮਰਥਕਾਂ ਵੱਲੋਂ ਸਰਕਾਰੀ ਹਸਪਤਾਲ 'ਚ ਹਵਾਈ ਫਾਇਰ ਕਰਕੇ ਦਹਿਸ਼ਤ ਪੈਦਾ ਕਰਨ ਦਾ ਸਮਾਚਾਰ ਹੈ।

ਜਾਣਕਾਰੀ ਮੁਤਾਬਕ ਬਸੀ ਪਠਾਣਾਂ ਦੀ ਦਾਣਾ ਮੰਡੀ 'ਚ ਆੜ੍ਹਤ ਦੀਆਂ ਦੋ ਫਰਮਾਂ ਦਰਮਿਆਨ ਫੜ੍ਹਾਂ ਨੂੰ ਲੈ ਕੇ ਕੁਝ ਦਿਨਾਂ ਤੋਂ ਆਪਸ 'ਚ ਤਕਰਾਰ ਚੱਲ ਰਿਹਾ ਸੀ ਤੇ ਬੀਤੀ ਰਾਤ ਤਰਪਾਲ ਨੂੰ ਲੈ ਕੇ ਫਿਰ ਹੋਈ ਤਕਰਾਰ ਦੌਰਾਨ ਇੱਕ ਧਿਰ ਦੇ ਨਰੇਸ਼ ਕੁਮਾਰ ਤੇ ਦੂਜੀ ਧਿਰ ਦੇ ਸਮੀਰ ਖਾਨ ਆਪਸ 'ਚ ਲੜ ਕੇ ਜ਼ਖ਼ਮੀ ਹੋ ਗਏ, ਜਿਸ ਤੋਂ ਬਾਅਦ ਦੋਵੇਂ ਧਿਰਾਂ ਦੇ ਕੁਝ ਵਿਅਕਤੀ ਆਪੋ-ਆਪਣੇ ਜ਼ਖ਼ਮੀਆਂ ਨੂੰ ਦਾਖਲ ਕਰਾਉਣ ਲਈ ਸਰਕਾਰੀ ਹਸਪਤਾਲ 'ਚ ਪਹੁੰਚ ਗਏ, ਜਿੱਥੇ ਦੋਵੇਂ ਧਿਰਾਂ ਦੇ ਸਮਰਥਕਾਂ ਦਰਮਿਆਨ ਫਿਰ ਤਕਰਾਰ ਸ਼ੁਰੂ ਹੋ ਗਿਆ, ਜਿਸ ਦੇ ਚੱਲਦਿਆਂ ਕੁੱਝ ਵਿਅਕਤੀਆਂ ਨੇ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੱਤੇ, ਜਿਸ ਸਬੰਧੀ ਸੂਚਨਾ ਮਿਲਣ 'ਤੇ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਡੀ.ਐਸ.ਪੀ. ਅਮਰਪ੍ਰੀਤ ਸਿੰਘ, ਐਸ.ਐਚ.ਓ. ਥਾਣਾ ਬਸੀ ਇੰਸਪੈਕਟਰ ਹਰਵਿੰਦਰ ਸਿੰਘ ਤੇ ਸਿਟੀ ਚੌਂਕੀ ਦੇ ਇੰਚਾਰਜ ਮੇਜਰ ਸਿੰਘ ਨੇ ਸਥਿਤੀ ਨੂੰ ਹੋਰ ਵਿਗੜਨ ਤੋਂ ਬਚਾਇਆ।

ਡੀ.ਐਸ.ਪੀ. ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਸਰਕਾਰੀ ਹਸਪਤਾਲ 'ਚ ਹਵਾਈ ਫਾਇਰ ਹੋਣ ਦੀ ਸੂਚਨਾ ਮਿਲੀ ਸੀ, ਜਿਸ ਦੇ ਸਬੰਧ 'ਚ ਦੋ ਵਿਅਕਤੀਆਂ ਨੂੰ ਹਿਰਾਸਤ 'ਚ ਲੈਂਦੇ ਹੋਏ ਉਨ੍ਹਾਂ ਦੇ ਲਾਇਸੰਸੀ ਹਥਿਆਰਾਂ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ ਤੇ ਦੋਵਾਂ ਧਿਰਾਂ ਦੇ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਗੋਲੀ ਚੱਲਣ ਨਾਲ ਕਿਸੇ ਕਿਸਮ ਦੇ ਜਾਨੀ-ਮਾਲੀ ਨੁਕਸਾਨ ਹੋਣ ਦੀ ਸੂਚਨਾ ਤਾਂ ਨਹੀਂ ਹੈ, ਪਰ ਕਾਨੂੰਨ ਹੱਥ 'ਚ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਪ੍ਰਾਈਵੇਟ ਤਾਪ ਘਰਾਂ ਨੂੰ ਦਰਪੇਸ਼ ਔਕੜਾਂ ਰਾਜ ਦੇ ਬਿਜਲੀ ਉਤਪਾਦਨ 'ਤੇ ਪਾ ਸਕਦੀਆਂ ਮਾੜਾ ਅਸਰ

**ਮਾਨਸਾ (ਆਤਮਾ ਸਿੰਘ ਪਮਾਰ)**

ਪਿੰਡ ਗੋਬਿੰਦਪੁਰਾ ਵਿਖੇ ਪਿਊਨਾ ਕੰਪਨੀ ਵੱਲੋਂ ਲਾਇਆ ਜਾਣ ਵਾਲਾ ਤਾਪ ਘਰ ਪੰਜਾਬ ਸਰਕਾਰ ਵੱਲੋਂ 880 ਏਕੜ ਜ਼ਮੀਨ ਐਕਵਾਇਰ ਕਰਨ ਦੇ ਬਾਵਜੂਦ 12 ਸਾਲਾਂ ਬਾਅਦ ਵੀ ਨਹੀਂ ਲੱਗ ਸਕਿਆ। ਹੁਣ ਰਾਜ ਵਿੱਚ ਸਭ ਤੋਂ ਵੱਧ ਬਿਜਲੀ ਉਤਪਾਦਨ ਕਰ ਰਹੇ ਪ੍ਰਾਈਵੇਟ ਤਾਪਘਰਾਂ ਲਈ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਵੱਲੋਂ ਪੈਦਾ ਕੀਤੀਆਂ ਜਾ ਰਹੀਆ ਮੁਸ਼ਕਲਾਂ ਕਾਰਨ ਇਨ੍ਹਾਂ ਦੇ ਬੰਦ ਹੋਣ ਦਾ ਘੁੱਗੂ ਵੱਜਣ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਜੇਕਰ ਰਾਜ ਦੇ ਤਿੰਨ ਵੱਡੇ ਪ੍ਰਾਈਵੇਟ ਤਾਪਘਰਾਂ ਦਾ ਪੰਜਾਬ ਤੋਂ ਮੋਹ ਭੰਗ ਹੋ ਗਿਆ ਤਾਂ ਰਾਜ ਨੂੰ ਬਾਹਰਲੇ ਸੂਬਿਆਂ ਤੋਂ ਮਹਿੰਗੀ ਬਿਜਲੀ ਖਰੀਦਣ ਦੀ ਨਿਰਭਰਤਾ ਤੋਂ ਬਗੈਰ ਹੋਰ ਕੋਈ ਚਾਰਾ ਬਾਕੀ ਨਹੀਂ ਬਚੇਗਾ, ਜਿਸ ਨਾਲ ਰਾਜ ਦੀ ਤਰੱਕੀ ਨੂੰ ਕਾਇਮ ਰੱਖਣਾ ਸਭ ਤੋਂ ਵੱਡੀ ਦਿੱਕਤ ਦਰਪੇਸ਼ ਹੋਵੇਗੀ।

ਦਿਲਚਸਪ ਗੱਲ ਹੈ ਕਿ ਦੇਸ਼ ਭਰ ਦੀਆਂ ਵੱਖ-ਵੱਖ ਤਾਪ ਘਰ ਲਾਉਣ ਵਾਲੀਆਂ ਵੱਡੀਆਂ ਕੰਪਨੀਆਂ ਲੈਂਕੋ, ਇੰਡੀਆ ਬੁਲਜ਼, ਜੀਵੀਕੇ, ਐਲ ਐਂਡ ਟੀ ਤੇ ਵੇਦਾਂਤਾ ਨੇ ਪੰਜਾਬ ਵਿੱਚ ਸਵਾ ਦਹਾਕਾ ਪਹਿਲਾਂ ਲਗਭਗ 400 ਮੈਗਾਵਾਟ ਦੇ ਪਾਵਰ ਪ੍ਰੋਜੈਕਟ ਲਾਉਣ ਲਈ ਤਕਰੀਬਨ 25 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ, ਜੋ ਅੱਜ ਤੱਕ ਦਾ ਪੰਜਾਬ ਵਿੱਚ ਸਭ ਤੋਂ ਵੱਡਾ ਨਿਵੇਸ਼ ਸੀ।

ਭਾਵੇਂ ਇਸ ਨਿਵੇਸ਼ ਨੂੰ ਪੰਜਾਬ ਲਈ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸਮੇਂ ਵੱਡਾ ਵਰਦਾਨ ਮੰਨਿਆ ਗਿਆ ਸੀ ਤੇ ਛੇਤੀ ਹੀ ਰਾਜ ਵਿੱਚ ਹੋਰ ਕੰਪਨੀਆਂ ਦੇ ਆਉਣ ਦੀ ਉਮੀਦ ਜਿਤਾਈ ਜਾਣ ਲੱਗੀ ਸੀ, ਪਰ ਹੁਣ ਹੋਰ ਆਉਣ ਦੀ ਥਾਂ ਉਲਟਾ ਜਿਹੜੀਆਂ ਕੰਪਨੀਆਂ ਵੱਲੋਂ ਪਹਿਲਾਂ ਹੀ ਤਾਪ ਘਰ ਲਾਏ ਹਨ। ਉਨ੍ਹਾਂ ਦੇ ਪੰਜਾਬ 'ਚੋਂ ਜਾਣ ਦੀਆਂ ਅੰਦਰ ਖਾਤੇ ਕਨਸੋਆਂ ਉਭਰਦੀਆਂ ਦਿਖਾਈ ਦੇਣ ਲੱਗਦੀਆਂ ਜਾਪਦੀਆਂ ਹਨ।

ਐਸੋਸੀਏਸ਼ਨ ਫਾਰ ਸਿਟੀਜ਼ਨ ਰਾਈਟਸ ਪੰਜਾਬ ਦੇ ਪ੍ਰਧਾਨ ਗੁਰਤੇਜ ਸਿੰਘ ਜਗਰੀ ਤੇ ਜਨਰਲ ਸਕੱਤਰ ਐਡਵੋਕੇਟ ਈਸ਼ਵਰ ਗੋਇਲ ਨੇ ਦੱਸਿਆ ਕਿ ਜੀ.ਵੀ.ਕੇ ਤਾਪਘਰ ਗੋਇੰਦਵਾਲ ਵੱਲੋਂ ਖਰਚ ਕੀਤੀ ਜਾ ਚੁੱਕੀ 1200 ਕਰੋੜ ਰੁਪਏ ਦੀ ਅਦਾਇਗੀ ਨੂੰ ਜਿਸ ਰੂਪ ਵਿੱਚ ਪੀਐਸਪੀਸੀਐਲ ਵੱਲੋਂ ਰੋਕਿਆ ਗਿਆ ਹੈ, ਉਸ ਰੂਪ ਵਿੱਚ ਕੰਪਨੀ ਦਾ ਲਗਾਤਾਰ ਤਾਪਘਰ ਚਲਾਉਣ ਲਈ ਉਤਸ਼ਾਹ ਮੱਠਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਐਨਾ ਹੀ ਨਹੀਂ ਤਾਪਘਰ ਦੇ 117 ਕਰੋੜ ਦੇ ਖਰਚਿਆਂ ਨੂੰ ਕਿਸੇ ਹੋਰ ਕਾਰਨ ਕਰਕੇ ਰੋਕਿਆ ਗਿਆ ਹੈ, ਜਦੋਂ ਕਿ ਸੂਬੇ ਦੇ ਐਲ ਐਂਡ ਟੀ ਤੇ ਟੀਐਸਪੀਐਲ ਵੱਲੋਂ ਆਪਣੀ ਰਾਸ਼ੀ ਨੂੰ ਹਾਸਲ ਕਰਨ ਲਈ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ।

ਪੰਜਾਬ ਨੂੰ ਹੁਣ ਆਪਣੀਆਂ ਘਰੇਲੂ, ਖੇਤੀ ਤੇ ਉਦਯੋਗਿਕ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਾਈਵੇਟ ਤਾਪਘਰਾਂ ਉਤੇ ਨਿਰਭਰ ਹੋਣਾ ਪੈ ਰਿਹਾ ਹੈ ਤੇ ਇਨ੍ਹਾਂ ਤਾਪਘਰਾਂ ਨਾਲ ਇਸ ਵੇਲੇ ਜਿਹੜੀ ਹੁਣ ਪੀਐਸਪੀਸੀਐਲ ਤੋਂ ਤਕਲੀਫ਼ਾਂ ਹੋ ਰਹੀਆਂ ਹਨ, ਉਸ ਤੋਂ ਜਾਪਦਾ ਹੈ ਕਿ ਭਵਿੱਖ ਵਿੱਚ ਜੇਕਰ ਹੋਰ ਤੇਜ਼ ਹੋ ਗਈਆਂ ਤਾਂ ਇਹ ਕੰਪਨੀਆਂ ਇੰਡੀਆ ਬੁਲਜ਼ ਵਾਂਗ ਹੱਥ ਖੜ੍ਹੇ ਕਰ ਜਾਣਗੀਆਂ।

ਐਸੋਸੀਏਸ਼ਨ ਫਾਰ ਸਿਟੀਜ਼ਨ ਰਾਈਟਸ ਦਾ ਕਹਿਣਾ ਹੈ ਕਿ ਇਸ ਸਮੇਂ ਰਾਜ ਦੇ ਪ੍ਰਾਈਵੇਟ ਤਾਪਘਰਾਂ ਨੂੰ ਆਪਣੀ ਸਮਰੱਥਾ ਅਨੁਸਾਰ ਖੁੱਲ੍ਹਕੇ ਪੀਐਸਪੀਸੀਐਲ ਨੇ ਚੱਲਣ ਨਾ ਦਿੱਤਾ ਤਾਂ ਇਹ ਦੂਜੇ ਰਾਜਾਂ ਤੋਂ ਮਹਿੰਗੀ ਬਿਜਲੀ ਖਰੀਦਣ ਲਈ ਮਜ਼ਬੂਰ ਹੋਣ ਸਮੇਤ ਬਿਜਲੀ ਸਪਲਾਈ ਸਮੇਂ ਸਿਰ ਜਾਰੀ ਕਰਨ ਵਿੱਚ ਵੀ ਵੱਡੀ ਔਕੜ ਆਉਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿਸ ਦਾ ਮਾੜਾ ਅਸਰ ਰਾਜ ਦੇ ਖਜ਼ਾਨੇ ਅਤੇ ਆਮ ਬਿਜਲੀ ਦੇ ਖਪਤਕਾਰਾਂ ਉਪਰ ਪੈਣਾ ਸੁਭਾਵਕ ਹੈ । ਇਸੇ ਦੌਰਾਨ ਮਾਨਸਾ ਜ਼ਿਲ੍ਹੇ ਦੇ ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਬਿਜਲੀ ਉਤਪਾਦਨ ਨੂੰ ਲੋਕਾਂ ਦੀ ਲੋੜ ਅਨੁਸਾਰ ਹੋਰ ਵਧਾਉਣ ਲਈ ਸਰਕਾਰੀ ਤੇ ਪ੍ਰਾਈਵੇਟ ਤਾਪਘਰਾਂ ਨੂੰ ਲਗਾਤਾਰ ਕਾਇਮ ਰੱਖਿਆ ਜਾਵੇਗਾ ਅਤੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਾਹਰਲੀਆਂ ਕੰਪਨੀਆਂ ਨਾਲ ਲਗਾਤਾਰ ਰਾਬਤਾ ਰੱਖਿਆ ਜਾ ਰਿਹਾ ਹੈ।

# ਧਰਨਾ ਪ੍ਰਦਰਸ਼ਨ ਕਰਕੇ ਤਹਿਸਲਦਾਰ ਮਾਨਸਾ ਨੂੰ ਦਿੱਤਾ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**

ਪਿਛੜਾ ਵਰਗ ਮੋਰਚਾ ਦੇ ਸੱਦੇ 'ਤੇ ਜ਼ਿਲ੍ਹੇ ਦੇ ਹੈੱਡ ਕੁਆਰਟਰ ਤੇ ਧਰਨਾ ਪ੍ਰਦਰਸ਼ਨ ਕਰਕੇ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਸੁਰਿੰਦਰ ਸਿੰਘ ਬਾਮਸੇਫ ਆਗੂ ਨੇ ਕੀਤੀ। ਕੇਵਲ ਸਿੰਘ ਪਿਛੜਾ ਵਰਗ ਮੋਰਚੇ ਦੇ ਪ੍ਰਧਾਨ ਨੇ ਕਿਹਾ ਕਿ ਓ.ਬੀ.ਸੀ ਲੋਕਾਂ ਦੀ ਮਰਦਮਸ਼ੁਮਾਰੀ ਵਿੱਚ ਜਾਤੀ ਅਧਾਰਤ ਗਿਣਤੀ ਹੋਣੀ ਚਾਹੀਦੀ ਹੈ, ਜੋ ਕਦੇ ਵੀ ਨਹੀਂ ਹੋਈ। ਇਸ ਤੋਂ ਇਲਾਵਾ ਈ.ਵੀ.ਐਮ ਬੰਦ ਹੋਣੀਆਂ ਚਾਹੀਦੀਆਂ ਹਨ ਅਤੇ ਚੋਣਾਂ ਬੈਲਟ ਪੇਪਰ ਨਾਲ ਹੀ ਹੋਣੀਆਂ ਚਾਹੀਦੀਆਂ ਹਨ। ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾਇਆ ਜਾਵੇ। ਕਾਲੇ ਕਾਨੂੰਨ ਐਨ.ਆਰ.ਸੀ, ਸੀ.ਏ.ਏ ਤੇ ਐਨ.ਆਰ.ਪੀ. ਵਰਗੇ ਕਾਲੇ ਕਾਨੂੰਨ ਖਤਮ ਕੀਤੇ ਜਾਣ। ਲਾਕਡਾਊਨ ਦੌਰਾਨ ਮਜ਼ਦੂਰਾਂ ਦੇ ਖਿਲਾਫ਼ ਬਣਾਏ ਮਜ਼ਦੂਰ ਵਿਰੋਧੀ ਬਣਾਏ ਗਏ ਲੇਬਰ ਕੋਡਾਂ ਨੂੰ ਤੁਰੰਤ ਵਾਪਸ ਲਿਆ ਜਾਵੇ। ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਐਸ.ਸੀ./ਐਸ.ਟੀ. ਤੇ ਓ.ਬੀ.ਸੀ.ਵਰਗ ਦਾ ਬੈਕਲਾਗ ਤੁਰੰਤ ਪੂਰਾ ਕਰਨਾ ਐਸ.ਸੀ./ਐਸ.ਟੀ. ਤੇ ਓ.ਬੀ.ਸੀ. ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਵੀ ਬਹਾਲ ਕੀਤੀ ਜਾਵੇ। ਇਸੇ ਤਰ੍ਹਾਂ ਹੀ ਡਾ. ਪੰਪੋਜ ਨੂੰ ਨਿਆਂ ਦੇਣ ਲਈ ਪੁਲਿਸ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਇਸ ਸਮੇਂ ਬਹੁਜਨ ਮੁਕਤੀ ਪਾਰਟੀ ਦੇ ਜਸਵੰਤ ਸਿੰਘ ਮਾਨਸਾ, ਭਾਰਤ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਦਲਵਿੰਦਰ ਸਿੰਘ, ਬਾਮਸੇਫ਼ ਆਗੂ ਰੰਗੀ ਰਾਮ, ਮਲਕੀਤ ਸਿੰਘ ਐਸ.ਡੀ.ਓ, ਮਦਨ ਲਾਲ, ਮਹਿੰਦਰ ਸਿੰਘ, ਲਾਲ ਚੰਦ, ਸੁਰਜੀਤ ਸਿੰਘ, ਭੋਲਾ ਸਿੰਘ, ਬਲਵਿੰਦਰ ਸਿੰਘ, ਜਗਦੀਸ਼ ਸਿੰਘ ਤੇ ਅਜੈਬ ਸਿੰਘ ਗਾਗੋਵਾਲ ਆਦਿ ਵੀ ਹਾਜ਼ਰ ਸਨ।

# ਦਿਹਾਤੀ ਮਜਦੂਰ ਸਭਾ ਵੱਲੋਂ ਅੱਜ ਮਨਾਇਆ ਜਾਵੇਗਾ ਮਜ਼ਦੂਰ ਦਿਹਾੜਾ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਦਿਹਾਤੀ ਮਜ਼ਦੂਰ ਸਭਾ ਦੀ ਪਿੰਡ ਇਕਾਈ ਨੇ ਨਰੇਗਾ ਮਜ਼ਦੂਰਾਂ ਦੀ ਨੁੱਕੜ ਮੀਟਿੰਗ ਆਯੋਜਤ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ, ਤਹਿਸੀਲ ਮੁਕਤਸਰ ਸਾਹਿਬ ਦੇ ਪ੍ਰਧਾਨ ਪਾਰਸ ਸਿੰਘ ਲੁਬਾਣਿਆਂ ਵਾਲੀ, ਤਹਿਸੀਲ ਕਮੇਟੀ ਮੰਡੀ ਬਰੀਵਾਲਾ ਦੇ ਸਕੱਤਰ ਨਸੀਬ ਸਿੰਘ ਜੰਮੂਆਣਾ ਇਕਾਈ ਪ੍ਰਧਾਨ ਵੀਰਪਾਲ ਕੌਰ ਨੇ ਦੱਸਿਆ ਕਿ ਪਿੰਡ-ਪਿੰਡ ਨਰੇਗਾ ਮਜ਼ਦੂਰਾਂ ਦੀਆਂ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ। ਇਸੇ ਕੜੀ ਤਹਿਤ ਪਿੰਡ ਇਕਾਈ ਜੰਮੂਆਣਾ ਦੀ ਨੁੱਕੜ ਮੀਟਿੰਗ ਕੀਤੀ ਗਈ।

ਆਗੂਆਂ ਨੇ ਕਿਹਾ ਕਿ ਪਹਿਲੀ ਮਈ ਨੂੰ ਪਿੰਡ-ਪਿੰਡ ਝੰਡੇ ਝੁਲਾ ਕੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਰੇਗਾ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ।

ਪਾਰਸ ਸਿੰਘ ਲੁਬਾਣਿਆਂ ਵਾਲੀ ਤਹਿਸੀਲ ਮੁਕਤਸਰ ਦੇ ਸਕੱਤਰ ਨੇ ਕਿਹਾ ਕਿ ਕਿ ਸ਼ਿਕਾਗੋ ਦੇ ਮਜ਼ਦੂਰ ਸ਼ਹੀਦਾਂ ਨੇ ਕੁਰਬਾਨੀ ਕਰਕੇ ਸਾਨੂੰ ਹੱਕ ਹਕੂਕ ਲੈ ਕੇ ਦਿੱਤੇ ਹਨ। ਉਨ੍ਹਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਤੇ ਉਨ੍ਹਾਂ ਵੱਲੋਂ ਪ੍ਰਾਪਤ ਕੀਤੇ ਹੱਕ ਹਕੂਕਾਂ ਨੂੰ ਸਰਕਾਰਾਂ ਕੁਚਲ ਕੇ ਹੱਕਾਂ 'ਤੇ ਡਾਕਾ ਮਾਰਨ ਦੀ ਹਰ ਕੋਸ਼ਿਸ਼ ਬਾਜ਼ ਨਹੀਂ ਆ ਰਹੀਆਂ, ਜਿਸ ਖਿਲਾਫ਼ ਜ਼ੋਰਦਾਰ ਸੰਘਰਸ਼ ਵਿੱਢਿਆ ਜਾਵੇਗਾ।

# ਦੇਵ ਆਤਮਾ ਅਨੇਕ ਪ੍ਰੰਤੂ ਪ੍ਰਮਾਤਮਾ ਇੱਕ ਹੈ : ਡਾ. ਦਾਮਿਨੀ

**ਜੈਤੋ (ਸਤੀਸ਼ ਕੁਮਾਰ ਭੀਰੀ)**



ਮਾਉਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਵਿਖੇ ਹੋਏ ਸਾਦੇ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਹਾਜ਼ਰੀਨ ਨੂੰ ਆਪਣੇ ਸੰਬੋਧਨ ਵਿੱਚ ਬੀ ਕੇ ਡਾ ਦਾਮਿਨੀ ਨੇ ਕਿਹਾ ਕਿ ਸਾਡੀ ਸੰਸਕ੍ਰਿਤੀ ਵਿੱਚ 33 ਕਰੋੜ ਦੇਵੀ-ਦੇਵਤੇ ਦਾ ਜ਼ਿਕਰ ਹੈ। ਇਸ ਸੰਸਾਰ ਵਿੱਚ ਦੇਵ ਆਤਮਾ ਅਨੇਕਾਂ ਹਨ, ਪੁੰਨ ਆਤਮਾ ਅਨੇਕਾਂ ਹਨ ਤੇ ਪਾਪ ਆਤਮਾਵਾਂ ਵੀ ਅਨੇਕਾਂ ਵਿਚਰ ਰਹੀਆਂ ਹਠਨ ਪ੍ਰੰਤੂ ਜਦੋਂ ਪਰਮਾਤਮਾ ਦੀ ਗੱਲ ਕਰਦੇ ਹਾਂ ਤਾਂ ਅਕਸਰ ਹੀ ਕਿਹਾ ਜਾਂਦਾ ਹੈ ਕਿ ਉਹ ਇੱਕ ਹੈ। ਡਾਕਟਰ ਦਾਮਿਨੀ ਨੇ ਆਪਣੀ ਬਾਣੀ ਨਾਲ ਸਰੋਤਿਆਂ ਨੂੰ ਮੰਤਰਮੁਗਧ ਕਰਦੇ ਹੋਏ ਅੱਗੇ ਕਿਹਾ ਕਿ ਆਪਣੀ ਸੋਚ ਤੇ ਨੀਅਤ ਦੇ ਨਾਲ ਨਾਲ ਹੀ ਆਪਣੀ ਅੰਦਰ ਦੀ ਦੁਨੀਆਂ ਨੂੰ ਸਵੱਛ ਰੱਖੋ ਕਿਉਂਕਿ ਅੰਦਰ ਦੀ ਦੁਨੀਆ ਨਾਲ ਹੀ ਬਾਹਰਲੀ ਦੁਨੀਆ ਬਣਦੀ ਹੈ। ਉਨ੍ਹਾਂ ਨੇ ਕਿਹਾ ਕਿ ਬੂੰਦ ਵਰਗਾ ਜੀਵਨ ਹੈ, ਇਨਸਾਨ ਦਾ ਹੰਕਾਰ ਸਮੁੰਦਰ ਤੋਂ ਵੀ ਵੱਡਾ ਹੈ। ਡਾਕਟਰ ਦਾਮਿਨੀ ਵੱਲੋਂ ਅੱਗੇ ਬਹੁਤ ਹੀ ਸੁੰਦਰ ਢੰਗ ਨਾਲ ਵਿਆਖਿਆ ਕਰਦਿਆਂ ਦੱਸਿਆ ਕਿ ਹਰ ਉਹ ਚੀਜ਼ ਜੋ ਜ਼ਿੰਦਗੀ ਵਿੱਚ ਜ਼ਰੂਰਤ ਤੋਂ ਜ਼ਿਆਦਾ ਹੈ, ਉਹ ਚੀਜ਼ ਜ਼ਹਿਰ ਹੈ, ਫਿਰ ਉਹ ਚੀਜ ਭਾਵੇਂ ਤਾਕਤ ਹੋਵੇ, ਦੌਲਤ ਹੋਵੇ, ਲਾਲਚ ਹੋਵੇ, ਹੰਕਾਰ ਹੋਵੇ, ਆਲਸ ਹੋਵੇ, ਪ੍ਰੇਮ ਹੋਵੇ ਜਾਂ ਨਫਰਤ ਹੋਵੇ, ਇਹ ਸਭ ਜੀਵਨ ਨੂੰ ਤਬਾਹ ਕਰਨ ਲਈ ਹੈ।'

# ਹਲਕੇ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਖਤਮ : ਸ਼ੈਲੇ ਸੰਧੂ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਵਿਧਾਨ ਸਭਾ ਹਲਕਾ ਗੁਰੂਹਰਸਹਾਏ ਵਿੱਚ ਕਾਨੂੰਨ ਵਿਵਸਥਾ ਪੂਰੀ ਖਤਮ ਹੋ ਗਈ ਹੈ ਤੇ ਆਮ ਆਦਮੀ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਇਹ ਗੱਲ ਭਾਜਪਾ ਆਗੂ ਤੇ ਐਮ ਐਲ ਏ ਦੀ ਚੋਣ ਲੜ ਚੁੱਕੇ ਉਮੀਦਵਾਰ ਗੁਰਪਰਵੇਜ ਸਿੰਘ ਸ਼ੈਲੇ ਸੰਧੂ ਨੇ ਕਹੀ। ਉਨ੍ਹਾਂ ਨੇ ਕਿਹਾ ਕਿ ਲੁੱਟਾਂ-ਖੋਹਾਂ ਤੋਂ ਇਲਾਵਾ ਲੋਕਾਂ ਦਾ ਕੋਈ ਕੰਮ ਨਹੀਂ ਹੋ ਰਿਹਾ। ਸ਼ਹਿਰ ਅੰਦਰ ਰਜਿਸਟਰੀਆਂ ਬੰਦ ਪਈਆਂ ਹਨ, ਜਿਸ ਕਾਰਨ ਲੋਕ ਬਹੁਤ ਪ੍ਰਭਾਵਤ ਹੋਏ ਹਨ। ਪਿੰਡਾਂ ਅੰਦਰ ਲੋਕਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ। ਕਿਸਾਨਾਂ ਨੂੰ ਕਣਕ ਦੇ ਖਰਾਬੇ ਦੇ ਪੈਸੇ ਨਹੀਂ ਮਿਲੇ। ਰੇਤ ਨਹੀਂ ਮਿਲ ਰਹੀ, ਜਿਸ ਕਾਰਨ ਲੋਕ ਸਰਕਾਰ ਨੂੰ ਕੋਸ ਰਹੇ ਹਨ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਬਣੀ ਗੋਲੂ ਕਾ ਮੋੜ ਗੁਰੂਹਰਸਹਾਏ ਰੋਡ 'ਤੇ ਲਾਇਟਾਂ ਇੱਕ ਸਾਲ ਬੀਤਣ ਤੋਂ ਬਾਅਦ ਵੀ ਨਹੀਂ ਚੱਲ ਸਕੀਆਂ। ਸੰਧੂ ਨੇ ਪੁਲਸ ਗੁਰੂ ਹਰਸਹਾਏ ਤੇ ਸਿਵਲ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਜਾਂ ਤਾਂ ਲੋਕ ਮਸਲਿਆਂ ਦਾ ਹੱਲ ਕੀਤਾ ਜਾਵੇ, ਨਹੀਂ ਤਾਂ ਉਨ੍ਹਾਂ ਨੂੰ ਹੱਲ ਕਰਾਉਣ ਲਈ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਆਪ' ਵਰਕਰਾਂ ਵੱਲੋਂ ਪੰਚਾਇਤੀ ਕੰਮਾਂ ਵਿੱਚ ਅੜਿੱਕਾ ਬਣਾਇਆ ਜਾ ਰਿਹਾ ਹੈ ਤੇ ਸਰਪੰਚਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜੋ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਨ ਕੀ ਬਾਤ ਪ੍ਰੋਗਰਾਮ ਗੁਰੂ ਹਰਸਹਾਏ ਦੇ 100 ਪਿੰਡਾਂ ਦੇ ਲੋਕਾਂ ਨੇ ਜ਼ੂਮ ਜ਼ਰੀਏ ਸੁਣੀ। ਇਸ ਮੌਕੇ ਉਨ੍ਹਾਂ ਨਾਲ ਓਮ ਪ੍ਰਕਾਸ਼ ਸਾਬਕਾ ਮੰਡਲ ਪ੍ਰਧਾਨ, ਸੁਖਚੈਨ ਸਿੰਘ ਕੜਮਾ ਮੰਡਲ ਪ੍ਰਧਾਨ ਲੱਖੋ ਕੇ ਬਹਿਰਾਮ, ਪੰਕਜ ਕਾਲੜਾ ਯੂਥ ਪ੍ਰਧਾਨ ਪੰਜੇ ਕੇ, ਸਾਹਿਲ ਨਰੂਲਾ ਪ੍ਰਧਾਨ ਯੂਵਾ ਮੋਰਚਾ ਗੁਰੂਹਰਸਹਾਏ, ਯੁਗੇਸ਼ ਮੁਜੈਦੀਆ, ਮਨਜਿੰਦਰ ਮੁਜੈਦੀਆ, ਸੋਨੂ ਸਿਕਰੀ ਤੇ ਟੋਨੀ ਬਾਬਾ ਆਦਿ ਹਾਜ਼ਰ ਸਨ।



# ਅਖਿਲੇਸ਼ ਯਾਦਵ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਬਾਦਲ ਦੇ ਦਿਹਾਂਤ 'ਤੇ ਦੁੱਖ ਸਾਂਝਾ ਕੀਤਾ

**ਬਠਿੰਡਾ/ਮੁਕਤਸਰ (ਪਰਵਿੰਦਰ ਜੀਤ ਸਿੰਘ, ਸ਼ਮਿੰਦਰਪਾਲ, ਪੂਜਾ)**



ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਦੁੱਖ ਸਾਂਝਾ ਕਰਨ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਖਿਲੇਸ਼ ਯਾਦਵ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਪਿੰਡ ਬਾਦਲ ਵਿੱਚ ਉਨ੍ਹਾਂ ਦੀ ਰਿਹਾਇਸ਼ 'ਤੇ ਪਹੁੰਚੀਆਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਦੁੱਖ ਸਾਂਝਾ ਕੀਤਾ। ਇਨ੍ਹਾਂ ਸ਼ਖ਼ਸੀਅਤਾਂ ਨੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਵਿਕਾਸ ਵਿਚ ਪਾਏ ਵਡਮੁੱਲੇ ਯੋਗਦਾਨ ਤੇ ਸੂਬੇ ਵਿੱਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਕਾਇਮ ਕਰਨ ਤੇ ਬਹਾਲ ਰੱਖਣ ਲਈ ਕੀਤੇ ਅਣਥੱਕ ਯਤਨਾਂ ਨੂੰ ਯਾਦ ਕੀਤਾ। ਇਨ੍ਹਾਂ ਸ਼ਖ਼ਸੀਅਤਾਂ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੀ ਪੂਰੀ ਦੁਨੀਆ ਵਿੱਚ ਲੋਕ ਇਸ ਕਰਕੇ ਵੀ ਸ਼ਲਾਘਾ ਕਰਦੇ ਹਨ ਕਿ ਉਨ੍ਹਾਂ ਆਪਣੇ ਸਿਆਸੀ ਵਿਰੋਧੀਆਂ ਵਾਸਤੇ ਵੀ ਹਮੇਸ਼ਾ ਨਰਮ ਤੇ ਮਿੱਠ ਬੋਲੜੇ ਸੁਭਾਅ ਨੂੰ ਕਾਇਮ ਰੱਖਿਆ ਤੇ ਹਮੇਸ਼ਾ ਸਭ ਦਾ ਸਤਿਕਾਰ ਕੀਤਾ। ਸ੍ਰੀ ਅਖਿਲੇਸ਼ ਯਾਦਵ ਤੋਂ ਇਲਾਵਾ ਸਾਬਕਾ ਐਮ ਪੀ ਤੇ ਪ੍ਰਸਿੱਧ ਉਦਯੋਗਪਤੀ ਸ੍ਰੀ ਨਵੀਨ ਜਿੰਦਲ, ਪੰਜਾਬ ਦੇ ਸਾਬਕਾ ਮੰਤਰੀ ਮਾਸਟਰ ਮੋਹਨ ਲਾਲ, ਸਾਬਕਾ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ, ਆਮ ਆਦਮੀ ਪਾਰਟੀ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤੇ ਹਰਮੀਤ ਸਿੰਘ ਪਠਾਨਮਾਜਰਾ, ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਮੁਖੀ ਸ੍ਰੀ ਮਨਿੰਦਰਜੀਤ ਸਿੰਘ ਬਿੱਟਾ, ਅਜੀਤ ਸਮਾਚਾਰ ਗਰੁੱਪ ਤੋਂ ਮੈਡਮ ਗੁਰਜੋਤ ਕੌਰ ਤੇ ਸ੍ਰੀ ਹਰਪ੍ਰੀਤ ਸਿੰਘ, ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਉਦੈ ਸਿੰਘ ਜੀ, ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣਾਂ ਵਾਲੇ, ਬਾਬਾ ਜਗਜੀਤ ਸਿੰਘ ਜੀ ਲੋਪੋ ਵਾਲੇ, ਬਾਬਾ ਕੁਲਵੰਤ ਸਿੰਘ ਸਮਾਧ ਭਾਈ, ਭਾਈ ਸੁਖਵਿੰਦਰ ਸਿੰਘ ਅਗਵਾਨ, ਪ੍ਰਸਿੱਧ ਪੰਜਾਬੀ ਗਾਇਕ ਪੰਮੀ ਬਾਈ ਤੇ ਪ੍ਰਸਿੱਧ ਪੰਜਾਬੀ ਗੀਤਕਾਰ ਸ੍ਰੀ ਬਾਬੂ ਸਿੰਘ ਮਾਨ ਨੇ ਵੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਤੇ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਸ਼ਖ਼ਸੀਅਤਾਂ ਨੇ ਕਿਹਾ ਕਿ ਬਾਦਲ ਦੇ ਅਕਾਲ ਚਲਾਣੇ ਨਾਲ ਸਿਰਫ ਪੰਜਾਬ ਹੀ ਨਹੀਂ, ਬਲਕਿ ਸਮੁੱਚੇ ਦੇਸ ਤੇ ਦੁਨੀਆਂ ਵਿਚ ਵਸਦੇ ਲੋਕਾਂ ਨੂੰ ਵੱਡਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।

# ਸਨਮਤੀ ਸਕੂਲ ਦੇ ਵਿਦਿਆਰਥੀ ਨੇ ਪੰਜਾਬ 'ਚੋਂ 13ਵਾਂ ਤੇ ਜਗਰਾਉਂ 'ਚੋਂ ਪਹਿਲਾ ਸਥਾਨ ਹਾਸਲ ਕੀਤਾ



**ਜਗਰਾਉਂ (ਅਮਿਤ ਖੰਨਾ)**

ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 8ਵੀਂ ਜਮਾਤ ਦੇ ਨਤੀਜਿਆਂ 'ਚ ਸਾਨਦਾਰ ਸਥਾਨ ਹਾਸਲ ਕੀਤਾ ਹੈ। ਵਿਦਿਆਰਥਣ ਸਿਮਰਤ ਅਰੋੜਾ ਨੇ 587/600 (97.23) ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 13ਵਾਂ ਅਤੇ ਜਗਰਾਉਂ ਵਿੱਚੋਂ ਪਹਿਲਾ ਰੈਂਕ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।

ਰਿਧੀਮਾ 96.33 ਪ੍ਰਤੀਸ਼ਤ ਨਾਲ ਦੂਜੇ, ਆਰੂਸ਼ੀ 96 ਪ੍ਰਤੀਸ਼ਤ ਨਾਲ ਤੀਜੇ, ਆਰਤੀ ਦੇਵੀ 95.67 ਪ੍ਰਤੀਸ਼ਤ ਨਾਲ ਚੌਥੇ, ਯਸ਼ਿਕਾ 95.33 ਪ੍ਰਤੀਸ਼ਤ ਨਾਲ ਪੰਜਵੇਂ, ਨਵਦੀਪ ਸਿੰਘ 95 ਪ੍ਰਤੀਸ਼ਤ ਨਾਲ ਛੇਵੇਂ, ਤਰੁਣ ਕੁਮਾਰ ਤੇ ਤਰਨਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਨਿਮਰਤ ਕੌਰ, ਅਵਨੀਤ ਕੌਰ ਅਤੇ ਖੁਸ਼ੀ ਯਾਦਵ ਨੇ ਸਾਂਝੇ ਤੌਰ 'ਤੇ ਅੱਠਵਾਂ ਸਥਾਨ ਹਾਸਲ ਕੀਤਾ। ਜਸਦੀਪ ਕੌਰ ਨੇ 93.83 ਫ਼ੀਸਦੀ ਅੰਕ ਪ੍ਰਾਪਤ ਕਰਕੇ ਨੌਂਵਾਂ ਸਥਾਨ ਤੇ ਪ੍ਰਭਜੋਤ ਕੌਰ ਨੇ 93.50 ਫ਼ੀਸਦੀ ਅੰਕ ਪ੍ਰਾਪਤ ਕਰਕੇ 10ਵੀਂ ਤੇ 22 ਵਿਦਿਆਰਥੀਆਂ ਨੇ 90 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ, 48 ਵਿਦਿਆਰਥੀਆਂ ਨੇ 70 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਇਸ ਤਰ੍ਹਾਂ ਸਕੂਲ ਦਾ ਨਤੀਜਾ ਸਾਨਦਾਰ ਤੇ 100% ਰਿਹਾ। ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਡਾਇਰੈਕਟਰ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਵੀਨਾ ਸਹਿਗਲ, ਸਿਮਰਨਜੀਤ ਕੌਰ, ਮੀਨਾਕਸ਼ੀ ਪਰਾਸ਼ਰ ਤੇ ਵਿਨੋਦ ਕੁਮਾਰ ਆਦਿ ਹਾਜ਼ਰ ਸਨ।

# ਐੱਸ ਸੀ-ਬੀ ਸੀ ਅਧਿਆਪਕ ਯੂਨੀਅਨ ਵੱਲੋਂ ਜਲੰਧਰ 'ਚ ਰੋਸ ਮਾਰਚ ਦਾ ਐਲਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**


ਮੀਟਿੰਗ ਕਰਦੇ ਹੋਏ ਅਧਿਆਪਕ ਯੂਨੀਅਨ ਦੇ ਆਗੂ।

ਐੱਸ ਸੀ/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ। ਮੀਟਿੰਗ 'ਚ ਅਧਿਆਪਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਜਥੇਬੰਦੀ ਵੱਲੋਂ 1 ਮਈ ਨੂੰ ਜਲੰਧਰ ਵਿੱਚ ਵਿਸ਼ਾਲ ਰੋਸ ਮਾਰਚ ਕਰਨ ਦੇ ਲਏ ਗਏ ਫ਼ੈਸਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਵਰਕਰਾਂ ਨੂੰ ਤਿਆਰੀਆਂ ਵਿਚ ਜੁਟੇ ਹਨ ਦਾ ਸੱਦਾ ਦਿੱਤਾ ਗਿਆ। ਅਧਿਆਪਕ ਆਗੂ ਨੇ ਦੱਸਿਆ ਕਿ ਜਥੇਬੰਦੀ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵਿੱਚ 85ਵੀਂ ਸੰਵਿਧਾਨਿਕ ਸੋਧ ਨੂੰ ਅਮਲੀ ਰੂਪ ਵਿੱਚ ਲਾਗੂ ਕਰਾਉਣਾ, 10 ਅਕਤੂਬਰ 2014 ਦਾ ਗੈਰ ਸੰਵਿਧਾਨਿਕ ਪੱਤਰ ਰੱਦ ਕਰਾਉਣਾ, ਮਾਣਯੋਗ ਚੇਅਰਮੈਨ ਨੈਸ਼ਨਲ ਐੱਸ ਸੀ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਵਿਭਾਗ ਵੱਲੋਂ ਲੈਕਚਰਾਰ ਤੋਂ ਪ੍ਰਿੰਸੀਪਲ ਦੀਆਂ ਕੀਤੀਆਂ ਗਲਤ ਤਰੱਕੀਆਂ ਵਾਪਸ ਕਰਾਉਣਾ, ਮਾਣਯੋਗ ਉੱਚ ਅਦਾਲਤ ਪੰਜਾਬ ਤੇ ਹਰਿਆਣਾ ਦੇ ਫ਼ੈਸਲੇ ਅਨੁਸਾਰ ਸਾਰੇ ਕੇਡਰਾਂ ਦੀਆਂ ਸੀਨੀਅਰਤਾ ਸੂਚੀਆਂ ਵਿੱਚ ਸੋਧ ਕਰਾਉਣਾ, 2364 ਈ ਟੀ ਟੀ, 4161 ਮਾਸਟਰ ਕੇਡਰ, 6635 ਈਟੀਟੀ ਦੀ ਭਰਤੀ ਨੂੰ ਸਹੀ ਰੂਪ ਵਿੱਚ ਪੂਰੀ ਕਰਾਉਣਾ, ਜਾਅਲੀ ਜਾਤੀ ਸਰਟੀਫਿਕੇਟਾਂ ਦੀ ਜਾਂਚ ਕਰਾਉਣ ਉਪਰੰਤ ਦੋਸ਼ੀਆਂ ਵਿਰੁੱਧ ਕਾਰਵਾਈ ਕਰਾਉਣਾ, ਸਰਕਾਰੀ ਨੌਕਰੀਆਂ ਵਿੱਚ ਭਰਤੀ/ਤਰੱਕੀ ਸਮੇਂ ਅਬਾਦੀ ਦੇ ਅਨੁਪਾਤ ਅਨੁਸਾਰ ਰਾਖਵਾਂਕਰਨ ਲਾਗੂ ਕਰਾਉਣਾ, ਘੱਟੋ-ਘੱਟ ਉਜਰਤਾਂ/ਮਜ਼ਦੂਰੀ ਦੀ ਦਰ ਨੂੰ ਪ੍ਰਚੂਨ-ਕੀਮਤ-ਸੂਚਕ ਅੰਕ ਅਨੁਸਾਰ ਮਿਥੇ ਜਾਣ ਦਾ ਸਿਸਟਮ ਲਾਗੂ ਕਰਾਉਣਾ, ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਵਜ਼ੀਫ਼ਾ ਅਤੇ ਵਰਦੀਆਂ ਆਦਿ ਸਮੇਂ ਸਿਰ ਦੇਣ ਅਤੇ ਵਜ਼ੀਫ਼ੇ ਦੀ ਰਾਸ਼ੀ ਵਿੱਚ ਢੁੱਕਵਾਂ ਵਾਧਾ ਕਰਾਉਣਾ ਸ਼ਾਮਲ ਹਨ। ਉਨ੍ਹਾਂ ਵਰਕਰਾਂ ਨੂੰ ਸੱਦਾ ਦਿੱਤਾ ਕਿ ਜਥੇਬੰਦੀ ਵੱਲੋਂ ਜਲੰਧਰ ਵਿਖੇ ਕੀਤੇ ਜਾ ਰਹੇ ਵਿਸ਼ਾਲ ਰੋਸ ਮਾਰਚ ਵਿੱਚ ਹੁੰਮ-ਹੁਮਾ ਕੇ ਪਹੁੰਚਣ। ਰੋਸ ਮਾਰਚ ਨੂੰ ਸਫਲ ਬਣਾਉਣ ਲਈ ਵੱਖ-ਵੱਖ ਭਰਾਤਰੀ ਮੁਲਾਜ਼ਮ ਜਥੇਬੰਦੀਆਂ, ਮਜ਼ਦੂਰ ਸੰਗਠਨਾਂ, ਸਮਾਜਿਕ/ਧਾਰਮਿਕ ਤੇ ਵਿਦਿਆਰਥੀ ਜਥੇਬੰਦੀਆਂ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ ਗਈ। ਮੀਟਿੰਗ ਵਿੱਚ ਲਖਵਿੰਦਰ ਸਿੰਘ ਸੀ ਐੱਚ ਟੀ ਸਧਾਰਨਪੁਰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਮੌਲਵੀਵਾਲਾ, ਭੁਪਿੰਦਰ ਸਿੰਘ ਮੈਥ ਅਧਿਆਪਕ, ਗੁਰਪਾਲ ਸਿੰਘ ਮੌਲਵੀਵਾਲਾ, ਨਰੇਸ਼ ਕੁਮਾਰ ਮਾਥਰ, ਬਲਵੀਰ ਸਿੰਘ ਘੱਗਾ, ਗੁਰਦੀਪ ਸਿੰਘ, ਦਲੇਰ ਸਿੰਘ ਪੰਜਾਬੀ ਮਾਸਟਰ, ਮਨਦੀਪ ਸਿੰਘ ਈ ਟੀ ਟੀ ਅਧਿਆਪਕ ਜਸਵਿੰਦਰ ਸਿੰਘ ਸਾਇੰਸ ਮਾਸਟਰ ਜਸਪਾਲ ਐੱਚ ਟੀ ਢਾਬੀ ਗੁਜਰਾਂ, ਸੰਸਾਰ ਸਿੰਘ 6635 ਅਧਿਆਪਕ ਆਗੂ, ਸ਼ਿੰਗਾਰਾ ਸਿੰਘ, ਸਰਬਜੀਤ ਕੌਰ ਤੇ ਸੰਦੀਪ ਕੌਰ ਨੇ ਭਾਗ ਲਿਆ।

# ਜਲੰਧਰ ਚੋਣ 'ਚ 45 ਕਰੋੜ ਦੇ ਫ਼ਾਲਤੂ ਖਰਚ ਦਾ ਉੱਤਰ ਦੇਵੇ ਕੇਜਰੀਵਾਲ : ਗੜ੍ਹੀ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੇਜਰੀਵਾਲ 'ਤੇ ਵੱਡਾ ਹਮਲਾ ਬੋਲਦਿਆਂ ਕਿਹਾ ਕਿ ਕੱਟੜ ਇਮਾਨਦਾਰ ਸਰਕਾਰ ਹੋਣ ਦਾ ਢੌਂਗ ਕਰਨ ਵਾਲਿਆਂ ਦੇ ਆਪ ਆਦਮੀ ਹੋਣ ਦਾ ਪਰਦਾਫ਼ਾਸ਼ ਇਸ ਤਰੀਕੇ ਨਾਲ ਹੋਇਆ ਹੈ ਕਿ ਉਨ੍ਹਾਂ ਦੀ ਕੱਟੜ ਇਮਾਨਦਾਰੀ ਦੇ ਆਮ ਆਦਮੀ ਦਾ ਭਾਂਡਾ ਸਰੇ ਬਾਜ਼ਾਰ ਫੁੱਟ ਗਿਆ ਹੈ। ਮੁੱਖ ਮੰਤਰੀ ਦੀ ਦਿੱਲੀ ਮਹਿਲ ਦੀ 45 ਕਰੋੜ ਦੀ ਮੁਰੰਮਤ ਦੀ ਸੂਚਨਾ ਨਾਲ ਆਮ ਆਦਮੀ ਠੱਗੇ ਮਹਿਸੂਸ ਕਰ ਰਹੇ ਹਨ। ਮੁੱਖ ਮੰਤਰੀ ਨੇ ਆਪਣੇ ਮਹਿਲਾਂ ਦੀ ਮੁਰੰਮਤ ਦੇ ਨਾਂਅ 'ਤੇ ਕਰੋਨਾ ਕਾਲ ਸਮੇਂ ਦਿੱਲੀ ਦੇ ਖ਼ਜ਼ਾਨੇ 'ਤੇ ਗਬਨਕਾਰੀ ਤਰੀਕੇ ਨਾਲ ਮਾਰਿਆ ਗਿਆ 45 ਕਰੋੜ ਦਾ ਡਾਕਾ ਬਹੁਤ ਨਿੰਦਣਯੋਗ ਹੈ। ਜਦੋਂ ਕਰੋਨਾ ਸਮੇਂ ਮੁੱਖ ਮੰਤਰੀ ਮੰਤਰੀ ਕੇਜਰੀਵਾਲ ਨੇ ਲੱਖਾਂ ਮਜ਼ਦੂਰਾਂ ਲਈ ਦਿੱਲੀ ਦੇ ਹਸਪਤਾਲ ਤੇ ਟਰਾਂਸਪੋਰਟ ਬੰਦ ਕਰ ਦਿੱਤੀ ਸੀ, ਜਦੋਂ ਸਿੱਖ ਆਗੂ ਜਰਨੈਲ ਸਿੰਘ ਬਿਨਾਂ ਆਕਸੀਜਨ ਤੋਂ ਮਰ ਰਿਹਾ ਸੀ, ਕੇਜਰੀਵਾਲ ਆਪਣੇ ਗਬਨਕਾਰੀ ਕੰਮ 'ਤੇ 45 ਲੱਖ ਦੇ ਪਰਦੇ ਟੰਗ ਰਿਹਾ ਸੀ। ਗੜ੍ਹੀ ਨੇ ਕਿਹਾ ਕਿ ਇਸ ਲੁੱਟ ਦਾ ਜਲੰਧਰ ਲੋਕ ਸਭਾ ਉਪ ਚੋਣ ਮੌਕੇ ਭਗਵੰਤ ਮਾਨ ਜ਼ਰੂਰ ਉੱਤਰ ਦੇਣ।

# ਚਿੱਤਰਕਾਰ ਬਰਾੜ ਨੇ ਜੱਸਾ ਸਿੰਘ ਰਾਮਗੜ੍ਹੀਆ ਦਾ ਚਿੱਤਰ ਬਣਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦਾ ਸੁੰਦਰ ਚਿੱਤਰ ਮਾਛੀਵਾੜਾ ਦੇ ਨਿਵਾਸੀ ਤੇ ਪ੍ਰਸਿੱਧ ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਵਲੋਂ ਬਣਾਇਆ ਗਿਆ ਹੈ। ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਨੇ ਦੱਸਿਆ ਕਿ ਜੱਸਾ ਸਿੰਘ ਰਾਮਗੜ੍ਹੀਆ ਨੇ ਬਘੇਲ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਕੇ ਦਿੱਲੀ ਫ਼ਤਿਹ ਕਰ ਲਾਲ ਕਿਲੇ ਉੱਤੇ ਕੇਸਰੀ ਝੰਡਾ ਝੁਲਾ ਕੇ ਸਿੱਖ ਕੌਮ ਦਾ ਨਾਂਅ ਰੌਸ਼ਨ ਕੀਤਾ।

ਜੱਸਾ ਸਿੰਘ ਰਾਮਗੜ੍ਹੀਆ ਨੇ ਛੋਟੇ ਘੱਲੂਘਾਰੇ ਤੇ ਵੱਡੇ ਘੱਲੂਘਾਰੇ ਤੱਕ ਸਾਰੀਆਂ ਲੜਾਈਆਂ ਅੱਗੇ ਹੋ ਕੇ ਲੜੀਆਂ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਹਿੱਤ ਪਹਿਲਾ ਕਿਲ੍ਹਾ ਰਾਮਗੜ੍ਹ ਬੁੰਗਾ ਬਣਾ ਕੇ ਪਹਿਰਾ ਦਿੱਤਾ। ਚਿੱਤਰਕਾਰ ਬਰਾੜ ਨੇ ਦੱਸਿਆ ਕਿ ਇਤਿਹਾਸਕਾਰ ਲਿਖਦੇ ਹਨ ਕਿ ਜੱਸਾ ਸਿੰਘ ਰਾਮਗੜ੍ਹੀਆ ਬੜੇ ਮਿੱਠੇ ਸੁਭਾਅ ਦੇ ਬੁੱਧੀਮਾਨ ਅਤੇ ਇਖਲਾਕ ਪਸੰਦ ਸਨ, ਜਿਨ੍ਹਾਂ ਦਾ ਜਨਮ 1723 ਨੂੰ ਹੋਇਆ ਤੇ 1803 ਨੂੰ ਸ਼ਹੀਦ ਹੋ ਗਏ। ਉਨ੍ਹਾਂ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਦੀ ਇਸ ਸਾਲ 300 ਸਾਲਾ ਸ਼ਤਾਬਦੀ ਮਨਾਈ ਜਾ ਰਹੀ ਹੈ, ਜਿਸ ਨੂੰ ਮੁੱਖ ਰੱਖ ਕੇ ਇਹ ਚਿੱਤਰ ਤਿਆਰ ਕੀਤਾ ਗਿਆ ਹੈ ਜੋ ਕਿ ਸਿੱਖ ਅਜਾਇਬ ਘਰ ਮਾਛੀਵਾੜਾ ਸਾਹਿਬ ਵਿਖੇ ਸਥਾਪਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਿੱਖ ਅਜਾਇਬ ਘਰ ਵਿਚ ਲੱਗਾ ਜੱਸਾ ਸਿੰਘ ਰਾਮਗੜ੍ਹੀਆ ਦਾ ਲੱਗਿਆ ਚਿੱਤਰ ਸੇਧ ਦੇਵੇਗਾ ਕਿ ਕਿਸ ਤਰ੍ਹਾਂ ਉਨ੍ਹਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਜ਼ਿਕਰਯੋਗ ਹੈ ਕਿ ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਇਸ ਤੋਂ ਪਹਿਲਾਂ ਵੀ ਸਿੱਖ ਇਤਿਹਾਸ ਨਾਲ ਸਬੰਧਿਤ ਗੁਰੂ ਸਾਹਿਬਾਨਾਂ ਦੇ ਚਿੱਤਰ ਬਣਾ ਚੁੱਕੇ ਹਨ।

## ਸਫਾ 5 ਦੇ ਬਾਕੀ...

### ਲੁਧਿਆਣਾ 'ਚ ਗੈਸ...

ਸੌਰਵ ਦੀ ਪਤਨੀ ਪ੍ਰੀਤੀ ਤੇ ਮਾਂ ਕਮਲੇਸ਼ ਗੋਇਲ ਦੀ ਵੀ ਮੌਤ ਹੋ ਗਈ। ਸੌਰਵ ਦੇ 50 ਸਾਲਾ ਭਰਾ ਗੌਰਵ ਦੀ ਹਾਲਤ ਗੰਭੀਰ ਸੀ। ਡਾ. ਕਵਿਲਾਸ਼ ਦਾ ਘਰ ਮੈਨਹੋਲ ਦੇ ਕੋਲ ਸੀ। ਉਨ੍ਹਾ ਦੇ ਘਰ ਦੇ ਪੰਜ ਜੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ 'ਚ 5 ਮਹਿਲਾਵਾਂ, 4 ਮਰਦ ਅਤੇ 10 ਤੋਂ 13 ਸਾਲ ਦੇ ਦੋ ਬੱਚੇ ਹਨ। ਜਿਸ ਥਾਂ ਇਹ ਗੈਸ ਲੀਕ ਹੋਈ, ਉਥੇ ਨੇੜੇ-ਤੇੜੇ ਰਹਿੰਦੇ ਲੋਕਾਂ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ 35-40 ਵੀ ਹੋ ਸਕਦੀ ਹੈ। 10 ਤੋਂ ਵੱਧ ਲੋਕ ਬੇਹੋਸ਼ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਗੈਸ ਲੀਕ ਹੋਣ ਵਾਲੀ ਥਾਂ ਦਾ 300 ਮੀਟਰ ਘੇਰੇ ਵਾਲਾ ਇਲਾਕਾ ਸੀਲ ਕਰ ਦਿੱਤਾ ਗਿਆ ਹੈ। ਗੈਸ ਲੀਕ ਹੋਣ ਦੀ ਸੂਚਨਾ ਮਿਲਦੇ ਹੀ ਪੁਲਸ ਤੇ ਐੱਨ ਡੀ ਆਰ ਐੱਫ਼ ਦੀਆਂ ਟੀਮਾਂ ਮੌਕੇ 'ਤੇ ਪੁੱਜ ਗਈਆਂ, ਜਿਨ੍ਹਾਂ ਫੈਕਟਰੀ ਵਿੱਚ ਗੈਸ ਲੀਕ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ।

ਜ਼ਿਕਰਯੋਗ ਹੈ ਕਿ 29 ਅਪ੍ਰੈਲ ਦੀ ਸ਼ਾਮ ਅਤੇ ਰਾਤ ਨੂੰ ਵੀ ਕਾਫੀ ਮੀਂਹ ਪਿਆ ਅਤੇ 30 ਅਪ੍ਰੈਲ ਦੀ ਸਵੇਰ ਨੂੰ ਵੀ ਕਾਫੀ ਮੀਂਹ ਪਿਆ। ਇਸ ਬਾਰਿਸ਼ ਦੌਰਾਨ ਹੀ ਮੌਤ ਗੈਸ ਬਣ ਕੇ ਆਈ ਅਤੇ ਬਹੁਤ ਸਾਰੇ ਘਰਾਂ ਵਿਚ ਹਨੇਰਾ ਕਰ ਗਈ। ਐੱਮ ਐੱਲ ਏ ਪੱਪੀ ਪਰਾਸ਼ਰ, ਐੱਮ ਐੱਲ ਏ ਰਾਜਿੰਦਰ ਪਾਲ ਕੌਰ ਛੀਨਾ, ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਹੋਰ ਕਈ ਅਧਿਕਾਰੀਆਂ ਨੇ ਮੌਕੇ 'ਤੇ ਪੁੱਜ ਕੇ ਲੋਕਾਂ ਨੂੰ ਹੌਸਲਾ ਦੇਣ ਦੇ ਨਾਲ-ਨਾਲ ਇਹ ਭਰੋਸਾ ਵੀ ਦੁਆਇਆ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਏਗਾ। ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਸਰਕਾਰ ਨੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਦੋ-ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਗੰਭੀਰ ਰੂਪ ਵਿੱਚ ਬਿਮਾਰ ਹੋਏ ਅਤੇ ਇਲਾਜ ਅਧੀਨ ਪੀੜਤਾਂ ਨੂੰ 50,000 ਰੁਪਏ ਦੀ ਰਾਸ਼ੀ ਅਤੇ ਮੁਫ਼ਤ ਇਲਾਜ ਕੀਤਾ ਜਾਵੇਗਾ। ਇਹ ਜਾਣਕਾਰੀ ਸਿਹਤ ਮੰਤਰੀ ਬਲਬੀਰ ਸਿੰਘ ਨੇ ਦਿੱਤੀ। ਘਟਨਾ ਦੀ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਲੁਧਿਆਣਾ ਪੁਲਸ ਨੇ ਮਾਮਲੇ ਦੀ ਅਗਲੇਰੀ ਜਾਂਚ ਲਈ ਅਣਪਛਾਤੇ ਵਿਅਕਤੀਆਂ ਖਿਲਾਫ ਐੱਫ ਆਈ ਆਰ ਦਰਜ ਕਰ ਲਈ ਹੈ।

### ਨਹੀਂ ਬਦਲੇ ਸਰਹੱਦੀ...

ਹਾਲਤ ਦੇਖ ਕੇ ਹਰ ਇਨਸਾਨ ਦੀ ਰੂਹ ਕੰਬ ਉੱਠੇਗੀ। ਇਨ੍ਹਾਂ ਦੀ ਹਾਲਤ ਦੇਖ ਕੇ ਲੱਗਦਾ ਹੈ ਕਿ ਸਰਕਾਰਾਂ ਤਾਂ ਬਦਲੀਆਂ, ਪਰ ਇਨ੍ਹਾਂ ਪਿੰਡਾਂ ਦੇ ਹਾਲਾਤ ਬਿਲਕੁਲ ਨਹੀਂ ਬਦਲੇ, ਜਿਸ ਕਾਰਨ ਇਹ ਲੋਕ ਅੱਜ ਵੀ ਤਰਸਯੋਗ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਰਹੇ ਹਨ। ਕਿਸਾਨ ਪਾਲਾ ਸਿੰਘ ਅਤੇ ਉਸ ਦੇ ਪਰਵਾਰ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਸਮੇਤ 20 ਤੋਂ 25 ਕਿਸਾਨਾਂ ਦੀ ਲੱਗਭੱਗ 40 ਏਕੜ ਜ਼ਮੀਨ ਇੱਥੇ ਪਿੰਡ ਦੇ ਨਜ਼ਦੀਕ ਵਗਦੇ ਸਤਲੁਜ ਦਰਿਆ ਤੋਂ ਪਾਰ ਹੈ। ਇਨ੍ਹਾਂ ਦੇ ਖੇਤ ਦੇ ਇਕ ਪਾਸੇ 20 ਤੋਂ 25 ਫੁੱਟ ਡੂੰਘਾ ਦਰਿਆ ਵਗ ਰਿਹਾ ਹੈ ਅਤੇ ਦੂਜੇ ਪਾਸੇ ਕੰਡਿਆਲੀ ਤਾਰ ਲੱਗੀ ਹੋਈ ਹੈ। ਉਨ੍ਹਾਂ ਨੂੰ ਆਪਣੇ ਖੇਤ ਜਾਣ ਲਈ ਇਸ ਦਰਿਆ ਨੂੰ ਪਾਰ ਕਰਨਾ ਪੈਂਦਾ ਹੈ, ਕਿਉਂਕਿ ਦੂਜੇ ਪਾਸੇ ਕੰਡਿਆਲੀ ਤਾਰ ਹੈ, ਜਿੱਥੋਂ ਉਨ੍ਹਾਂ ਨੂੰ ਗੁਜ਼ਰਨ ਦੀ ਬਿਲਕੁਲ ਮਨਾਹੀ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਖੇਤੀ ਦੇ ਸਾਰੇ ਕੰਮ ਕਰਨ ਲਈ ਇਸ ਕਿਸ਼ਤੀ 'ਤੇ ਹੀ ਨਿਰਭਰ ਰਹਿਣਾ ਪੈਂਦਾ ਹੈ। ਇਸ ਲਈ ਉਹ ਹੁਣ ਆਪਣੀ ਕਣਕ ਦੀ ਫਸਲ ਨੂੰ ਹੱਥਾਂ ਨਾਲ ਵੱਢ ਕੇ ਤੂੜੀ ਵਾਲੀ ਮਸ਼ੀਨ ਨਾਲ ਕੱਢਣ ਲਈ ਕਿਸ਼ਤੀ ਰਾਹੀਂ ਦਰਿਆ ਦੇ ਇੱਕ ਪਾਸੇ ਤੋਂ ਦੂਜੇ ਪਾਸੇ ਲਿਆ ਰਹੇ ਹਨ। ਉਨ੍ਹਾਂ ਦੱਸਿਆ ਕਿ ਦੂਜੇ ਪਾਸਿਓਂ ਬੀ ਐੱਸ ਐੱਫ ਵੱਲੋਂ ਬਣਵਾਏ ਜਾ ਰਹੇ ਇੱਕ ਪੁਲ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਹੈ। ਜੇਕਰ ਇਸ ਪੁਲ ਦੇ ਤਿਆਰ ਹੋ ਜਾਣ ਤੋਂ ਬਾਅਦ ਬੀ ਐੱਸ ਐੱਫ ਵੱਲੋਂ ਉਨ੍ਹਾਂ ਲਈ ਇੱਥੋਂ ਆਉਣ-ਜਾਣ ਦੀ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਉਨ੍ਹਾਂ ਨੂੰ ਕੁਝ ਰਾਹਤ ਮਿਲ ਜਾਵੇਗੀ, ਨਹੀਂ ਤਾਂ ਪਹਿਲਾਂ ਦੀ ਤਰ੍ਹਾਂ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਕਰੇਗਾ। ਉਨ੍ਹਾਂ ਕਿਹਾ ਕਿ ਇੱਥੋਂ ਦੇ ਕਿਸਾਨ ਅਜ਼ਾਦੀ ਤੋਂ ਬਾਅਦ ਹੀ ਇਸੇ ਤਰ੍ਹਾਂ ਔਖਿਆਈ ਵਿਚ ਖੇਤੀ ਕਰਦੇ ਹਨ। ਇਨ੍ਹਾਂ ਪਰੇਸ਼ਾਨੀਆਂ ਦੇ ਚਲਦਿਆਂ ਉਨ੍ਹਾਂ ਦੀ ਫਸਲ ਦੀ ਬਿਜਾਈ ਅਤੇ ਕਟਾਈ ਦੂਜੇ ਪਾਸੇ ਦੇ ਕਿਸਾਨਾਂ ਨਾਲੋਂ ਲੱਗਭਗ ਇੱਕ ਤੋਂ ਦੋ ਮਹੀਨੇ ਦੇਰੀ ਨਾਲ ਹੁੰਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰਾਂ ਖੋਖਲੇ ਵਾਅਦੇ ਕਰਨ ਦੀ ਬਜਾਏ ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨ ਤਾਂ ਜੋ ਉਨ੍ਹਾਂ ਨੂੰ ਆ ਰਹੀਆਂ ਪਰੇਸ਼ਾਨੀਆਂ ਦਾ ਕੋਈ ਹੱਲ ਹੋ ਸਕੇ। ਜਦੋਂ ਬੀ ਐੱਸ ਐੱਫ ਦੇ ਸੰਬੰਧਤ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਬੀ ਐੱਸ ਐੱਫ ਹਰ ਸਮੇਂ ਕਿਸਾਨਾਂ ਦੀ ਮਦਦ ਲਈ ਉਨ੍ਹਾਂ ਦੇ ਨਾਲ ਖੜੀ ਹੈ। ਪੁਲ ਬਾਰੇ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਇਸ ਪੁਲ ਦਾ ਨਿਰਮਾਣ ਕੰਮ ਅਜੇ ਅਧੂਰਾ ਹੈ ਅਤੇ ਜਦੋਂ ਤੱਕ ਇਹ ਪੁਲ ਪੂਰੀ ਤਰ੍ਹਾਂ ਨਾਲ ਤਿਆਰ ਹੋ ਕੇ ਬੀ ਐੱਸ ਐੱਫ ਦੇ ਸਪੁਰਦ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤੱਕ ਇੱਥੋਂ ਕੋਈ ਵੀ ਸਾਧਨ ਨਹੀਂ ਲੰਘ ਸਕਦਾ।

# ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਦਾ ਨਤੀਜਾ ਰਿਹਾ ਸ਼ਾਨਦਾਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ (ਬਰਨਾਲਾ) ਦਾ ਅੱਠਵੀਂ ਸ਼੍ਰੇਣੀ ਦਾ ਨਤੀਜਾ ਸ਼ਾਨਦਾਰ ਰਿਹਾ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਕਲਾਸ ਦੇ ਐਲਾਨੇ ਗਏ ਨਤੀਜੇ ਵਿੱਚ ਪਵਨਦੀਪ ਕੌਰ ਪੁੱਤਰੀ ਹਰਪ੍ਰੀਤ ਸਿੰਘ ਪਿੰਡ ਹਰਦਾਸਪੁਰਾ ਨੇ 600 ਅੰਕਾਂ ਵਿੱਚੋਂ 577 ਅੰਕ ਪ੍ਰਾਪਤ ਕਰਕੇ ਪਹਿਲਾ, ਸੁਮਨਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਮਿੱਠੇਵਾਲ, ਪ੍ਰਭਜੋਤ ਕੌਰ ਪੁੱਤਰੀ ਰਜਿੰਦਰ ਸਿੰਘ ਪਿੰਡ ਕੁਰੜ, ਗੁਰਕਰਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਪਿੰਡ ਮਾਂਗੇਵਾਲ ਨੇ 568 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਹਰਮਨਜੋਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਪਿੰਡ ਕੁਰੜ ਨੇ 566 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਮਾਣਮੱਤੀ ਪ੍ਰਾਪਤੀ 'ਤੇ ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ ਡੀ ਸੁਖਵਿੰਦਰ ਕੌਰ ਧਾਲੀਵਾਲ, ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ, ਵਾਇਸ ਪ੍ਰਿੰਸੀਪਲ ਪ੍ਰਦੀਪ ਸਿੰਘ, ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਇਸ ਕਾਮਯਾਬੀ ਪਿੱਛੇ ਸਕੂਲ ਦੇ ਮਿਹਨਤੀ ਸਟਾਫ਼ ਦਾ ਵਡਮੁੱਲਾ ਯੋਗਦਾਨ ਹੈ।

# ਨਨਕਾਣਾ ਸਾਹਿਬ ਪਬਲਿਕ ਸਕੂਲ ਵਿਖੇ ਅਧਿਆਪਕਾ ਨੂੰ ਦਿੱਤੀ ਨਿੱਘੀ ਵਿਦਾਇਗੀ

**ਸਮਰਾਲਾ (ਸੁਰਜੀਤ ਸਿੰਘ)**

ਨਨਕਾਣਾ ਸਾਹਿਬ ਪਬਲਿਕ ਸਕੂਲ ਦੇ ਅਧਿਆਪਕਾ ਜਸਵਿੰਦਰ ਕੌਰ ਇਸ ਸਕੂਲ ਵਿੱਚ 16 ਸਾਲ ਦੀਆਂ ਸੇਵਾਵਾਂ ਪੂਰੀਆਂ ਕਰਨ ਉਪਰੰਤ ਸੇਵਾਮੁਕਤ ਹੋਏ। ਉਨ੍ਹਾਂ ਦੀ ਸੇਵਾਮੁਕਤੀ ਨੂੰ ਮੁੱਖ ਰੱਖਦੇ ਹੋਏ ਸਮੁੱਚੇ ਸਕੂਲ ਵੱਲੋਂ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕਰਕੇ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ।

ਸਕੂਲ ਦੀ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਸਕੱਤਰ ਪਰਮਜੀਤ ਸਿੰਘ ਢਿੱਲੋਂ, ਸੀਨੀਅਰ ਮੀਤ ਪ੍ਰਧਾਨ ਹਰਜਤਿੰਦਰ ਸਿੰਘ ਬਾਜਵਾ, ਮੀਤ ਪ੍ਰਧਾਨ ਡਾ. ਪਰਵਿੰਦਰ ਸਿੰਘ ਬੱਲੀ ਤੇ ਅੰਮ੍ਰਿਤਪਾਲ ਸਿੰਘ ਗੁਰੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਸ੍ਰੀਮਤੀ ਜਸਵਿੰਦਰ ਕੌਰ ਆਪਣੇ ਪਰਵਾਰਕ ਮੈਂਬਰਾਂ ਸਮੇਤ ਇਸ ਸਮਾਰੋਹ ਵਿੱਚ ਸ਼ਾਮਲ ਹੋਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਪ੍ਰਿੰਸੀਪਲ ਮਾਲਇੰਦਰ ਸਿੰਘ ਨੇ ਜਸਵਿੰਦਰ ਕੌਰ ਦੀ ਵਧੀਆ ਕਾਰਗੁਜ਼ਾਰੀ ਤੇ ਸੇਵਾ ਭਾਵਨਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਸਿਹਤਯਾਬੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਵਿਦਾਇਗੀ ਸਮਾਰੋਹ ਦੌਰਾਨ ਜਸਵਿੰਦਰ ਕੌਰ ਨੇ ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ। ਅੰਤ ਵਿੱਚ ਸਕੂਲ ਵੱਲੋਂ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਨਮਾਨ ਪੱਤਰ, ਯਾਦਗਾਰੀ ਚਿੰਨ੍ਹ ਤੇ ਹੋਰ ਭੇਟਾਵਾਂ ਦੇ ਕੇ ਸਨਮਾਨਤ ਕੀਤਾ ਗਿਆ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

page-6-1-(MAY)-2023-G-(BV).qxd 4/30/2023 8:54 PM Page 1



# 'ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਆਫ (ਇੰਡੀਆ) ਪੰਜਾਬ' ਦਾ ਵਫਦ ਜਿੰਪਾ ਨੂੰ ਮਿਲਿਆ

**ਹੁਸ਼ਿਆਰਪੁਰ, (ਓ ਪੀ ਰਾਣਾ/ਬਲਵੀਰ ਸਿੰਘ ਸੈਣੀ )**-ਪੱਤਰਕਾਰਾਂ ਦੀ ਭਲਾਈ ਅਤੇ ਸਮਾਜਿਕ ਸਾਰੋਕਾਰਾਂ ਦੇ ਮੁੱਦਿਆਂ ਨੂੰ ਮੁੱਖ ਰੱਖਦਿਆਂ "ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ:) ਆਫ (ਇੰਡੀਆ) ਪੰਜਾਬ" ਦਾ ਵਫਦ ਪੰਜਾਬ ਪ੍ਰਧਾਨ ਬਲਵੀਰ ਸਿੰਘ ਸੈਣੀ ਦੀ ਅਗਵਾਈ ਹੇਠ ਬ੍ਰਹਮ ਸ਼ੰਕਰ ਜਿੰਪਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੂੰ ਮਿਲਿਆ ਅਤੇ ਉਨ੍ਹਾਂ ਨੂੰ 11 ਨੁਕਾਤੀ ਮੰਗ ਪੱਤਰ ਸੌਂਪਿਆ ਇਸ ਵਫਦ ਵਿੱਚ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ,ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ,ਵਿਕਾਸ ਸੂਦ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ,ਓਪੀ ਰਾਣਾ ਜ਼ਿਲ੍ਹਾ ਜਨਰਲ ਸਕੱਤਰ ਆਦਿ ਹਾਜ਼ਰ ਸਨ। ਪੱਤਰਕਾਰ ਜੱਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਵਿੱਚ ਪੱਤਰਕਾਰ ਭਾਈਚਾਰੇ, ਸਮਾਜ ਅਤੇ ਵਾਤਾਵਰਣ ਸੁਰੱਖਿਆ ਸ਼ਾਮਿਲ ਸਨ। ਪੱਤਰਕਾਰਾਂ ਲਈ ਜ਼ਿਲ੍ਹਾ ਪੱਧਰ ਤੇ ਪ੍ਰੈੱਸ ਕਾਨਫਰੰਸਾਂ ਅਤੇ ਦਫਤਰੀ ਕੰਮ ਕਰਨ ਲਈ ਦਫਤਰ ਲਈ ਢੁੱਕਵੀਂ ਜਗ੍ਹਾ ਮੁਹੱਈਆ ਕਰਵਾਉਣ,ਸੂਬੇ ਭਰ ਵਿੱਚ ਲਾਡੋਵਾਲ ਟੋਲ ਪਲਾਜ਼ਾ ਸਮੇਤ ਸਮੂਹ ਨੈਸ਼ਨਲ ਹਾਈਵੇ ਤੇ ਲੱਗੇ ਟੋਲ ਪਲਾਜਿਆਂ ਤੇ ਪੱਤਰਕਾਰ ਭਾਈਚਾਰੇ ਨੂੰ ਟੋਲ ਮੁਆਫ ਕਰਵਾਉਣ,ਪੱਤਰਕਾਰਾਂ ਤੇ ਗਲਤ ਕੇਸ ਦਰਜ ਹੋਣ ਕਾਰਨ ਪੀਲੇ ਕਾਰਡ ਅਤੇ ਹੋਰ ਸਹੂਲਤਾਂ ਮਾਣਯੋਗ ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੱਕ ਰੱਦ ਨਾ ਕੀਤੇ ਜਾਣ,ਪੱਤਰਕਾਰ ਖਿਲਾਫ ਪਰਚਾ ਕਰਨ ਤੋਂ ਪਹਿਲਾਂ ਇਸ ਦੀ ਜਾਂਚ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਕਮੇਟੀ ਬਣਾਈ ਜਾਵੇ ਜਿਸ ਵਿੱਚ ਡਿਪਟੀ ਕਮਿਸ਼ਨਰ ਦੇ ਨਾਲ ਐਸ.ਪੀ. ਰੈਂਕ ਦੇ ਅਧਿਕਾਰੀ ਅਤੇ ਸਥਾਨਕ ਡੀ.ਪੀ.ਆਰ.ਓ. ਨੂੰ ਵੀ ਮੈਂਬਰ ਲਿਆ ਜਾਵੇ, ਵੱਖ-ਵੱਖ ਵਿਭਾਗਾਂ ਦੇ ਮੁਲਾਜਮਾਂ ਅਤੇ ਸਮਾਜ ਸੇਵੀਆਂ ਵਾਂਗ 15 ਅਗਸਤ ਅਤੇ 26 ਜਨਵਰੀ ਨੂੰ



ਜ਼ਿਲ੍ਹੇ ਵਿੱਚ ਲੋਕ ਹਿੱਤਾਂ ਲਈ ਵਧੀਆ ਕਾਰਗੁਜਾਰੀ ਵਿਖਾਉਣ ਵਾਲੇ ਪੱਤਰਕਾਰਾਂ ਨੂੰ ਵੀ ਹਰ ਸਾਲ ਸਨਮਾਨਿਤ ਕੀਤਾ ਜਾਵੇ ਅਤੇ ਪੱਤਰਕਾਰਾਂ ਦੀਆਂ ਰਜਿਸਟਰਡ ਸੰਸਥਾਵਾਂ ਦੇ ਪੈਨਲ ਰਾਹੀਂ ਪੱਤਰਕਾਰਾਂ ਦੀ ਚੋਣ ਕੀਤੀ ਜਾਵੇ। ਇਸ ਤੋਂ ਇਲਾਵਾ ਹੁਸ਼ਿਆਰਪੁਰ ਸ਼ਹਿਰ ਨਾਲ ਸੰਬੰਧਿਤ ਮੰਗਾਂ ਵਿੱਚ ਲੋਕਾਂ ਦੀ ਜਾਨ ਦਾ ਖੌਅ ਬਣ ਚੁੱਕੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ ਤੋਂ ਭਰਵਾਈ ਰੋਡ ਵਾਇਆ ਨਲੋਈਆਂ ਚੌਕ ਦੀ ਬਦਤਰ ਹਾਲਤ ਨੂੰ ਪਹਿਲ ਦੇ ਅਧਾਰ ਤੇ ਸੁਧਾਰਨ, ਖਾਸ ਕਰਕੇ ਭੰਗੀ ਚੋਅ ਪੁਲ ਦੇ ਆਸਪਾਸ ਮੌਤ ਦਾ ਖੂਹ ਬਣ ਚੁੱਕੀ ਸੜਕ ਨੂੰ ਤੁਰੰਤ ਬਣਾ ਕੇ ਲੋਕਾਂ ਦੀ ਜਾਨਮਾਲ ਦੀ ਹਿਫਾਜਤ ਕਰਨੀ ਯਕੀਨੀ ਬਣਾਉਣ, ਭੰਗੀ ਚੋਅ ਤੋਂ ਲੈ ਕੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ ਤੋਂ ਅੱਗੇ ਵਾਇਆ ਪ੍ਰਭਾਤ ਚੌਕ, ਪਿੱਪਲਾਂਵਾਲਾ ਤੱਕ ਜਲੰਧਰ ਰੋਡ ਦੇ ਦੋਨੋਂ ਪਾਸੇ ਬਣਾਏ ਡਰੇਨੇਜ ਨੂੰ ਡੰਪ ਵਜੋਂ ਵਰਤਣ ਅਤੇ ਸਰਵਿਸ ਲੇਨ ਨੂੰ ਆਪਣੇ ਕਾਰੋਬਾਰ ਲਈ ਨਜਾਇਜ ਕਬਜਾ ਕਰਨ ਵਾਲੇ ਲੋਕਾਂ ਖਿਲਾਫ ਸਖਤ ਪ੍ਰਸ਼ਾਸਕੀ ਕਾਰਵਾਈ ਕੀਤੀ ਜਾਵੇ ਤਾਂ ਜੋ ਬਰਸਾਤੀ ਮੌਸਮ ਵਿੱਚ ਡ੍ਰੇਨੇਜ਼ ਪਾਣੀ ਨਿਕਾਸੀ ਦਾ ਪੂਰਾ ਕੰਮ ਕਰ ਸਕੇ,ਪਾਣੀ ਦੇ ਡਿੱਗਦੇ ਪੱਧਰ ਅਤੇ ਪਾਣੀ ਦੀ ਮਹੱਤਤਾ ਨੂੰ ਸਮਝਦਿਆਂ ਸ਼ਹਿਰ ਵਾਸੀਆਂ ਵਲੋਂ ਕੀਤੀ ਜਾ ਰਹੀਂ ਬਰਬਾਦੀ ਤੇ ਤੁਰੰਤ ਰੋਕ ਲਾ ਕੇ ਬਣਦੀ ਸਖਤ ਕਾਰਵਾਈ ਯਕੀਨੀ ਬਣਾਈ ਜਾਵੇ ਅਤੇ ਕਾਰਵਾਈ ਨਾ ਕਰਨ ਵਾਲੇ ਅਧਿਕਾਰੀ ਦੀ ਜਵਾਬਦੇਹੀ ਤੈਅ ਕਰਨ,ਸ਼ਹਿਰਾਂ ਅਤੇ ਪਿੰਡਾਂ ਵਿੱਚ ਲੋਕਾਂ ਵੱਲੋਂ ਆਪਣੇ ਘਰਾਂ ਦੇ ਗੇਟਾਂ ਅੱਗੇ ਬਣਾਏ ਜਾਂਦੇ ਉੱਚੇ ਉੱਚੇ ਰੈਂਪਾਂ ਨੂੰ ਸਰਕਾਰੀ ਜ਼ਮੀਨ ਤੇ ਨਜਾਇਜ ਕਬਜਾ ਕਰਾਰ ਦੇ ਕੇ ਪੰਚਾਇਤੀ ਜਮੀਨਾਂ ਦੀ ਤਰਜ ਤੇ ਗਲੀਆਂ/ਸੜਕਾਂ ਨੂੰ ਮੁਕਤ ਕਰਾਏ ਜਾਣ ਤਾਂ ਜੋ ਲੋਕਾਂ ਵਿੱਚ ਹੁੰਦੇ ਲੜਾਈ ਝਗੜਿਆਂ ਨੂੰ ਠੱਲ੍ਹ ਪਾਈ ਜਾ ਸਕੇ,ਖੇਤਾਂ ਅਤੇ ਸੜਕਾਂ ਦੇ ਕਿਨਾਰਿਆਂ ਤੇ ਅੱਗਾਂ ਲਾ ਕੇ ਪੌਦਿਆਂ ਨੂੰ ਸਾੜਨ ਤੇ ਵਾਤਾਵਰਣ ਨੂੰ ਮਲੀਨ ਕਰਨ ਵਾਲੇ ਲੋਕਾਂ ਖਿਲਾਫ ਸਖਤ ਕਾਰਵਾਈ ਕਰਨ ਅਤੇ ਸੜਕਾਂ ਦੇ ਕਿਨਾਰਿਆਂ ਤੇ ਕੀਤੇ ਜਾ ਰਹੇ ਦੁਕਾਨਦਾਰਾਂ ਵੱਲੋਂ ਨਾਜਾਇਜ਼ ਕਬਜ਼ਿਆਂ ਅਤੇ ਰੇਹੜੀਆਂ ਕਾਰਨ ਟਰੈਫਿਕ ਵਿੱਚ ਪੈ ਰਹੇ ਵਿਘਨ ਨੂੰ ਤੁਰੰਤ ਰੋਕੇ ਜਾਣ ਦੀਆਂ ਮੰਗਾਂ ਸ਼ਾਮਿਲ ਹਨ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ 'ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ:) ਪੰਜਾਬ (ਇੰਡੀਆ)' ਵੱਲੋਂ ਉਠਾਏ ਨੁਕਤਿਆਂ ਨੂੰ ਧਿਆਨ ਨਾਲ ਸੁਣਿਆ ਅਤੇ ਆਪਣੇ ਵੱਲੋਂ ਹਰ ਸੰਭਵ ਉਪਰਾਲਾ ਕਰਨ ਦਾ ਪੂਰਣ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਉਹ ਖੁਦ ਵੀ ਇਨ੍ਹਾਂ ਨੁਕਤਿਆਂ ਨਾਲ ਪੂਰਾ ਇਤਫਾਕ ਰੱਖਦੇ ਹਨ। ਪੰਜਾਬ ਪੱਧਰ ਦੇ ਮੁੱਦਿਆਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ਼ ਉਠਾ ਕੇ ਪੱਤਰਕਾਰਾਂ ਦੀ ਭਲਾਈ ਲਈ ਹਰ ਸੰਭਵ ਕੋਸ਼ਿਸ਼ ਕਰਨਗੇ ਸਥਾਨਕ ਮੁੱਦਿਆਂ ਨੂੰ ਵੀ ਉਨ੍ਹਾਂ ਹਮਦਰਦੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ।

# ਮੁੱਖ ਮੰਤਰੀ ਨੇ ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਦੇ ਵਫਦ ਨਾਲ ਕੀਤੀ ਮੁਲਾਕਾਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਵਿਸ਼ਵ ਦੋਆਬਾ ਰਾਜਪੂਤ ਸਭਾ (ਰਜਿ.) ਪੰਜਾਬ ਦਾ ਇੱਕ ਵਫਦ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਮਿਲਿਆ। ਇਸ ਦੌਰਾਨ ਵਫਦ ਵਿੱਚ ਸ਼ਾਮਲ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਦਿੱਤਾ ਅਤੇ ਮੰਗ ਕੀਤੀ ਕਿ ਸਿੱਖ ਰਾਜਪੂਤਾਂ ਨੂੰ ਪਛੜੀਆਂ ਸ਼੍ਰੇਣੀਆਂ ਵਿੱਚੋਂ ਬਾਹਰ ਕੀਤਾ ਜਾਵੇ। ਜਨਰਲ ਕੈਟਾਗਰੀ ਭਲਾਈ ਬੋਰਡ ਨਿਯੁਕਤ ਜਾਵੇ। ਇਸ ਮੀਟਿੰਗ ਦੌਰਾਨ ਡਾ. ਬਲਜੀਤ ਕੌਰ ਸਮਾਜ ਭਲਾਈ ਮੰਤਰੀ ਪੰਜਾਬ ਹਾਜ਼ਰ ਸਨ। ਵਫਦ ਦੀ ਮੀਟਿੰਗ ਵਿੱਚ ਵਿਸ਼ਵ ਰਾਜਪੂਤ ਸਭਾ ਦੇ ਸਰਪ੍ਰਸਤ ਫਤਿਹ ਸਿੰਘ ਪਰਹਾਰ ਤੋਂ ਇਲਾਵਾ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ ਪਰਮਾਰ, ਜਨਰਲ ਸਕੱਤਰ ਉਂਕਾਰ ਸਿੰਘ ਮਿਨਹਾਸ ਅਤੇ ਡਾ. ਜਤਿੰਦਰ ਸਿੰਘ ਪਰਹਾਰ ਵੀ ਸ਼ਾਮਲ ਸਨ। ਸ: ਫਤਿਹ ਸਿੰਘ ਪਰਹਾਰ ਅਤੇ ਬਲਵੀਰ ਸਿੰਘ ਫੁਗਲਾਣਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਸਿੱਖ ਰਾਜਪੂਤ ਭਾਈਚਾਰੇ ਦੇ ਇਕ ਵਰਗ ਦੀਆਂ ਵੋਟਾਂ ਹਾਸਲ ਕਰਨ ਲਈ ਸਿੱਖ ਰਾਜਪੂਤਾਂ ਨੂੰ ਪਛੜੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ, ਜਿਸ ਦਾ ਸਿੱਖ ਰਾਜਪੂਤ ਜਥੇਬੰਦੀਆਂ ਉਦੋਂ ਤੋਂ ਹੀ ਵਿਰੋਧ ਕਰਦੀਆਂ ਆ ਰਹੀਆਂ ਹਨ, ਕਿਉਂਕਿ ਇਹ ਹਿੰਦੂ-ਸਿੱਖ ਭਾਈਚਾਰੇ ਵਿੱਚ ਪਾੜਾ ਹੈ। ਜੇਕਰ ਸਿੱਖ ਰਾਜਪੂਤ ਭਾਈਚਾਰੇ ਨੂੰ ਪਛੜੀਆਂ ਸ਼੍ਰੇਣੀਆਂ ਵਿੱਚ ਸ਼ਾਮਲ ਕਰਨਾ ਹੈ, ਫਿਰ ਸਿੱਖ ਰਾਜਪੂਤਾਂ ਦੇ ਨਾਲ ਹਿੰਦੂ ਰਾਜਪੂਤ ਭਾਈਚਾਰੇ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਆਪਸੀ ਭਾਈਚਾਰੇ ਵਿੱਚ ਕੋਈ ਦਰਾਰ ਨਾ ਪਵੇ। ਇਹ ਸਿਰਫ ਦਰਾਰ ਪਾਉਣ ਦੀ ਸਾਜਿਸ਼ ਰਚੀ ਜਾ ਰਹੀ ਹੈ। ਅਕਾਲੀ ਦਲ ਤੋਂ ਬਾਅਦ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਇਹ ਮੰਗ ਸਪੱਸ਼ਟ ਤੌਰ 'ਤੇ ਸਰਕਾਰ ਅੱਗੇ ਰੱਖੀ ਗਈ ਸੀ ਪਰ ਕੋਈ ਸੁਣਵਾਈ ਨਹੀਂ ਹੋਈ। ਮੁੱਖ ਮੰਤਰੀ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਇਸ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ 'ਤੇ ਗੰਭੀਰਤਾ ਨਾਲ ਵਿਚਾਰ ਕਰੇਗੀ ਅਤੇ ਸਿੱਖ ਰਾਜਪੂਤਾਂ ਨੂੰ ਪਛੜੀਆਂ ਸ਼੍ਰੇਣੀਆਂ ਵਿੱਚੋਂ ਬਾਹਰ ਕੱਢੇਗੀ। ਫਤਿਹ ਸਿੰਘ ਪਰਹਾਰ ਨੇ ਕਿਹਾ ਕਿ ਸਿੱਖ ਰਾਜਪੂਤ ਕਿਸੇ ਵੀ ਤਰ੍ਹਾਂ ਪਛੜੇ ਨਹੀਂ ਹਨ। ਉਨ੍ਹਾਂ ਦੀ ਜਥੇਬੰਦੀ ਸਮਾਜ ਨੂੰ ਵਰਗਾਂ ਵਿੱਚ ਵੰਡਣ ਦੇ ਵਿਰੁੱਧ ਹੈ। ਮੁਲਾਕਾਤ ਦੌਰਾਨ ਪਰਹਾਰ ਨੇ ਜਨਰਲ ਸਮਾਜ ਮੰਚ ਦੇ ਪੰਜਾਬ ਪ੍ਰਧਾਨ ਵਜੋਂ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਦੀ ਮੰਗ ਨੂੰ ਵੀ ਦੁਹਰਾਇਆ ਅਤੇ ਜਨਰਲ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਦੀ ਨਿਯੁਕਤੀ ਦਾ ਮੁੱਦਾ ਵੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ।

# ਬਹੁਮੰਤਵੀ ਸਹਿਕਾਰੀ ਸਭਾ ਲਿਮ: ਬਾਹੜੋਵਾਲ ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ



ਬਹਿਰਾਮ (ਅਵਤਾਰ ਕਲੇਰ)-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਵਧੀਆ ਕੰਮ ਕਰ ਰਹੀ ਦੀ ਬਾਹੜੋਵਾਲ ਬਹੁਮੰਤਵੀ ਸਹਿਕਾਰੀ ਸਭਾ ਲਿਮ: ਬਾਹੜੋਵਾਲ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋ ਗਈ। ਇਸ ਵਾਰ ਸਮੂਹ ਮੈਂਬਰਾਂ ਵੱਲੋਂ ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਚੇਅਰਮੈਨ ਮਾਰਕਫੈੱਡ ਨੂੰ ਸਭਾ ਦਾ ਪ੍ਰਧਾਨ ਚੁਣਿਆ ਗਿਆ ਹੈ। ਜਾਣਕਾਰੀ ਦਿੰਦਿਆਂ ਸਭਾ ਦੇ ਸਕੱਤਰ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਕੋਆਪਰੇਟਿਵ ਸੁਸਾਇਟੀ ਦੇ ਨਿਯਮਾਂ ਅਨੁਸਾਰ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਈ ਗਈ ਜਿਸ ਵਿਚ ਮਲਕੀਅਤ ਸਿੰਘ ਬਾਹੜੋਵਾਲ ਪ੍ਰਧਾਨ ਚੁਣੇ ਗਏ ਹਨ। ਇਸ ਮੌਕੇ ਰਾਮ ਲੁਭਾਇਆ ਖਟਕੜ ਖੁਰਦ ਸੀਨੀਅਰ ਮੀਤ ਪ੍ਰਧਾਨ ਅਤੇ ਤੇਜਾ ਸਿੰਘ ਮਜਾਰੀ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ। ਇਸ ਤੋਂ ਇਲਾਵਾ ਨਵੀਂ ਕਮੇਟੀ ਵਿਚ ਅੱਠ ਪ੍ਰਬੰਧਕ ਮੈਂਬਰ ਬਣਾਏ ਗਏ ਹਨ ਜਿਨ੍ਹਾਂ ਵਿਚ ਬਲਿਹਾਰ ਸਿੰਘ, ਬਲਬੀਰ ਕੌਰ, ਹਰਦੇਵ ਸਿੰਘ, ਓਮ ਪ੍ਰਕਾਸ਼, ਊਸ਼ਾ ਰਾਣੀ, ਕੁਲਦੀਪ ਚੰਦ, ਬਹਾਦਰ ਸਿੰਘ ਅਤੇ ਜਸਵੰਤ ਸਿੰਘ ਸ਼ਾਮਲ ਹਨ। ਨਵ ਨਿਯੁਕਤ ਪ੍ਰਧਾਨ ਮਲਕੀਅਤ ਸਿੰਘ ਬਾਹੜੋਵਾਲ ਨੇ ਕਿਹਾ ਉਹ ਅਤੇ ਉਨ੍ਹਾਂ ਦੀ ਸਮੂਹ ਕਮੇਟੀ ਵੱਲੋਂ ਦੀ ਬਾਹੜੋਵਾਲ ਬਹੁਮੰਤਵੀ ਸਹਿਕਾਰੀ ਸਭਾ ਲਿਮ: ਬਾਹੜੋਵਾਲ ਨੂੰ ਹੋਰ ਬੁਲੰਦੀਆਂ ਉੱਤੇ ਲਿਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਸੁਸਾਇਟੀ ਤਿੰਨ ਪਿੰਡਾਂ, ਪਿੰਡ ਬਾਹੜੋਵਾਲ, ਪਿੰਡ ਮਜਾਰੀ ਅਤੇ ਪਿੰਡ ਖਟਕੜ ਖੁਰਦ ਨੂੰ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

ਸਮੂਹ ਮੈਂਬਰਾਂ ਨੂੰ ਇਸ ਸਭਾ ਦਾ ਵੱਧ ਤੋਂ ਵੱਧ ਲਾਭ ਦਿੱਤਾ ਜਾਵੇਗਾ ਅਤੇ ਵੱਧ ਤੋਂ ਵੱਧ ਮਦਦ ਕੀਤੀ ਜਾਵੇਗੀ। ਇਸ ਮੌਕੇ ਸਮੂਹ ਨਵੀਂ ਪ੍ਰਬੰਧਕ ਕਮੇਟੀ ਦਾ ਸਨਮਾਨ ਕਰਨ ਮੌਕੇ ਰਾਜਵਿੰਦਰ ਸਿੰਘ ਸਕੱਤਰ, ਸਤਨਾਮ ਸਿੰਘ ਸਾਬਕਾ ਸਕੱਤਰ, ਮਨਜਿੰਦਰ ਸਿੰਘ, ਬਾਬਾ ਸੁਰੈਣ ਸਿੰਘ, ਇਕਬਾਲ ਸਿੰਘ, ਗੁਰਨਾਮ ਸਿੰਘ ਤੋਂ ਇਲਾਵਾ ਵੀ ਸਭਾ ਦੇ ਹੋਰ ਮੈਂਬਰ ਵੀ ਹਾਜ਼ਰ ਸਨ। ਸ਼ਾਨਦਾਰ ਸੇਵਾਵਾਂ ਕਰਕੇ ਮਲਕੀਅਤ ਸਿੰਘ ਬਾਹੜੋਵਾਲ ਇਸ ਸਹਿਕਾਰੀ ਸਭਾ ਦੇ ਪੰਜਵੀਂ ਵਾਰ ਪ੍ਰਧਾਨ ਚੁਣੇ ਗਏ ਹਨ।

# ਕੰਟਰੈਕਟ ਕਾਮਿਆਂ ਨੂੰ ਵਿਭਾਗ 'ਚ ਰੈਗੂਲਰ ਕੀਤਾ ਜਾਵੇ : ਕੋਕਰੀ




**ਜਲੰਧਰ, (ਰਾਜੇਸ਼ ਥਾਪਾ)**-ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਪੰਜਾਬ ਰੋਡਵੇਜ/ਪਨਬਸ ਮੁਲਾਜਮਾਂ ਦੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਪ੍ਰੈਸ ਕਾਨਫਰੰਸ ਕੀਤੀ। ਇਸ ਪ੍ਰੈਸ ਕਾਨਫਰੰਸ 'ਚ ਪੰਜਾਬ ਰੋਡਵੇਜ਼ ਵਿਭਾਗ ਵਿੱਚ ਕੰਮ ਕਰਦੀਆਂ ਜਥੇਬੰਦੀਆਂ ਏਟਕ, ਕਰਮਚਾਰੀ ਦਲ, ਇੰਟਕ, ਕੰਡਕਟਰ ਯੂਨੀਅਨ, ਸ਼ਡਿਊਲ ਕਾਸਟ ਜਥੇਬੰਦੀ ਅਤੇ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਪੰਜਾਬ ਰੋਡਵੇਜ ਵਿਭਾਗ 'ਚ ਲੰਮੇ ਸਮੇਂ ਤੋਂ ਪੈਂਡਿੰਗ ਮੰਗਾਂ ਰੱਖੀਆਂ। ਐਕਸ਼ਨ ਕਮੇਟੀ ਦੇ ਕਨਵੀਨਰ ਗੁਰਜੀਤ ਸਿੰਘ ਨੇ ਕਿਹਾ ਕਿ ਬਦਲਾਅ ਦੇ ਨਾਂਅ 'ਤੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇੱਕ ਸਾਲ ਕਾਰਜਕਾਲ ਪੂਰਾ ਹੋ ਗਿਆ ਹੈ ਪਰ ਸਰਕਾਰੀ ਵਿਭਾਗਾਂ ਪ੍ਰਤੀ ਕੀਤੇ ਗਏ ਉਹਨਾਂ ਦੇ ਵਾਅਦੇ ਅਤੇ ਦਾਅਵੇ ਸੂਬੇ ਦੇ ਲੋਕਾਂ ਨੂੰ ਫੋਕੇ ਮਹਿਸੂਸ ਹੋ ਰਹੇ ਹਨ।

ਰੋਡਵੇਜ ਅਦਾਰਾ ਜਿਹੜਾ ਲੋਕਾਂ ਨੂੰ ਰੋਜਾਨਾ ਸੈਂਕੜੇ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ ਬੇਹੱਦ ਤਰਸਯੋਗ ਹਾਲਤ ਵਿੱਚੋਂ ਗੁਜਰ ਰਿਹਾ ਹੈ। ਪਿਛਲੀਆਂ ਸਰਕਾਰਾਂ ਦੀ ਤਰਜ 'ਤੇ ਹੀ ਇਸ ਸਰਕਾਰ ਵੱਲੋਂ ਵੀ ਬਜਟ 'ਚ ਟਰਾਂਸਪੋਰਟ ਵਿਭਾਗ ਲਈ ਕੋਈ ਪੈਸਾ ਨਹੀਂ ਰੱਖਿਆ ਗਿਆ। ਸਰਕਾਰੀ ਬੱਸਾਂ ਦੇ ਟਾਈਮਟੇਬਲ ਵਿੱਚ ਸੁਧਾਰ ਲਿਆਉਣ ਲਈ ਟਰਾਂਸਪੋਰਟ ਮੰਤਰੀ ਦੁਆਰਾ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਮੈਨੇਜਮੈਂਟ ਦੀ ਅਣਗਹਿਲੀ ਦੀ ਇਹ ਸਥਿਤੀ ਹੈ ਕਿ ਡਿੱਪੂਆਂ 'ਚ ਰੋਜਾਨਾ ਬੱਸਾਂ ਦੀ ਘਾਟ ਅਤੇ ਸਪੇਅਰ ਪਾਰਟ ਦੀ ਘਾਟ ਕਾਰਨ ਸੈਂਕੜੇ ਟਾਇਮ ਮਿਸ ਹੋ ਰਹੇ ਹਨ ਜਿਸ ਦਾ ਸਿੱਧਾ ਲਾਭ ਵੱਡੇ ਘਰਾਣਿਆਂ ਦੀਆਂ ਨਿੱਜੀ ਬੱਸਾਂ ਨੂੰ ਦਿੱਤਾ ਜਾ ਰਿਹਾ ਹੈ।

ਕੋ-ਕਨਵੀਨਰ ਗੁਰਜੰਟ ਕੋਕਰੀ ਨੇ ਕਿਹਾ ਕਿ ਵਿਭਾਗ 'ਚ ਲੰਮੇ ਸਮੇਂ ਤੋਂ ਕੰਟਰੈਕਟ ਮੁਲਾਜਮ ਕੰਮ ਕਰ ਰਹੇ ਹਨ। ਸਰਕਾਰ ਵੱਲੋਂ ਉਹਨਾਂ ਨੂੰ ਪੱਕੇ ਕਰਨ ਦੇ ਵਾਅਦੇ ਕੀਤੇ ਗਏ ਸਨ ਪ੍ਰੰਤੂ ਅਜੇ ਤੱਕ ਇਸ ਪਾਸੇ ਇੱਕ ਕਦਮ ਵੀ ਪੁਟਿਆ ਨਹੀਂ ਗਿਆ। ਕੰਟਰੈਕਟ ਮੁਲਾਜ਼ਮ ਸਰਕਾਰ ਨਾਲ ਮੀਟਿੰਗਾਂ ਵੀ ਕਰਦੇ ਹਨ ਜਿਥੇ ਉਹਨਾਂ ਨੂੰ ਪਹਿਲੀਆਂ ਸਰਕਾਰਾਂ ਵਾਂਗ ਹੀ ਲਾਰੇ ਲਾ ਕੇ ਵਾਪਸ ਮੋੜ ਦਿੱਤਾ ਜਾਂਦਾ ਹੈ। ਵਿਭਾਗ 'ਚ ਮੁਲਾਜ਼ਮਾਂ ਦੀਆਂ ਤਰੱਕੀਆਂ ਲੰਮੇ ਸਮੇਂ ਤੋਂ ਪੈਂਡਿੰਗ ਹਨ। ਮੁਲਾਜਮਾਂ ਦੀਆਂ ਬੰਦੀਆਂ ਤਰੱਕੀਆਂ ਰੋਕ ਕੇ ਮੁੱਖ ਦਫਤਰ ਅਤੇ ਸਰਕਾਰ ਉਹਨਾਂ ਦਾ ਹੱਕ ਮਾਰ ਰਹੀ ਹੈ। ਐਕਸਨ ਕਮੇਟੀ ਦੀ ਸਮੁੱਚੀ ਲਿਡਰਸ਼ਿਪ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ ਮੁਲਾਜਮਾਂ ਦੀਆਂ ਉਪਰੋਕਤ ਮੰਗਾਂ ਪੂਰੀਆਂ ਕਰਨ ਲਈ ਕੋਈ ਕਦਮ ਨਹੀਂ ਚੁਕਿਆ ਜਾਂਦਾ ਤਾਂ ਜਲੰਧਰ ਜ਼ਿਮਨੀ ਚੋਣ ਦੌਰਾਨ ਐਕਸ਼ਨ ਕਮੇਟੀ 'ਚ ਕੰਮ ਕਰਦੀਆਂ ਸਮੂਹ ਜਥੇਬੰਦੀਆਂ ਵੱਲੋਂ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਨ ਲਈ ਜਲੰਧਰ ਵਿਖੇ ਝੰਡਾ ਮਾਰਚ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਮੰਗਤ ਖਾਨ, ਕਮਲਜੀਤ ਸਿੰਘ ਵਰਕਿੰਗ ਪ੍ਰਧਾਨ, ਗੁਰਜੀਤ ਸਿੰਘ ਪ੍ਰਧਾਨ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਜਸਪਾਲ ਸਿੰਘ, ਹਰਪਾਲ ਸਿੰਘ, ਸੁਖਪਾਲ ਸਿੰਘ, ਸਰਬਜੀਤ ਸਿੰਘ, ਗੁਰਦਿਆਲ ਸਿੰਘ ਆਦਿ ਮੌਜੂਦ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



**ਮਾਹਿਲਪੁਰ (ਸਫਰੀ)** - ਥਾਣਾ ਮਾਹਿਲਪੁਰ ਦੇ ਸਬ-ਇੰਸਪੈਕਟਰ ਬਲਜਿੰਦਰ ਸਿੰਘ ਮੱਲ੍ਹੀ ਦੀ ਦੇਖ-ਰੇਖ ਹੇਠ ਸਤਨਾਮ ਸਿੰਘ ਚੌਕੀ ਇੰਚਾਰਜ ਕੋਟ ਫਤੂਹੀ,ਏ ਐਸ ਆਈ ਹਰਭਜਨ ਸਿੰਘ ਆਪਣੇ ਕਰਮਚਾਰੀਆਂ ਸਮੇਤ ਗਸ਼ਤ ਦੌਰਾਨ ਬਿੰਝੋ ਰੋਡ ਬਹਿਬਲਪੁਰ ਨਜ਼ਦੀਕ, ਰੋਸ਼ਨ ਲਾਲ ਉਰਫ ਕਾਲਾ ਪੁੱਤਰ ਮੰਗਤ ਰਾਮ ਪਿੰਡ ਬਿੰਝੋ, ਚੌਕੀ ਕੋਟ ਫਤੂਹੀ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 670 ਬਿਨਾਂ ਲੇਬਲ ਗੋਲੀਆਂ ਬਰਾਮਦ ਕਰਕੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨੰਬਰਦਾਰਾਂ ਦੇ ਹੱਕਾਂ ਨੂੰ ਲਾਗੂ ਕਰਵਾ ਕੇ ਹੀ ਦਮ ਲਵਾਂਗਾ : ਸਮਰਾ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਪੰਜਾਬ ਨੰਬਰਦਾਰ ਯੂਨੀਅਨ ਸਮਰਾ ਰਜਿ ਵੱਲੋਂ ਨੰਬਰਦਾਰਾਂ ਦੀਆਂ ਮੰਗਾਂ ਲਾਗੂ ਕਰਵਾਉਣ ਲਈ ਅੱਜ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੀ ਅਗਵਾਈ ਹੇਠ ਇੱਕ ਵਿਸ਼ਾਲ ਰੈਲੀ ਪ੍ਰੀਤ ਪੈਲਸ ਜੰਡਿਆਲਾ ਮੰਝਕੀ (ਜਲੰਧਰ) ਵਿਖੇ ਕੀਤੀ ਗਈ। ਜਿਸ ਵਿਚ ਲੋਕ ਸਭਾ ਹਲਕਾ ਜਲੰਧਰ ਅਤੇ ਨਾਲ ਲਗਦੇ ਜ਼ਿਲ੍ਹਿਆਂ ਤੋਂ ਪੁੱਜੇ ਨੰਬਰਦਾਰਾਂ ਦੇ ਠਾਠਾਂ ਮਾਰਦੇ ਇਕੱਠ ਨੇ ਇਹ ਦਰਸਾਇਆ ਕਿ ਨੰਬਰਦਾਰ ਚੋਣਾਂ ਵਿੱਚ ਆਪਣਾ ਅਹਿਮ ਰੋਲ ਅਦਾ ਕਰਦੇ ਹਨ। ਕਿਉਂਕਿ ਪੰਜਾਬ ਵਿੱਚ ਨੰਬਰਦਾਰ ਵੱਡਾ ਵੋਟ ਬੈਂਕ ਸਾਂਭੀ ਬੈਠੇ ਹਨ। ਇਸ ਇਕੱਠ ਵਿੱਚ ਪੰਜਾਬ ਬਾਡੀ ਦੇ ਅਹੁਦੇਦਾਰਾਂ ਅਤੇ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨਾਂ ਨੇ ਸ਼ਿਰਕਤ ਕੀਤੀ। ਅੱਜ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੇ ਕਿਹਾ ਕਿ ਮੈਂ ਨੰਬਰਦਾਰਾਂ ਦੀਆਂ ਮੰਗਾਂ ਲਾਗੂ ਕਰਵਾ ਕੇ ਹੀ ਦਮ ਲਵਾਂਗਾ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਅਸੀਂ ਸਰਕਾਰ ਨਾਲ ਤਾਲਮੇਲ ਕਰ ਰਹੇ ਹਾਂ ਅਤੇ ਇਸ ਦੌਰਾਨ ਸਾਨੂੰ ਮੁੱਖ ਮੰਤਰੀ ਭਗਵੰਤ ਮਾਨ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਮੁੱਖ ਮੰਤਰੀ ਦੇ ਓ ਐਸ ਡੀ ਰਾਜਬੀਰ ਸਿੰਘ ਵੱਲੋਂ ਸਾਨੂੰ ਪੂਰਨ ਤੌਰ 'ਤੇ ਵਿਸਵਾਸ ਦਿਵਾਇਆ ਗਿਆ ਹੈ ਕਿ ਨੰਬਰਦਾਰਾਂ ਦੇ ਮਾਣ ਭੱਤੇ ਵਿੱਚ ਵਾਧਾ ਅਤੇ ਨੰਬਰਦਾਰੀ ਜੱਦੀ ਪੁਸ਼ਤੀ ਜਲੰਧਰ ਜ਼ਿਮਨੀ ਚੋਣ ਤੋਂ ਬਾਅਦ ਤੁਰੰਤ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਆਪਣੇ ਵਾਅਦੇ ਤੋਂ ਪਿੱਛੇ ਹਟਦੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਨੰਬਰਦਾਰ ਉਨ੍ਹਾਂ 'ਤੇ ਭਰੋਸਾ ਨਹੀਂ ਕਰਨਗੇ। ਇਸ ਮੌਕੇ ਸੂਬਾ ਕਾਰਜਕਾਰੀ ਪ੍ਰਧਾਨ ਸੁਰਜੀਤ ਸਿੰਘ ਨਨਹੇੜਾ ਅਤੇ ਸੂਬਾ ਸਕੱਤਰ ਜਨਰਲ ਰਸ਼ਪਾਲ ਸਿੰਘ ਭੂਤਵਿੰਡ ( ਤਰਨਤਾਰਨ) ਨੇ ਕਿਹਾ ਕਿ ਨੰਬਰਦਾਰ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਸਰਕਾਰ ਨੂੰ ਨੰਬਰਦਾਰਾਂ ਦੀਆਂ ਮੰਗਾਂ ਵੱਲ ਸਮੇਂ ਸਮੇਂ 'ਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਭਗਵੰਤ ਮਾਨ ਸਰਕਾਰ ਨੰਬਰਦਾਰਾਂ ਦੀਆਂ ਮੰਗਾਂ ਲਾਗੂ ਨਹੀਂ ਕਰੇਗੀ ਤਾਂ ਯੂਨੀਅਨ ਸੋਚਣ ਲਈ ਮਜਬੂਰ ਹੋਵਾਂਗੇ। ਇਸ ਮੌਕੇ ਨੰਬਰਦਾਰਾਂ ਦੇ ਵੱਡੇ ਇਕੱਠ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐਸ ਡੀ ਰਾਜਬੀਰ ਸਿੰਘ ਨੇ ਪਹੁੰਚ ਕੇ ਯਕੀਨ ਦਿਵਾਇਆ ਕਿ ਚੋਣ ਜ਼ਾਬਤਾ ਖਤਮ ਹੁੰਦਿਆਂ ਹੀ ਨੰਬਰਦਾਰਾਂ ਦੀਆਂ ਮੰਗਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਗੂ ਕਰ ਦਿੱਤੀਆਂ ਜਾਣਗੀਆਂ। ਇਸ ਮੌਕੇ ਓ ਐਸ ਡੀ ਨਾਲ ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਚੀਫ ਪੈਟਰਨ ਪੰਜਾਬ ਗੁਰਦਰਸ਼ਨ ਸਿੰਘ ਗਲੌਲੀ, ਦਰਸ਼ਨ ਸਿੰਘ ਮਾਲਵਾ ਬਠਿੰਡਾ ਖਜ਼ਾਨਚੀ ਪੰਜਾਬ,ਜਸਵੰਤ ਸਿੰਘ ਰੰਧਾਵਾ ਸੀਨੀਅਰ ਮੀਤ ਪ੍ਰਧਾਨ, ਹੁਸ਼ਿਆਰ ਸਿੰਘ ਝੰਡੇਰ ਸੀਨੀਅਰ ਮੀਤ ਪ੍ਰਧਾਨ,ਹਰਪਾਲ ਸਿੰਘ ਪੰਨੂ ਸੀਨੀਅਰ ਮੀਤ ਪ੍ਰਧਾਨ, ਭਗਵੰਤ ਸਿੰਘ ਮਾਨਕੀ ਸੀਨੀਅਰ ਮੀਤ ਪ੍ਰਧਾਨ, ਦਰਸ਼ਨ ਸਿੰਘ ਮਾਲਵਾ ਬਠਿੰਡਾ ਸੀਨੀਅਰ ਮੀਤ ਪ੍ਰਧਾਨ,ਗੁਰਨਾਮ ਸਿੰਘ ਰੋਪੜ ਸੀਨੀਅਰ ਮੀਤ ਪ੍ਰਧਾਨ ਆਦਿ ਬੁਲਾਰਿਆਂ ਨੇ ਵੀ ਸਰਕਾਰ ਤੋਂ ਮੰਗ ਕੀਤੀ ਕਿ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ। ਇਸ ਮੌਕੇ ਹਰਕਮਲ ਸਿੰਘ ਮੁੱਧ ਪ੍ਰਧਾਨ ਜਲੰਧਰ, ਗੁਰਚਰਨ ਸਿੰਘ ਪ੍ਰਧਾਨ ਬਰਨਾਲਾ, ਬਲਰਾਮ ਸਿੰਘ ਮਾਨ ਪ੍ਰਧਾਨ ਕਪੂਰਥਲਾ, ਕੁਲਦੀਪ ਸਿੰਘ ਪ੍ਰਧਾਨ ਫਿਰੋਜ਼ਪੁਰ, ਹਰਭਜਨ ਸਿੰਘ ਬੋਦੇਵਾਲ ਪ੍ਰਧਾਨ ਤਰਨ ਤਾਰਨ, ਵਰਿੰਦਰ ਕੁਮਾਰ ਚੌਧਰੀ ਪ੍ਰਧਾਨ ਰੋਪੜ, ਅਮਰਜੀਤ ਸਿੰਘ ਨਥੋਹੇੜੀ ਪ੍ਰਧਾਨ ਮਲੇਰਕੋਟਲਾ, ਕੁਲਦੀਪ ਸਿੰਘ ਬੇਲੇਵਾਲ ਪ੍ਰਧਾਨ ਸੰਗਰੂਰ,ਅੰਮ੍ਰਿਤਪਾਲ ਸਿੰਘ ਪ੍ਰਧਾਨ ਮਾਨਸਾ, ਮਨਪ੍ਰੀਤ ਸਿੰਘ ਭਲਾਈਪੁਰ ਐਗਜ਼ੈਕਟਿਵ ਮੈਂਬਰ,ਲਖਵਿੰਦਰ ਸਿੰਘ ਵਾਹੀ ਜਨਰਲ ਸਕੱਤਰ, ਗੁਰਮੁੱਖ ਸਿੰਘ ਤਖਤੂਚੱਕ ਤਹਿਸੀਲ ਪ੍ਰਧਾਨ ਖਡੂਰ ਸਾਹਿਬ, ਜਥੇਦਾਰ ਨਰਿੰਦਰ ਸਿੰਘ ਗੁਜਰਪੁਰਾ ਤਹਿਸੀਲ ਪ੍ਰਧਾਨ, ਦਲਬੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਜਥੇਦਾਰ ਕਸ਼ਮੀਰ ਸਿੰਘ ਬੀਰ ਪਿੰਡ, ਤਹਿਸੀਲ ਪ੍ਰਧਾਨ ਤਰਨ ਤਾਰਨ, ਜਸਵਿੰਦਰ ਸਿੰਘ ਰਾਣਾ ਬਠਿੰਡਾ ਪ੍ਰਧਾਨ, ਪਰਸ਼ੋਤਮ ਦਾਸ ਆਦਿ ਹਾਜ਼ਰ ਸਨ



# ਅਕਾਲੀ ਦਲ ਨੂੰ ਝਟਕਾ, ਕੋਰ ਕਮੇਟੀ ਮੈਂਬਰ ਭਾਜਪਾ 'ਚ ਸ਼ਾਮਲ



**ਜਲੰਧਰ, ( ਸ਼ੈਲੀ ਐਲਬਰਟ )**- ਭਾਰਤੀ ਜਨਤਾ ਪਾਰਟੀ ਨੂੰ ਅੱਜ ਉਸ ਸਮੇਂ ਹੋਰ ਬਲ ਮਿਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ (ਬਾ) ਦੇ ਕੋਰ ਕਮੇਟੀ ਮੈਂਬਰ ਨੇ ਅਕਾਲੀ ਦਲ ਦੀ ਤਕੜੀ ਛੱਡ ਕੇ ਭਾਜਪਾ ਦਾ ਕਮਲ ਫੜ ਲਿਆ। ਭਾਜਪਾ ਚੋਣ ਦਫਤਰ ਲਾਜਪਤ ਨਗਰ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਜਥੇਬੰਦੀ ਦੇ ਜਨਰਲ ਸਕੱਤਰ ਸ੍ਰੀਮੰਤਰੀ ਸ੍ਰੀਨਿਵਾਸਲੂ ਅਤੇ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਡਾ: ਰਾਜ ਕੁਮਾਰ ਵੇਰਕਾ ਨੇ ਅਕਾਲੀ ਆਗੂ ਮਨਜੀਤ ਸਿੰਘ ਆਵਾਧਾਨ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਪਾਰਟੀ ਦਾ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਭਾਜਪਾ ਪਰਿਵਾਰ ਦੀ ਮੈਂਬਰਸ਼ਿਪ ਦਵਾਈ।

ਡਾ: ਰਾਜ ਕੁਮਾਰ ਵੇਰਕਾ ਨੇ ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਅਕਾਲੀ ਆਗੂ ਮਨਜੀਤ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਮਨਜੀਤ ਸਿੰਘ ਆਵਾਜਾਨ ਸ਼੍ਰੋਮਣੀ ਅਕਾਲੀ ਦਲ (ਬਾ) ਦੇ ਕੋਰ ਕਮੇਟੀ ਮੈਂਬਰ, ਸ਼੍ਰੋਮਣੀ ਅਕਾਲੀ ਦਲ (ਬਾ) ਦੇ ਜਲੰਧਰ ਦਿਹਾਤੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ, ਸਾਬਕਾ ਜ਼ਿਲ੍ਹਾ ਪ੍ਰੀਸਦ ਮੈਂਬਰ, ਸਾਬਕਾ ਯੋਜਨਾ ਬੋਰਡ ਮੈਂਬਰ ਜਿਹੇ ਅਹਿਮ ਅਹੁਦਿਆਂ 'ਤੇ ਰਹਿ ਚੁੱਕੇ ਹਨ ਅਤੇ ਅੱਜ ਸ਼੍ਰੋਮਣੀ ਅਕਾਲੀ ਦਲ (ਬਾ) ਨੂੰ ਅਲਵਿਦਾ ਕਹਿ ਕੇ ਭਾਜਪਾ ਪਰਵਾਰ 'ਚ ਸ਼ਾਮਲ ਹੋ ਗਏ ਹਨ ਇਹ ਸਾਰੇ ਆਪੋ-ਆਪਣੇ ਖੇਤਰਾਂ ਵਿਚ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੀ ਜਿੱਤ ਲਈ ਪ੍ਰਚਾਰ ਪ੍ਰਸਾਰ ਕਰਕੇ ਉਨ੍ਹਾਂ ਦੀ ਜਿੱਤ ਆਪਣਾ ਵਿਚ ਯੋਗਦਾਨ ਪਾਉਣਗੇ।

# ਬੀ ਐੱਨ ਡੀ ਸਕੂਲ ਦਾ ਨਤੀਜਾ ਰਿਹਾ ਸੌ ਫ਼ੀਸਦੀ



**ਅੱਡਾ ਸਰਾਂ, (ਕਾਜਲ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀ ਕਲਾਸ ਦੇ ਨਤੀਜੇ ਵਿਚ ਬੀ.ਐੱਨ.ਡੀ. ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ . ਸਕੂਲ ਪ੍ਰਿੰਸੀਪਲ ਜੈ ਕ੍ਰਿਸ਼ਨ ਮਹਿਤਾ ਅਤੇ ਪ੍ਰਬੰਧਕ ਅਨਿਲ ਮਹਿਤਾ ਨੇ ਸੌ ਫ਼ੀਸਦੀ ਰਹੇ ਇਸ ਨਤੀਜੇ ਵਿਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਦੱਸਿਆ ਕਿ ਇਸ ਨਤੀਜੇ ਵਿਚ ਤਨਵੀਰ ਕੌਰ ਨੇ 568 ਅੰਕ ਲੈਕੇ ਸਕੂਲ ਵਿੱਚੋ ਪਹਿਲਾ ਸਥਾਨ ਹਾਸਲ ਕੀਤਾ . ਇਸੇ ਤਰਾਂ ਅਰਸ਼ਦੀਪ ਸਿੰਘ ਨੇ 504 ਅੰਕ ਲੈਕੇ ਦੂਜਾ ਅਤੇ ਦਮਨਪ੍ਰੀਤ ਕੌਰ ਨੇ 502 ਅੰਕ ਲੈਕੇ ਤੀਜਾ ਸਥਾਨ ਹਾਸਲ ਕੀਤਾ . ਇਸੇ ਤਰਾਂ ਮਨਪ੍ਰੀਤ ਕੌਰ ਨੇ 500 ਅੰਕ,ਗੁਰਸ਼ਰਨਦੀਪ ਕੌਰ ਨੇ 497 ਅੰਕ ਹਾਸਲ ਕੀਤੇ।

ਇਸ ਮੌਕੇ ਪ੍ਰਬੰਧਕ ਮਹਿਤਾ ਨੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਮੁਕਾਬਲੇ ਦੇ ਇਸ ਯੁੱਗ ਵਿਚ ਸਖਤ ਮੇਹਨਤ ਕਰਨ ਦੀ ਪ੍ਰੇਰਨਾ ਦਿੱਤੀ . ਇਸ ਮੌਕੇ ਬਲਜਿੰਦਰ ਕੌਰ, ਮਨਦੀਪ ਕੌਰ, ਜਸਵੀਰ ਕੌਰ, ਮਨਪ੍ਰੀਤ ਕੌਰ,ਗੁਰਬਖਸ਼ ਕੌਰ, ਗੁਰਮੇਲ ਸਿੰਘ, ਪਵਨਦੀਪ ਕੌਰ ਆਦਿ ਮੌਜੂਦ ਸਨ।

## ਸੱਚੀ ਸਰਕਾਰ ਦਾ ਮੇਲਾ 7 ਨੂੰ

ਕਰਤਾਰਪੁਰ (ਹਰਮੇਸ਼ ਦੱਤ) ਕਰਤਾਰਪੁਰ ਦੇ ਨਜ਼ਦੀਕੀ ਪਿੰਡ ਦਿਆਲਪੁਰ, ਦਿਆਲਪੁਰ ਤੋਂ ਧੀਰਪੁਰ ਰੋਡ, ਨੇੜੇ ਗੁੱਜਰਾਂ ਦੇ ਡੇਰੇ ਜ਼ਿਲ੍ਹਾ ਕਪੂਰਥਲਾ ਵਿਖੇ ਮੁੱਖ ਸੇਵਾਦਾਰ ਗੱਦੀਨਸ਼ੀਨ ਬਾਬਾ ਮਲਕੀਤ ਸ਼ਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਡੇਰਾ ਦਰਬਾਰ ਸ਼ਹਿਨਸ਼ਾਹ ਸੱਚੀ ਸਰਕਾਰ ਦਾ ਮੇਲਾ ਦਿਨ ਐਤਵਾਰ 7 ਮਈ ਨੂੰ ਬਹੁਤ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਝੰਡੇ ਦੀ ਰਸਮ ਸਵੇਰੇ 11 ਵਜੇ ਕੀਤੀ ਜਾਵੇਗੀ, ਕਵਾਲੀਆ 12.30 ਤੋਂ 2.30 ਵਜੇ ਦੁਪਹਿਰ ਨੂੰ ਕਰਵਾਈਆਂ ਜਾਣਗੀਆਂ, ਨਕਲਾਂ ਦੁਪਹਿਰ 2.30 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲਣਗੀਆਂ। ਰਾਤ 8 ਵਜੇ ਮਹਾਮਾਈ ਦਾ ਜਾਗਰਣ ਕਰਵਾਇਆ ਜਾਵੇਗਾ। ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

**ਜਨਮ ਦਿਨ ਮੁਬਾਰਕ**



ਅੰਜਲੀ, ਲੁਧਿਆਣਾ

**AMBIT Finvest** Pragati ke partner **AMBIT FINVEST PRIVATE LIMITED**
Corporate Off: Kanakia Wall Street, 5th floor, A 506-510, Andheri-Kurla Road, Andheri East, Mumbai-400093

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਦੇ ਤਹਿਤ**

ਜਿਵੇਂ ਕਿ ਨਿਮਨਹਸਤਾਖਰੀ ਨੇ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਅੰਬਿਤ ਹਾਊਸ, 449, ਸੈਨਾਪਤੀ ਬਪਤ ਮਾਰਗ, ਲੋਵਰ ਪਾਰੇਲ, ਮੁੰਬਈ-400013, ਕਾਰਪੋਰੇਟ ਦਫਤਰ ਕਨਕੀਆ ਵਾਲ ਸਟ੍ਰੀਟ-5ਵੀਂ ਮੰਜ਼ਲ, ਏ 506-510, ਅੰਧੇਰੀ-ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਨੋਟਿਸ ਜਾਰੀ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਅਤੇ ਹੇਠਾਂ ਦਰਸਾਈ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਹੇਠਾਂ ਦਰਸਾਏ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਕਬਜ਼ਾ ਹਾਸਲ ਕਰ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰਬਰ | ਡਿਮਾਂਡ ਨੋਟਿਸ ਦੀ ਮਿਤੀ | ਅਚੱਲ ਜਾਇਦਾਦ/ਰਹਿਣ ਜਾਇਦਾਦਾਂ ਦਾ ਵੇਰਵਾ | ਕਬਜ਼ੇ ਦੀ ਮਿਤੀ ਕਬਜ਼ੇ ਦੀ ਕਿਸਮ |
|---|---|---|---|
| 1. ਚੌਹਾਨ ਫਰਨੀਚਰ ਹਾਊਸ 2. ਮੁਖਤਿਆਰ ਕੌਰ 3. ਸਤਪਾਲ ਸਿੰਘ ਐੱਲ ਏ ਐੱਨ ਨੰ: ਐੱਲ ਯੂ ਆਈ 000000011062 ਐੱਲ ਯੂ ਆਈ 000000023321 ਐੱਲ ਯੂ ਆਈ 000000023485 | 26.12.2022 26.12.2022 ਨੂੰ ਰਕਮ ਰੁਪਏ : 41,13,983.97 (ਇਕਤਾਲੀ ਲੱਖ ਤੇਰਾਂ ਹਜ਼ਾਰ ਨੌਂ ਸੌ ਤਿਰਾਸੀ ਰੁਪਏ ਸਤਾਨਵੇਂ ਪੈਸੇ ਕੇਵਲ) | ਜਾਇਦਾਦ ਰਕਬਾ 605 ਵਰਗ ਗਜ਼, ਖਸਰਾ ਨੰ: 8//5/18//6/2, 8//7, 8//14/2, 259, 8//4, 245, 7//11, 7//20/1, 7//26, 8//6/3, 46, 7//10/2, 8//6/4, 811/15/1, ਖੱਤਾ ਨੰ: 86/93, 94, 87/95, 88/96, 320/336 ਜਮ੍ਹਾਂਬੰਦੀ ਸਾਲ 2011-2012 ਅਨੁਸਾਰ। ਪਿੰਡ ਮੰਗਲੀ ਟਾਂਡਾ, ਰਾਹੋਂ ਰੋਡ, ਸਰਕਾਰੀ ਸਕੂਲ ਦੇ ਪਿੱਛੇ, ਐੱਚ ਬੀ ਨੰ: 49, ਤਹਿ: ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141007 ਉਕਤ ਦੱਸੀ ਜਾਇਦਾਦ ਦੀਆਂ ਹੱਦਾਂ : ਪੂਰਬ : ਖੇਤਰ ਏ ਡੀ ਐੱਮ 126, ਪੱਛਮ : ਅਵਤਾਰ ਸਿੰਘ ਅਤੇ ਹੋਰ ਏ ਡੀ ਐੱਮ 120, ਦੱਖਣ : ਮੰਗਲੀ, ਟਾਂਡਾ ਰੋਡ ਏ ਡੀ ਐੱਮ 45, ਉੱਤਰ : ਖੇਤਰ ਏ ਡੀ ਐੱਮ 43 | 27.04.2023 ਸੰਕੇਤਕ ਕਬਜ਼ਾ |

ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ ਨੂੰ ਇੱਥੇ ਉਪਰ ਦਰਸਾਈ ਰਕਮ ਅਤੇ ਉਸ ਉੱਪਰ ਵਿਆਜ ਵਸੂਲੀ ਹੇਠ ਹੋਵੇਗੀ। ਉਪਲਬੱਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਮਿਤੀ : 01.05.2023, ਸਥਾਨ : ਲੁਧਿਆਣਾ — ਸਹੀ/-ਅਧਿਕਾਰਤ ਅਫਸਰ, ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ

**AXIS BANK** ਰਿਟੇਲ ਐਸੇਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ - 380006

**ਅਚੱਲ ਜਾਇਦਾਦ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿੱਕਰੀ ਜੋ ਵੀ ਹੈ ਜਿਵੇਂ ਹੈ", "ਜਿਵੇਂ ਹੈ ਜਿੱਥੇ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ, 27.4.2023 ਨੂੰ ਬਕਾਇਆ ਰਕਮ ਰੁ: 1840362 (ਰੁਪਏ ਅਠਾਰਾਂ ਲੱਖ ਚਾਲੀ ਹਜ਼ਾਰ ਤਿੰਨ ਸੌ ਬਾਹਠ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ, ਸਕਿਉਰਿਡ ਕ੍ਰੈਡਿਟਰ 1. ਦੀਪਤੀ ਕੁਮਾਰੀ ਜੈਨ ਪੁੱਤਰੀ ਸ੍ਰੀ ਰਾਜ ਕੁਮਾਰ 2. ਸ੍ਰੀ ਮਨਦੀਪ ਕੁਮਾਰ ਜੈਨ ਪੁੱਤਰ ਸ੍ਰੀ ਰਾਜ ਕੁਮਾਰ, ਕਰਜ਼ਾ ਖਾਤਾ ਨੰ: ਪੀ ਐੱਚ ਆਰ 004202516181 ਵੱਲ ਬਕਾਇਆ ਵਸੂਲਣ ਲਈ ਮਿਤੀ 25.5.2023 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕ੍ਰਿਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ:-

| | |
|---|---|
| ਜਾਣਕਾਰੀ 'ਚ ਜ਼ੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ. 886074/- (ਰੁਪਏ ਅੱਠ ਲੱਖ ਛਿਆਸੀ ਹਜ਼ਾਰ ਚੌਹੱਤਰ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 88607/- (ਰੁਪਏ ਅਠਾਸੀ ਹਜ਼ਾਰ ਛੇ ਸੌ ਸੱਤ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ :- | 23 ਮਈ 2023, ਸ਼ਾਮ ਦੇ 5.00 ਵਜੇ ਤੱਕ ਅਤੇ ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ :- | 25 ਮਈ 2023, ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ ਅਸੀਮਤ ਹਰੇਕ, 5 ਮਿੰਟਾਂ ਦੇ ਵਾਧੇ, ਵੈੱਬ ਪੋਰਟਲ, https://www.bankeauctions.com ਈ-ਨੀਲਾਮੀ ਟੈਂਡਰ ਦਸਤਾਵੇਜ਼ ਜਿਸ ਵਿੱਚ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ ਆਦਿ ਹਨ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ

ਇੱਕ ਮਕਾਨ ਮਿਊਂਸਪਲ ਕਾਰਪੋਰੇਸ਼ਨ ਨੰ: 1706/374/ਬੀ ਰਕਬਾ 71 ਵਰਗ ਗਜ਼, ਖਸਰਾ ਨੰ: 897, ਖੇਵਟ/ਖਤੌਨੀ ਨੰ: 1253/1674, ਸਫਾ ਨੰ: 1584, ਜਮਾਂਬੰਦੀ ਸਾਲ 2010-11, ਪਿੰਡ ਗਿੱਲ ਨੰ: 2, ਹੱਦਬਸਤ ਨੰ: 263, ਅਬਾਦੀ ਸੂਰਜ ਨਗਰ, ਤਹਿ: ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ। ਹੱਦਾਂ : (ਵਿਕਰੀ ਡੀਡ ਮੁਤਾਬਕ) ਉੱਤਰ : ਗੁਆਂਢੀ 44', ਦੱਖਣ : ਗੁਆਂਢੀ 44', ਪੂਰਬ : ਗੁਆਂਢੀ 14'5", ਪੱਛਮ : ਗਲੀ। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 8920705598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ।
ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਰੂਲ 8 (6) ਦੇ ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 01-05-2023 ਸਹੀ/-ਅਧਿਕਾਰਤ ਅਫਸਰ
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ

**AXIS BANK** ਰਿਟੇਲ ਐਸੇਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ - 380006

**ਅਚੱਲ ਜਾਇਦਾਦ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿੱਕਰੀ ਜੋ ਵੀ ਹੈ ਜਿਵੇਂ ਹੈ", "ਜਿਵੇਂ ਹੈ ਜਿੱਥੇ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ, 9.6.2023 ਨੂੰ ਬਕਾਇਆ ਰਕਮ ਰੁ: 826117 (ਰੁਪਏ ਅੱਠ ਲੱਖ ਛੱਬੀ ਹਜ਼ਾਰ ਇੱਕ ਸੌ ਸਤਾਰਾਂ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ, ਸਕਿਉਰਿਡ ਕ੍ਰੈਡਿਟਰ 1) ਮਨੀਸ਼ ਕੁਮਾਰ ਪੁੱਤਰ ਸਮਦ ਪਾਲ 2) ਸ੍ਰੀਮਤੀ ਸ਼ਿਲਪਾ ਕੁਮਾਰੀ ਪਤਨੀ ਮਨੀਸ਼ ਕੁਮਾਰ, ਖਾਤਾ ਨੰ: ਪੀ ਐੱਚ ਆਰ 004106281076 ਵੱਲ ਬਕਾਇਆ ਵਸੂਲਣ ਲਈ 6.9.2023 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕ੍ਰਿਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ:-

| | |
|---|---|
| ਜਾਣਕਾਰੀ 'ਚ ਜ਼ੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ. 703125/- (ਰੁਪਏ ਸੱਤ ਲੱਖ ਇਕੱਤੀ ਸੌ ਪੱਚੀ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 70315/- (ਰੁਪਏ ਸੱਤਰ ਹਜ਼ਾਰ ਤਿੰਨ ਸੌ ਪੰਦਰਾਂ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ :- | 07 ਜੂਨ 2023, ਸ਼ਾਮ ਦੇ 5.00 ਵਜੇ ਤੱਕ ਅਤੇ ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ :- | 9 ਜੂਨ 2023, ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ ਅਸੀਮਤ ਹਰੇਕ, 5 ਮਿੰਟਾਂ ਦੇ ਵਾਧੇ, ਵੈੱਬ ਪੋਰਟਲ, https://www.bankeauctions.com ਈ-ਨੀਲਾਮੀ ਟੈਂਡਰ ਦਸਤਾਵੇਜ਼ ਜਿਸ ਵਿੱਚ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ ਆਦਿ ਹਨ, ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ

ਸ੍ਰੀਮਤੀ ਸ਼ਿਲਪਾ ਕੁਮਾਰੀ ਪਤਨੀ ਮਨੀਸ਼ ਕੁਮਾਰ ਅਤੇ ਸ੍ਰੀ ਮਨੀਸ਼ ਕੁਮਾਰ ਪੁੱਤਰ ਸਮਦ ਪਾਲ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਪਲਾਟ ਨੰ: 81, ਰਕਬਾ 00 ਵਿਘਾ 02 ਵਿਸਵੇ (100 ਵਰਗ ਗਜ਼) ਕੁੱਲ ਜ਼ਮੀਨੀ ਖੇਤਰ 38 ਬਿੱਘੇ -05 ਵਿਸਵੇ ਦਾ ਹਿੱਸਾ 40/15300 ਖੱਤਾ ਨੰ: 2/2, ਖਸਰਾ ਨੰ: 414 (3-11), 416 (4-0), 417 (3-10), 418 (7-2), 419 (6-9), 420 (4-14), 421 (5-2), 422 (2-17) ਕਿੱਤੇ 8 ਬਾਲਾ ਜੀ ਸਮਾਰਟ ਸਿਟੀ, ਪਿੰਡ ਧਨੌਨੀ, ਹੱਦਬਸਤ ਨੰ: 36, ਤਹਿਸੀਲ ਡੇਰਾ ਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ ਮੁਹਾਲੀ ਨਾਲ ਸੰਬੰਧਤ ਸਭ ਕੁਝ। ਵਿਕਰੀ ਡੀਡ ਦਰਤਾਵੇਜ਼ ਨੰ: 2021-22/14/1/1875 ਮਿਤੀ 14 ਜੁਲਾਈ 2021. ਹੱਦਾਂ : (ਦਸਤਾਵੇਜ਼ ਅਨੁਸਾਰ) ਉੱਤਰ : ਪਲਾਟ ਨੰ: 82, ਦੱਖਣ : ਲਾਂਘਾ, ਪੂਰਬ : ਲਾਂਘਾ, ਪੱਛਮ : ਪਲਾਟ ਨੰ: 80
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 8920705598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਰੂਲ 8 (6) ਦੇ ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 01-05-2023 ਸਹੀ/-ਅਧਿਕਾਰਤ ਅਫਸਰ
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ

# ਕਲਾਸੀਫਾਈਡ ਇਸ਼ਤਿਹਾਰ

**Recruitment Notice**

Under D.S.T Scheme & PPP Scheme we need the Copa Sewing Technology Basic Cosmetology, fashion design Technology institute Eligible candidate may reach in the office of under signed on May 05 2023, ( 11:00 AM) with their original certificate, Qualification may be check from website www.dget.govt.in for more information . Contact No 9501026746

Headmistress cum sec/chairman
IMC Govt. I.T.T (W) Rayya
At village Bhinder Tehsil Baba Bakala
District, Amritsar

**ਬੇਦਖਲੀ ਨੋਟਿਸ**

ਮੈਂ ਬਲਕਾਰ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਸ਼ਾਹਪੁਰ ਜਾਜਨ ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਲਵਪ੍ਰੀਤ ਸਿੰਘ ਅਤੇ ਲੜਕੀ ਮਨਪ੍ਰੀਤ ਕੌਰ ਪਤਨੀ ਚਰਨਪ੍ਰੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹਨ । ਮੇਰੀ ਪਤਨੀ ਕੁਲਵੰਤ ਕੌਰ, ਲੜਕੇ ਲਵਪ੍ਰੀਤ ਸਿੰਘ ਅਤੇ ਲੜਕੀ ਮਨਪ੍ਰੀਤ ਕੌਰ ਨਾਲ ਮੇਰੀ ਸਹਿਮਤੀ ਤੋਂ ਬਿਨਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । (KP)

ਅਸੀਂ, ਵਿਜੇ ਪੁੱਤਰ ਬਿੰਦੇਸ਼ਵਰੀ ਪਾਸਵਾਨ ਅਤੇ ਨਥਨੀ ਪਤਨੀ ਵਿਜੇ ਵਾਸੀ ਮਕਾਨ ਨੰ. 130, ਨੰਗਲ ਕਰਾਰ ਖਾਂ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਮਲੇਸ਼ ਅਤੇ ਉਸਦੀ ਪਤਨੀ ਬਬੀਤਾ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਇੰਦਰਜੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਨਿਧੜਾਂ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਰੂਪ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

**ਨਾਂਅ ਦੀ ਬਦਲੀ**

ਮੈਂ ਰਘਬੀਰ ਪੁੱਤਰ ਅਮਰ ਚੰਦ ਵਾਸੀ ਚੱਕ ਦੇਸਰਾਜ ਤਹਿ ਫਿਲੌਰ ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਬਦਲ ਕੇ ਰਘਬੀਰ ਤੋਂ ਰਘਵੀਰ ਰੱਖ ਲਿਆ ਹੈ।

**Change of Name**

I, Lehmber s/o Sarwan r/o Village Mulewal Araian, Po. Lassuri, Tehsil Shahkot, Distt. Jalandhar have changed my name to Lehamber. All Please Note.

I, Geeta Mann w/o Sandeep Singh Rai R/o VPO. Bhootan, Teh.Banga, Distt.SBS Nagar have changed my name to Geeta Rai, after marriage. All Please Note.

I, Jasvinder Pal Singh s/o Manjit Singh R/o H.No. 1218, Mohalla Ajit Nagar, Nakodar Road, Jalandhar have changed my name spelling to Jaswinderpal Singh. All Please Note.

I, Nidhi Aggarwal w/o Vikram Mittal R/o E-2, Silver Heights, Nakodar Road, Wadala Chowk, Jalandhar have changed my name to Nidhi Mittal, after marriage. All Please Note.

I, Jaswinder Kaur W/o Gurwinder Singh R/o Village Muhem, Tehsil Nakodar, Distt. Jalandhar-144044, Punjab have changed my name from Jaswinder Kaur to Maya Devi.

I, Tilak Raj S/O Bal Krishan R/O T14/2971, Gali Nijjra Wali, Chowk Passian, Amritsar hereby inform that I am also known as Radha Krishan. Hence Tilak Raj and Radha Krishan is one and the same person. Concerned please note. (SONI)

I, Mangat Ram R/o Uppal Khalsa, Uppal Jagir, Distt. Jalandhar have changed my minor daughter's name from Shama to Shamapreet Kaur.

**Change of Name**

I, Hitherto Known As Sakwindar Kaur W/O Jagmail Singh Residing At Vpo Sahri, Tehsil & Distt. Hoshiarpur - 146111, Punjab, India Have Changed My Name And Shall Hereafter Be Known As Sukhwinder Kaur. (r)

I, Hitherto Known As Shabnam W/O Anoop Anoop Residing At Village Jawalapur, Po Khanowal, Distt. Kapurthala - 144601, Punjab, India Have Changed My Name And Shall Hereafter Be Known As Shabnam Malik. (Arpit)

I, Hitherto Known As Laxmi Devi W/O Jaswant Singh Rana Residing At Vpo Aur, Muhalla Rolan, Distt. Sbs Nagar - 144417, Punjab, India Have Changed My Name And Shall Hereafter Be Known As Lalita Rani. (Arpit)

I Varun Gupta S/O Mangat Ram Resi.V.P.O.Saila Khurd Teh. Garhshankar Distt. Hoshiarpur Pb. (India) have changed the name of my minor daughter from Vrinda to Varinda Gupta all concerned note please.

I Harpreet S/o Major Singh R/o V+PO Mehli Tehsil Banga District SBS Nagar have changed my name from Harpreet to Harpreet Kailey all concerned note .

I, Rajvinder Kaur W/o Tirth Ram R/o Patti Shala Nagar, P.O. Malsian, Tehsil . Shahkot, Distt. Jalandhar, have changed my name from Rajvinder Kaur to Rajwinder Kaur.

I,Sunita W/O Kamal Kishore R/O H.No.01, Daim Ganj Near Gurudwara, Dhapai Road, Amritsar, Punjab have changed my name from Sunita to Sunita Rani.Concerned note.

I, Chanchal Kaur Kataria W/o Mohinder Pal Singh R/o H.No.210, Narotam Nagar, Khanna, Ludhiana, Punjab-141401. have changed my name as Chanchal Kaur. All Please Note.

I, Mohinder Pal Singh Katari alias S Mohinder Pal Singh Kataria S/o Awtar Singh R/o H.No.210, Narrottam Nagar, Khanna, Ludhiana, Punjab-141401, have changed my name as Mohinder Pal Singh. All Please Note.

I, Manoj S/o Jeewan Kumar R/o H.No.538, Gurmehar Enclave, Village Wadala, Jalandhar, Punjab have changed my name from Manoj to Manoj Kumar. (Kumar as Surname) All Please Note.

I, Samrat Mahavir S/o Kundan Lal Ohri R/o Near Inder Industry, Dilbagh Nagar Extension, Jalandhar-144002 have changed my name from Samrat Mahavir to Samrat Ohri (same person). All Please Note.

I, Parvinder Kaur Mato W/o Sohan Singh Mato R/o Village Udhopur, Po. Jamsher, Distt. Jalandhar declare that Parvinder Kaur Mato and Kulwinder Kaur is one and the same person. All Please Note.

I, Aarti D/o Jugal Kishor r/o VPO.Bundala, Patti Badal Ki, Tehsil Phillaur, Jalandhar, Punjab,144034 have changed my name to Aarti Sharma. All Please Note.

I, Narinder Singh s/o Gurdev Singh R/o H.no.168, VPO. Pholriwala, Jalandhar, Punjab - 144022 have changed my name as Sukhdeep Singh Gill. All Please Note.

I, Seema D/o Bhulla Singh R/o H.No. 178, Street No. 3-B, Bawa Department Store, Guru Nanak Pura, Phagwara, Tehsil Phagwara, Distt. Kaurthala-144401, Punjab have changed my name to Seema Rani.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕੁੱਲ ਹਿੰਦ ਕਿਸਾਨ ਸਭਾ ਤੇ ਸੀ ਪੀ ਆਈ ਨੇ ਡੀ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਕੁੱਲ ਹਿੰਦ ਕਿਸਾਨ ਸਭਾ ਤੇ ਸੀ.ਪੀ.ਆਈ ਵੱਲੋਂ ਡੀ ਐੱਸ ਪੀ ਨੂੰ ਮੰਗ ਪੱਤਰ ਸੌਂਪਿਆ ਗਿਆ। ਕਾਮਰੇਡ ਸੁਬੇਗ ਸਿੰਘ ਮੌਜੂਦਾ ਬਲਾਕ ਸੰਮਤੀ ਮੈਂਬਰ ਤੇ ਸੀਤਾ ਸਿੰਘ ਪ੍ਰਧਾਨ ਸਰਬ ਭਾਰਤ ਨੌਜਵਾਨ ਸਭਾ ਪਿੰਡ ਇਕਾਈ ਤੇਜਾ ਰਹੇਲਾ ਨੇ ਦੱਸਿਆ ਕਿ ਬੀ.ਐਸ.ਐਫ 66 ਬਟਾਲੀਅਨ ਹੈਡ ਕੁਆਟਰ ਦੀ ਸੀਮਾ ਚੌਕੀ ਤੇਜਾ ਰਹੇਲਾ ਬੀ.ਐਸ.ਐਫ ਦੇ ਕਿਸੇ ਅਧਿਕਾਰੀ ਵੱਲੋਂ ਉਨ੍ਹਾਂ ਦੇ ਬਰਖਿਲਾਫ ਐਸ ਐਚ ਓ ਸਾਹਿਬ ਥਾਣਾ ਸਦਰ ਨੂੰ ਇੱਕ ਦਰਖਾਸਤ ਦਿੱਤੀ ਹੈ।

ਇਹ ਦਰਖਾਸਤ ਸੁਰੱਖਿਆ ਦੇ ਮੁੱਦੇ 'ਤੇ ਮੋਬਾਇਲ ਰਾਹੀਂ ਵੀਡੀਓ ਬਣਾਉਣ ਦੇ ਸਬੰਧ ਵਿੱਚ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਦੇ ਪਾਰ ਕੁਝ ਕਿਸਾਨਾਂ ਦੀ ਜ਼ਮੀਨ ਲਗਭਗ 35-40 ਏਕੜ ਕਣਕ ਦੀ ਕਟਾਈ ਰਹਿੰਦੀ ਹੈ। ਜਿਸ ਸਬੰਧੀ ਉਨ੍ਹਾਂ ਵੱਲੋਂ ਬਕਾਇਦਾ ਮੌਕੇ ਦੇ ਬੀ.ਐਸ.ਐਫ ਅਧਿਕਾਰੀ ਨਾਲ ਗੱਲਬਾਤ ਕੀਤੀ ਗਈ। ਇਸ ਤੋਂ ਬਾਅਦ ਇਹ ਮਸਲਾ ਲਿਖਤੀ ਤੇ ਜ਼ੁਬਾਨੀ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ, ਪਰ ਫਿਰ ਵੀ ਇਸ ਮਸਲੇ ਦਾ ਕੋਈ ਹੱਲ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬੀ ਐਸ ਐਫ ਅਧਿਕਾਰੀਆਂ ਵੱਲੋਂ ਕਿਸਾਨਾਂ ਦੀ ਸਾਰ ਲੈਣ ਦੀ ਬਜਾਏ ਕੁੱਝ ਕਿਸਾਨ ਆਗੂਆਂ ਨੂੰ ਕਥਿਤ ਝੂਠੀ ਦਰਖਾਸਤ ਰਾਹੀਂ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਬੀ.ਐਸ.ਐਫ ਅਧਿਕਾਰੀਆਂ ਵੱਲੋਂ ਦਰਖਾਸਤ ਦਿੱਤੀ ਗਈ ਹੈ। ਉਸ ਸਬੰਧੀ ਪੂਰੀ ਤਰ੍ਹਾਂ ਜਾਂਚ-ਪੜਤਾਲ ਕੀਤੀ ਜਾਵੇ ਤੇ ਝੂਠੀ ਸਾਬਤ ਹੋਣ ਤੇ ਸਬੰਧਤ ਬੀ.ਐਸ.ਐਫ ਦੇ ਅਧਿਕਾਰੀ ਦੇ ਖਿਲਾਫ਼ ਫੌਰੀ ਤੌਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਹ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦੀ ਹੀ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਤਾਂ ਮਜ਼ਦੂਰ ਦਿਵਸ 'ਤੇ 1 ਮਈ ਨੂੰ ਸਮੂਹ ਜਥੇਬੰਦੀਆਂ ਅਤੇ ਸੀ.ਪੀ.ਆਈ ਪਾਰਟੀ ਵੱਲੋਂ ਬੀ.ਐਸ.ਐਫ ਹੈਡਕੁਆਟਰ ਦੇ ਸਾਹਮਣੇ 66 ਬਟਾਲੀਅਨ ਦੇ ਸੀ, ਓ ਦਾ ਪੁਤਲਾ ਫੂਕਿਆ ਜਾਵੇਗਾ ਅਤੇ ਸ਼ਾਂਤਮਈ ਰੋਸ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਦੌਰਾਨ ਜੇ ਉਥੇ ਕਿਸੇ ਵੀ ਤਰ੍ਹਾਂ ਦਾ ਕੋਈ ਨਫ਼ਾ ਨੁਕਸਾਨ ਕਿਸੇ ਗ਼ਲਤ ਅਨਸਰਾਂ ਵੱਲੋਂ ਕੀਤਾ ਜਾਂਦਾ ਹੈ ਤਾਂ ਉਸ ਦੀ ਜ਼ਿੰਮੇਵਾਰ ਬੀ.ਐਸ.ਐਫ਼ ਦੇ ਅਧਿਕਾਰੀ ਹੋਣਗੇ।

ਜਦੋਂ ਇਸ ਬਾਰੇ ਬੀ ਐੱਸ ਐੱਫ਼ ਅਧਿਕਾਰੀ ਸੁਰਿੰਦਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਬਾਰਡਰ ਸਕਿਊਰਟੀ ਨੂੰ ਲੈ ਕੇ ਕੁੱਝ ਵਿਅਕਤੀਆਂ ਖਿਲਾਫ਼ ਦਰਖਾਸਤ ਦਿੱਤੀ ਗਈ ਹੈ, ਜਿਸਦੀ ਜਾਂਚ ਸਬੰਧਤ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬੀ ਐੱਸ ਐੱਫ ਹਮੇਸਾ ਕਿਸਾਨਾਂ ਦੇ ਨਾਲ ਖੜੀ ਹੈ, ਪਰ ਕੁੱਝ ਵਿਅਕਤੀ ਬਿਨਾਂ ਵਜ੍ਹਾ ਤੋਂ ਨੇਤਾਗਿਰੀ ਕਰਦੇ ਹਨ। ਉਨ੍ਹਾਂ ਕਿਹਾ ਕਿ ਬਾਰਡਰ ਸਕਿਊਰਟੀ ਦੀ ਉਲੰਘਣਾ ਕਰਨ ਦਾ ਅਧਿਕਾਰ ਕਿਸੇ ਨੂੰ ਵੀ ਨਹੀਂ ਹੈ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਮਨਾਇਆ ਗਿਆ ਰੈੱਡ ਡੇਅ




**ਜਗਰਾਉਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਰਵਿੰਦਰਪਾਲ ਕੌਰ ਨੇ ਦੱਸਿਆ ਕਿ ਕਿੰਡਰ ਗਾਰਡਨ ਦੇ ਵਿਦਿਆਰਥੀਆਂ ਦੁਆਰਾ ਰੈੱਡ ਡੇਅ ਮਨਾਇਆ ਗਿਆ। ਸਾਰੇ ਬੱਚੇ ਲਾਲ ਰੰਗ ਦੇ ਕੱਪੜੇ ਪਾ ਕੇ ਤੇ ਵੱਖ-ਵੱਖ ਲਾਲ ਰੰਗ ਦੀਆਂ ਚੀਜ਼ਾਂ ਲੈ ਕੇ ਆਏ। ਇਸ ਮੌਕੇ ਨਰਸਰੀ ਦੇ ਵਿਦਿਆਰਥੀਆਂ ਨੇ ਹੱਥਾਂ ਦੀ ਸਹਾਇਤਾ ਨਾਲ ਵੱਖ-ਵੱਖ ਤਸਵੀਰਾਂ ਵਿੱਚ ਰੰਗ-ਭਰੇ। ਐੱਲ.ਕੇ.ਜੀ ਦੇ ਵਿਦਿਆਰਥੀਆਂ ਨੇ ਵੱਖ-ਵੱਖ ਤਸਵੀਰਾਂ ਵਿੱਚ ਉਂਗਲਾਂ ਦੀ ਸਹਾਇਤਾ ਨਾਲ ਰੰਗ ਭਰੇ। ਯੂ.ਕੇ.ਜੀ ਦੇ ਵਿਦਿਆਰਥੀਆਂ ਨੇ ਲਾਲ ਰੰਗ ਦੇ ਕਾਗਜ਼ ਨਾਲ ਚੱਕਰੀਆਂ ਤਿਆਰ ਕੀਤੀਆਂ। ਇਸ ਮੌਕੇ ਵਿਦਿਆਰਥੀਆਂ ਨੇ ਲਾਲ ਰੰਗ ਨਾਲ ਸਬੰਧਤ ਕਵਿਤਾਵਾਂ ਵੀ ਪੇਸ਼ ਕੀਤੀਆਂ। ਅਜਿਹੀਆਂ ਗਤੀਵਿਧੀਆਂ ਕਰਾਉਣ ਦੇ ਨਾਲ ਵਿਦਿਆਰਥੀਆਂ ਨੂੰ ਰੰਗਾਂ ਦੀ ਪਛਾਣ ਵਾਰੇ ਮੁਹਾਰਤ ਹਾਸਲ ਹੁੰਦੀ ਹੈ। ਇਸ ਗਤੀਵਿਧੀ ਸਮੇਂ ਮੈਡਮ ਸਤਵਿੰਦਰ ਕੌਰ ਤੇ ਮੈਡਮ ਸੀਮਾ ਬਸੀ ਹਾਜ਼ਰ ਸਨ।

# ਦਲਿਤ ਜਗਾਓ ਰੈਲੀਆਂ ਤੇ ਕਾਂਸ਼ੀ ਰਾਮ ਦਾ ਜਨਮ ਦਿਨ ਮਨਾਉਣ ਲਈ ਲਿਬਰੇਸ਼ਨ ਨੇ ਦਿੱਤਾ ਨੋਟਿਸ



**ਮਾਨਸਾ (ਆਤਮਾ ਸਿੰਘ ਪਮਾਰ)**

ਦਲਿਤ ਜਗਾਓ ਰੈਲੀਆਂ ਤੇ ਸਾਹਿਬ ਕਾਂਸ਼ੀ ਰਾਮ ਦਾ ਜਨਮ ਦਿਨ ਮਨਾਉਣ ਕਰਕੇ ਲਿਬਰੇਸ਼ਨ ਪਾਰਟੀ ਵੱਲੋਂ ਨੋਟਿਸ ਕੱਢਿਆ। ਇਸ ਲਈ ਹੀ ਲਿਬਰੇਸ਼ਨ ਪਾਰਟੀ ਛੱਡੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਜ਼ਦੂਰ ਮੰਗਾਂ ਲਈ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਹੇ ਦਿਨ-ਰਾਤ ਦੇ ਪੱਕੇ ਮਜ਼ਦੂਰ ਮੋਰਚੇ ਦੇ 275ਵੇਂ ਦਿਨ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕੀਤਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਦਲਿਤਾਂ, ਮਜ਼ਦੂਰਾਂ ਦੇ ਹੱਕਾਂ ਲਈ ਲੜਾਈ ਆਖਰੀ ਦਮ ਤੱਕ ਲੜਦੇ ਰਹਾਂਗੇ। ਉਨ੍ਹਾਂ ਕਿਹਾ ਲਿਬਰੇਸ਼ਨ ਪਾਰਟੀ ਦੇ ਧਨਾਢ ਲੀਡਰ ਦਲਿਤਾਂ ਮਜ਼ਦੂਰਾਂ ਦੇ ਹੱਕੀ ਸੰਘਰਸ਼ ਨੂੰ ਅੱਗੇ ਵਧਣ ਹੀ ਨਹੀਂ ਦੇਣਾ ਚਾਹੁੰਦੇ, ਜਿਸ ਦੀ ਉਦਾਹਰਨ ਹੈ ਕਿ ਜੇਕਰ ਮਜ਼ਦੂਰਾਂ ਦੇ ਹੱਕ ਵਿੱਚ ਕੋਈ ਵੀ ਅੰਦੋਲਨ ਜਾਂ ਸੰਘਰਸ਼ ਵਿੱਢਿਆ ਜਾਂਦਾ ਸੀ ਤਾਂ ਲਿਬਰੇਸ਼ਨ ਦੀ ਸੂਬਾਈ ਧਨਾਢ ਦਲਿਤ ਵਿਰੋਧੀ ਲੀਡਰਸ਼ਿਪ ਕਿਸੇ ਨਾ ਕਿਸੇ ਤਰੀਕੇ ਉਸ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕਰਦੀ ਸੀ, ਪਰ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਲਗਾਤਾਰ ਦਲਿਤਾਂ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀ ਆਵਾਜ ਹਰ ਸਮੇਂ ਬੁਲੰਦ ਕੀਤੀ ਹੈ, ਜੋ ਲਿਬਰੇਸ਼ਨ ਦੇ ਇਨ੍ਹਾਂ ਸੂਬਾਈ ਆਗੂਆਂ ਨੂੰ ਕਿਵੇਂ ਵੀ ਰਾਸ ਨਹੀਂ ਆ ਰਹੀ ਸੀ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਨੇ 27 ਅਪ੍ਰੈਲ ਨੂੰ ਬਠਿੰਡਾ ਵਿਖੇ ਪ੍ਰੈਸ ਕਾਨਫਰੰਸ ਕਰਕੇ ਲਿਬਰੇਸ਼ਨ ਤੋਂ ਅਸਤੀਫ਼ੇ ਦੇ ਦਿੱਤੇ ਸਨ। ਇਸ ਕਰਕੇ ਲਿਬਰੇਸ਼ਨ ਦੇ ਸੂਬਾਈ ਦਲਿਤ ਵਿਰੋਧੀ ਲੀਡਰਾਂ ਨੇ ਆਪਣੀ ਸਾਖ ਬਚਾਉਣ ਲਈ ਹੀ ਸਾਡੀ ਪਾਰਟੀ ਮੁੱਢਲੀ ਮੈਂਬਰਸ਼ਿਪ ਖਤਮ ਕਰਨ ਦਾ ਡਰਾਮਾ ਰਚਿਆ। ਉਨ੍ਹਾਂ ਕਿਹਾ ਕਿ ਸਾਨੂੰ ਲਿਬਰੇਸ਼ਨ ਦੇ ਕਿਸੇ ਵੀ ਦਲਿਤ ਮਜ਼ਦੂਰਾਂ ਵਿਰੋਧੀ ਸੂਬਾਈ ਆਗੂਆਂ ਤੋਂ ਬੀਜੇਪੀ ਜਾਂ ਆਰ ਐਸ ਐਸ ਨਾਲ ਰਲੇ ਹੋਣ ਦਾ ਪ੍ਰਮਾਣ-ਪੱਤਰ ਲੈਣ ਦੀ ਜ਼ਰੂਰਤ ਨਹੀਂ, ਦਲਿਤਾਂ ਮਜ਼ਦੂਰਾਂ ਅਤੇ ਕਿਰਤੀ ਸਮਾਜ ਲਈ ਹਰ ਸਮੇਂ ਮਜਦੂਰ ਮੁਕਤੀ ਮੋਰਚਾ ਪੰਜਾਬ ਸੰਘਰਸ ਦੇ ਮੈਦਾਨ ਵਿਚ ਡਟਿਆ ਰਹੇਗਾ, ਅਤੇ ਕਿਸੇ ਵੀ ਰਾਜਨੀਤਕ ਦਲ ਵਿੱਚ ਸ਼ਾਮਲ ਨਹੀਂ ਹੋਵੇਗਾ। ਦਲਿਤ ਆਗੂ ਨੇ ਕਿਹਾ ਕਿ ਪੱਕੇ ਮਜਦੂਰ ਮੋਰਚੇ ਵਾਲੀ ਥਾਂ 'ਤੇ 1 ਮਈ ਨੂੰ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। 2 ਮਈ ਨੂੰ ਜਥੇਬੰਦੀ ਵੱਲੋਂ ਸੰਘਰਸ ਦੀ ਅਗਲੀ ਰਣਨੀਤੀ ਦਾ ਐਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਜਰਨੈਲ ਸਿੰਘ ਮਾਨਸਾ, ਜਗਦੇਵ ਸਿੰਘ ਜੱਗੂ, ਮੇਲਾ ਸਿੰਘ ਕੈਂਚੀਆਂ, ਰਾਜਵੀਰ ਕੌਰ ਹਸਨਪੁਰ ਤੇ ਮਮਤਾ ਰਾਣੀ ਮਾਨਸਾ ਆਦਿ ਵੀ ਮੌਜੂਦ ਸਨ।

## ਕਾਤਰਾਂ

### ਬਾਦਲ ਨੂੰ ਲੋਕ ਯਾਦ ਕਰਿਆ ਕਰਨਗੇ : ਡਿੰਪੀ ਢਿੱਲੋਂ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣਾ ਕਰ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਾਦਲ ਸਾਹਿਬ ਦਾ ਚਲੇ ਜਾਣਾ ਪੰਜਾਬ ਦੇ ਲੋਕਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ ਕਿਉਂਕਿ ਉਨਾਂ ਦੇ ਦਿਲ ਵਿੱਚ ਹਰ ਵਰਗ ਲਈ ਹਮਦਰਦੀ ਖਾਸ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਲਈ ਹਰ ਧਰਮ ਦਾ ਦਿਲੋਂ ਸਤਿਕਾਰ ਕਰਦੇ ਸਨ। ਉਨ੍ਹਾਂ ਨੂੰ ਜਦ ਵੀ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ, ਉਨ੍ਹਾਂ ਹਰ ਵਰਗ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਸਹੂਲਤਾਂ ਦਿੱਤੀ ਸਨ ਜਿਵੇਂ ਪੱਕੀਆਂ ਮੰਡੀਆਂ, ਲਿੰਕ ਸੜਕਾਂ, ਕਿਸਾਨਾਂ ਨੂੰ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਪੱਕੇ ਖਾਲ ,ਪੱਕੇ ਸੂਏ ਕੱਸੀਆਂ, ਫੋਰ ਲੇਨ ਸੜਕਾਂ, ਆਦਰਸ਼ ਸਕੂਲ, ਮੈਰੀਟੋਰੀਅਸ ਸਕੂਲ, ਆਟਾ ਦਾਲ ਸਕੀਮ, ਲੜਕੀਆਂ ਸ਼ਗਨ ਸਕੀਮ, ਲੜਕੀਆਂ ਲਈ ਸਾਇਕਲ, ਗਰੀਬਾਂ ਲਈ ਧਰਮਸ਼ਾਲਾ, ਵਿਰਾਸਤ ਏ ਖਾਲਸਾ, ਜੰਗ ਏ ਅਜ਼ਾਦੀ, ਫੋਕਲ ਪੁਆਇੰਟ, ਤੀਰਥ ਯਾਤਰਾ ਤੋਂ ਇਲਾਵਾ ਅਨੇਕਾਂ ਹੋਰ ਪੰਜਾਬ ਦੇ ਲੋਕਾਂ ਲਈ ਕੀਤੇ ਕੰਮ ਹਮੇਸ਼ਾ ਪ੍ਰਕਾਸ਼ ਸਿੰਘ ਬਾਦਲ ਦੀ ਯਾਦ ਨੂੰ ਤਾਜ਼ਾ ਰੱਖਣਗੇ ਤੇ ਲੋਕ ਇਨ੍ਹਾਂ ਨੂੰ ਸਦਾ ਯਾਦ ਰੱਖਣਗੇ।

### ਸੰਤ ਕਬੀਰ ਸਕੂਲ 'ਚ ਡਾਂਸ ਦਿਵਸ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸਕੂਲ ਵਿਖੇ ਅੰਤਰਰਾਸ਼ਟਰੀ ਡਾਂਸ ਦਿਵਸ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਛੋਟੇ ਬੱਚਿਆਂ ਦੁਆਰਾ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ ਸਟੇਜ 'ਤੇ ਧਮਾਲਾਂ ਪਾ ਦਿੱਤੀਆਂ ਤੇ ਵੱਖ-ਵੱਖ ਤਰ੍ਹਾਂ ਦੀਆਂ ਨਾਚ ਵੰਨਗੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਵਾਹ ਵਾਹ ਕਰਾ ਦਿੱਤੀ। ਬੱਚਿਆਂ ਨੂੰ ਵਿਸ਼ਵ ਭਰ ਵਿੱਚ ਅਭਿਆਸ ਕੀਤੇ ਗਏ ਵੱਖ-ਵੱਖ ਨਾਚ ਰੂਪਾਂ ਬਾਰੇ ਜਾਣੂ ਕਰਾਇਆ ਗਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵਧੀਆ ਡਾਂਸ ਫਾਰਮਾਂ ਦੇ ਨਾਲ ਪੈਰ ਟੈਪਿੰਗ ਸੰਗੀਤ ਦਾ ਆਨੰਦ ਮਾਣਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਪ੍ਰੋ. ਐਮ. ਐਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਮੈਡਮ ਸੋਨੀਆ ਧਵਨ ਤੇ ਰਚਨਾ ਜਿੰਦਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਰੋਮਾਂਚਕ ਤੇ ਮਨਮੋਹਕ ਪ੍ਰਦਰਸ਼ਨ ਲਈ ਵਧਾਈ ਦਿੱਤੀ।

### ਵਿਸ਼ਵ ਦੀ ਪਹਿਲੀ ਨੈਨੋ ਡੀ ਏ ਪੀ (ਤਰਲ) ਖਾਦ ਦੇਸ਼ ਨੂੰ ਕੀਤੀ ਸਮਰਪਤ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ੍ਰੀ ਅਮਨਦੀਪ ਸਹਾਇਕ ਫੀਲਡ ਮੈਨੇਜਰ ਇਫਕੋ ਨੇ ਦੱਸਿਆ ਕਿ ਖੇਤੀਬਾੜੀ ਉਤਪਾਦਕਤਾ ਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਉਦੇਸ਼ ਨਾਲ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਵਿਸ਼ਵ ਦੀ ਪਹਿਲੀ ਨੈਨੋ ਡੀਏਪੀ (ਤਰਲ) ਖਾਦ ਨੂੰ ਲਾਂਚ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਖਾਦ ਨੂੰ ਭਾਰਤ ਤੇ ਵਿਦੇਸ਼ਾਂ ਵਿੱਚ ਕਰੋੜਾਂ ਕਿਸਾਨਾਂ ਤੇ ਮੈਂਬਰ ਸਹਿਕਾਰੀ ਸਭਾਵਾਂ ਦੁਆਰਾ ਆਨਲਾਈਨ ਮਾਧਿਅਮ ਰਾਹੀ ਵੀ ਦੇਖਿਆ ਗਿਆ। ਇਫਕੋ ਨੇ ਨੈਨੋ ਡੀਏਪੀ ਦੇ ਉਤਪਾਦਨ ਲਈ ਗੁਜਰਾਤ ਦੇ ਕਲੋਲ, ਕਾਂਡਲਾ ਤੇ ਉੜੀਸਾ ਦੇ ਪਾਰਾਦੀਪ ਵਿੱਚ ਨਿਰਮਾਣ ਯੂਨਿਟ ਸਥਾਪਤ ਕੀਤੇ ਹਨ। ਇਸ ਸਾਲ ਨੈਨੋ ਡੀਏਪੀ ਦੀਆਂ 5 ਕਰੋੜ ਬੋਤਲਾਂ ਤਿਆਰ ਕੀਤੀਆਂ ਜਾਣਗੀਆਂ, ਜੋ 25 ਲੱਖ ਟਨ ਡੀਏਪੀ ਦੇ ਬਰਾਬਰ ਹੋਣਗੀਆਂ। ਨੈਨੋ ਡੀਏਪੀ (ਤਰਲ) ਨਾਈਟ੍ਰੋਜਨ ਤੇ ਫਾਸਫੋਰਸ ਦਾ ਇੱਕ ਵਧੀਆ ਸਰੋਤ ਹੈ, ਜੋ ਪੌਦਿਆਂ ਵਿੱਚ ਇਨ੍ਹਾਂ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਠੀਕ ਕਰਦਾ ਹੈ। ਖਾਦ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਸਹਿਕਾਰੀ ਸੰਸਥਾ ਇਫਕੋ ਵੱਲੋਂ ਵਿਕਸਤ ਤਰਲ ਖਾਦ ਨੈਨੋ ਡਾਈ ਅਮੋਨੀਅਮ ਫਾਸਫੇਟ (ਡੀਏਪੀ) ਨੂੰ 2 ਮਾਰਚ 2023 ਨੂੰ ਖਾਦ ਕੰਟਰੋਲ ਆਰਡਰ ਦੇ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੁਆਰਾ ਅਧਿਸੂਚਿਤ ਕੀਤਾ ਗਿਆ ਹੈ। ਨੈਨੋ ਡੀਏਪੀ (ਤਰਲ) ਇੱਕ ਵਾਤਾਵਰਣ ਅਨੁਕੂਲ ਉਤਪਾਦ ਹੈ, ਜੋ ਗਲੋਬਲ ਵਾਰਮਿੰਗ ਨੂੰ ਕਾਫ਼ੀ ਘੱਟ ਕਰੇਗਾ। ਉਨ੍ਹਾਂ ਦੱਸਿਆ ਕਿ ਇਫਕੋ ਕਿਸਾਨਾਂ ਦੀ ਬਿਹਤਰੀ ਲਈ ਆਧੁਨਿਕ ਖੇਤੀ ਤਕਨੀਕਾਂ ਤੇ ਕਾਢਾਂ ਦੀ ਵਰਤੋਂ 'ਤੇ ਲਗਾਤਾਰ ਕੰਮ ਕਰ ਰਹੀ ਹੈ।

# ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਸ਼ਰਧਾ ਪੂਰਵਕ ਮਨਾਇਆ



**ਨਾਭਾ (ਵਰਿੰਦਰ ਵਰਮਾ)**-ਸੰਤੋਸ਼ੀ ਮਾਤਾ ਮੰਦਰ ਦੁਲੱਦੀ ਗੇਟ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਵਸ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਮਹਾਰਾਣੀ ਪ੍ਰੀਤੀ ਸਿੰਘ (ਰਿਆਸਤ ਨਾਭਾ) ਵੱਲੋਂ ਕਿਹਾ ਗਿਆ ਕਿ ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਬਣਾਇਆ, ਜਿਸ ਅਨੁਸਾਰ ਪੂਰਾ ਦੇਸ਼ ਚੱਲਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਦੇਸ਼ ਨੂੰ ਬਹੁਤ ਵੱਡੀ ਦੇਣ ਹੈ। ਇਸ ਮੌਕੇ ਆਪਣੇ ਜੋਸ਼ੀਲੇ ਭਾਸਣ ਵਿੱਚ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ (ਦੇਵ ਮਾਨ) ਨੇ ਕਿਹਾ ਕਿ ਜੇਕਰ 85 ਪ੍ਰਤੀਸ਼ਤ ਲੋਕ ਇਕੱਠੇ ਹੋ ਜਾਣ ਤਾਂ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਇਆ ਜਾ ਸਕਦਾ ਹੈ। ਭਾਵਧਸ ਦੇ ਰਾਸ਼ਟਰੀ ਪ੍ਰਧਾਨ ਅਸ਼ਵਨੀ ਸਹੋਤਾ ਨੇ ਕਿਹਾ ਕਿ ਗਰੀਬਾਂ ਤੇ ਮਜ਼ਦੂਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਰਕਾਰ ਨੂੰ ਉਪਰਾਲੇ ਕਰਨੇ ਚਾਹੀਦੇ ਹਨ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਗੁਰਚਰਨ ਸਿੰਘ ਰਾਮਗੜ੍ਹ ਕਨਵੀਨਰ ਸੰਵਿਧਾਨ ਬਚਾਓ ਅੰਦੋਲਨ ਭਾਰਤ ਨੇ ਕਿਹਾ ਕਿ ਸਾਡੇ ਸਮਾਜ ਨੇ ਜਿੰਨੀ ਵੀ ਤਰੱਕੀ ਕੀਤੀ ਹੈ, ਉਹ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਬਦੌਲਤ ਹੋਈ। ਪ੍ਰੋਗਰਾਮ ਦੇ ਸੰਚਾਲਕ ਸ੍ਰੀ ਵੇਦ ਪ੍ਰਕਾਸ਼ ਕਾਲੀ, ਸੁਨੀਲ ਗਾਗਟ, ਰਿਸ਼ੀ ਮੱਟੂ, ਸੁਨੀਲ ਭਗਾਣੀਆ, ਗੁਰਸੇਵਕ ਧਾਲੀਵਾਲ, ਸੁਨੀਲ ਕੁਮਾਰ ਆਦਿ ਨੇ ਪ੍ਰੋਗਰਾਮ ਨੂੰ ਬੜੇ ਸੁਚਾਰੂ ਢੰਗ ਨਾਲ ਚਲਾਇਆ। ਨਗਰ ਕੌਂਸਲ ਦੇ ਪ੍ਰਧਾਨ ਸ੍ਰੀਮਤੀ ਸੁਜਾਤਾ ਚਾਵਲਾ ਦੇ ਪਤੀ ਪੰਕਜ ਪੱਪੂ ਨੇ ਵੀ ਹਿੱਸਾ ਪਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਵੀਰ ਸਿੰਘ ਛੀਟਾਂਵਾਲਾ, ਦੀਪ ਚੰਦ ਹੰਸ ਚੇਅਰਮੈਨ ਭਾਵਾਧਸ ਪਟਿਆਲਾ, ਕਰਨ ਧਾਲੀਵਾਲ, ਪ੍ਰਿੰਸ, ਕੇਵਲ ਸਿੰਘ ਲੇਬਰ ਯੂਨੀਅਨ, ਅਵਤਾਰ ਸਿੰਘ ਅਗੇਤੀ ਯੂਥ ਆਗੂ, ਦਰਸ਼ਨ ਸਿੰਘ ਰਾਮਗੜ੍ਹ ਛੰਨਾ ਸਾਬਕਾ ਪ੍ਰਧਾਨ ਬਸਪਾ, ਜੰਗ ਸਿੰਘ ਕੋਆਪ੍ਰੇਟਿਵ ਵਿਭਾਗ, ਰਾਮਧਨ ਸਿੰਘ ਸਾਬਕਾ ਡੀ.ਐਸੀ.ਪੀ, ਅਮਰ ਸਿੰਘ ਮਾਸਟਰ, ਬਲਦੇਵ ਸਿੰਘ ਫੌਜੀ, ਕੈਪਟਨ ਸੋਮ ਸਿੰਘ, ਬਾਬਾ ਗੁਰਕੀਰਤ ਸਿੰਘ ਅੱਚਲ ਪ੍ਰਧਾਨ ਦਲਿਤ ਭਲਾਈ ਫੈਡਰੇਸ਼ਨ ਪੰਜਾਬ, ਬੰਨੀ ਖਹਿਰਾ ਕਾਂਗਰਸ ਆਗੂ, ਸਿਮਰਨਜੀਤ ਸਿੰਘ ਸਾਹਨੀ, ਨਰਿੰਦਰਜੀਤ ਸਿੰਘ ਭਾਟੀਆ ਦੋਵੇਂ ਸਾਬਕਾ ਪ੍ਰਧਾਨ ਨਗਰ ਕੌਂਸਲ ਨਾਭਾ, ਐਮ.ਸੀ. ਨਾਗਪਾਲ, ਸਤਵਿੰਦਰ ਸਿੰਘ (ਚਰਨ ਗੈਸ), ਆਦਿ ਆਗੂਆਂ ਨੇ ਵੀ ਹਿੱਸਾ ਲਿਆ ਤੇ ਆਪਣੇ ਵਿਚਾਰ ਪੇਸ਼ ਕੀਤੇ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਵਰਨਣਯੋਗ ਹੈ ਕਿ ਮਹਾਰਾਣੀ ਪ੍ਰੀਤੀ ਸਿੰਘ, ਰਿਆਸਤ ਨਾਭਾ ਨੇ ਸੰਗਤ ਵਿੱਚ ਬੈਠ ਕੇ ਗੁਰੂ ਕਾ ਲੰਗਰ ਛਕਿਆ।

# ਅੱਠਵੀਂ ਕਲਾਸ 'ਚੋਂ ਬਲਪ੍ਰੀਤ, ਪ੍ਰਵੇਸ਼ ਤੇ ਲਵਪ੍ਰੀਤ ਨੇ ਬਾਜ਼ੀ ਮਾਰੀ

## ਨਿਸ਼ਠਾ ਗੋਇਲ ਨੇ ਪ੍ਰਾਪਤ ਕੀਤੇ 90 ਫ਼ੀਸਦੀ ਤੋਂ ਵੱਧ ਅੰਕ



**ਭੀਖੀ (ਧਰਮਵੀਰ ਸ਼ਰਮਾ)**-ਸ੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਦਾ ਅੱਠਵੀਂ ਕਲਾਸ ਦਾ ਨਤੀਜਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨਿਆ ਗਿਆ। ਇਸ ਵਿੱਚ ਸਕੂਲ ਦੇ ਸਾਰੇ ਹੀ ਬੱਚਿਆਂ ਨੇ ਵਧੀਆ ਅੰਕ ਪ੍ਰਾਪਤ ਕੀਤੇ, ਜਿਸ ਵਿੱਚੋਂ ਬਲਪ੍ਰੀਤ ਕੌਰ ਪੁੱਤਰੀ ਕਾਲਾ ਸਿੰਘ ਨੇ 600 ਅੰਕਾਂ ਵਿੱਚੋਂ 568 ਅੰਕ ਪ੍ਰਾਪਤ ਕਰਕੇ ਪਹਿਲਾ, ਪ੍ਰਵੇਸ਼ ਮਿੱਤਲ ਪੁੱਤਰ ਰਾਮ ਲਾਲ ਨੇ 563 ਅੰਕ ਪ੍ਰਾਪਤ ਕਰਕੇ ਦੂਜਾ ਤੇ ਲਵਪ੍ਰੀਤ ਪੁੱਤਰ ਅਸ਼ੋਕ ਕੁਮਾਰ 560 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਬਲਵਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ, ਯੁਵਰਾਜ ਪੁੱਤਰ ਨਰਿੰਦਰ ਪਾਲ, ਪ੍ਰਭਜੋਤ ਸਿੰਘ ਪੁੱਤਰ ਪ੍ਰਿਤਪਾਲ, ਖੁਸ਼ਪ੍ਰੀਤ ਸਿੰਘ ਪੁੱਤਰ ਗੁਲਾਬ ਸਿੰਘ, ਨਿਸ਼ਠਾ ਪੁੱਤਰੀ ਰਾਜ ਕੁਮਾਰ, ਸੁਖਮਨਦੀਪ ਕੌਰ ਪੁੱਤਰੀ ਸੁਖਚੈਣ ਸਿੰਘ, ਸੰਗਮ ਕੁਮਾਰੀ ਪੁੱਤਰੀ ਗਣੇਸ਼ ਕੁਮਾਰ, ਹਰਸ਼ਦੀਪ ਸ਼ਰਮਾ ਪੁੱਤਰੀ ਜੀਵਨ ਸਰਮਾਂ, ਗਤਿਸ਼ ਜੈਨ ਪੁੱਤਰ ਪ੍ਰਵੀਨ ਕੁਮਾਰ ਤੇ ਜਸ਼ਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਨੇ 90 ਪ੍ਰਤੀਸ਼ਤ ਅਤੇ ਉਸ ਤੋਂ ਵੱਧ ਅੰਕ ਪ੍ਰਾਪਤ ਕੀਤੇ। ਅੱਠਵੀਂ ਕਲਾਸ ਵਿੱਚ ਕੁੱਲ 59 ਵਿਦਿਆਰਥੀ ਸਨ, ਜਿਨ੍ਹਾਂ ਵਿੱਚੋਂ 13 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਅੰਕ, 20 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਅੰਕ ਤੇ 16 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਬੱਚਿਆਂ ਦੀਆਂ ਸ਼ਾਨਦਾਰ ਪ੍ਰਜ਼ੀਸ਼ਨਾਂ ਲਈ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ, ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਅੰਮ੍ਰਿਤ ਲਾਲ ਤੇ ਸਮੂਹ ਕਮੇਟੀ ਮੈਂਬਰਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

# ਆਤਮਾ ਸਿੰਘ ਦੀ ਯਾਦ 'ਚ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਲਾਇਆ



**ਸਰਦੂਲਗੜ੍ਹ (ਅਵਤਾਰ ਜਟਾਣਾ)**-'ਅਰਦਾਸ ਚੈਰੀਟੇਬਲ ਟਰੱਸਟ' ਵੱਲੋਂ ਸਵ: ਸੈਕਟਰੀ ਆਤਮਾ ਸਿੰਘ ਦੀ ਯਾਦ ਨੂੰ ਸਮਰਪਤ ਸਰਕਾਰੀ ਪ੍ਰਾਇਮਰੀ ਸਕੂਲ ਲੜਕਿਆਂ ਸਾਹਮਣੇ ਸਥਿਤ ਦਫ਼ਤਰ ਵਿਖੇ ਅੱਖਾਂ ਦੀ ਮੁਫ਼ਤ ਜਾਂਚ ਤੇ ਅਪ੍ਰੇਸ਼ਨ ਕੈਂਪ ਲਾਇਆ ਗਿਆ। ਸੰਸਥਾ ਮੈਂਬਰ ਅਵਿਨਾਸ਼ ਗਰਗ ਨੇ ਸਰਦੂਲਗੜ੍ਹ ਸਰਕਾਰੀ ਹਸਪਤਾਲ 'ਚ ਵਧੀਆ ਸੇਵਾਵਾਂ ਦੇਣ ਦੇ ਬਦਲੇ ਪੰਜਾਬ ਸਰਕਾਰ ਤੋਂ ਸਨਮਾਨਤ ਹੋਏ ਸੇਵਾਮੁਕਤ ਮੈਡੀਕਲ ਸਰਜਨ ਡਾ. ਪਿਯੂਸ਼ ਗੋਇਲ ਆਪਣੀਆਂ ਸੇਵਾਵਾਂ ਦਿੱਤੀਆਂ। ਕੈਂਪ ਦੌਰਾਨ 300 ਦੇ ਕਰੀਬ ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ ਤੇ ਦਵਾਈਆਂ, ਚਸ਼ਮੇ ਮੁਫ਼ਤ ਦਿੱਤੇ ਗਏ। ਸੰਸਥਾ ਪ੍ਰਧਾਨ ਗੁਰਪ੍ਰੀਤ ਸਿੰਘ ਤੇ ਸਾਬਕਾ ਪ੍ਰਧਾਨ ਗੁਰਲਾਲ ਸੋਨੀ ਨੇ ਦੱਸਿਆ ਕਿ ਇਲਾਕੇ ਦੇ ਦਾਨਵੀਰ ਅਤੇ ਸਹਿਯੋਗੀ ਸੱਜਣਾਂ ਦੀ ਬਦੌਲਤ ਇਹ ਸਮਾਜ ਸੇਵੀ ਸੰਸਥਾ ਵੱਲੋਂ ਕਈ ਪ੍ਰਕਾਰ ਦੇ ਲੋਕ ਭਲਾਈ ਕੰਮ ਸ਼ੁਰੂ ਕੀਤੇ ਹੋਏ ਹਨ। ਉਹ ਆਪਣੀ ਸੰਸਥਾ ਨਾਲ ਜੁੜੇ ਐਨ.ਆਰ.ਆਈ ਵੀਰਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਹਰ ਕਾਰਜ ਪੂਰਾ ਹੋਇਆ ਹੈ।

# ਬਾਬਾ ਮੋਨੀ ਜੀ ਕਾਲਜ ਵਿਖੇ ਪੋਸਟਰ ਮੇਕਿੰਗ ਮੁਕਾਬਲੇ ਕਰਾਏ

## ਸੁਪਿੰਦਰ, ਅਰਪਿੰਦਰ ਤੇ ਪਲਕ ਰਹੀਆਂ ਜੇਤੂ




ਪੋਸਟਰ ਮੇਕਿੰਗ ਮੁਕਾਬਲਿਆਂ 'ਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਆਪਣੇ ਬਣਾਏ ਵੱਖ-ਵੱਖ ਪੋਸਟਰਾਂ ਨਾਲ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਬਾਬਾ ਮੋਨੀ ਜੀ ਮਹਾਰਾਜ ਕਾਲਜ ਆਫ਼ ਨਰਸਿੰਗ ਵਿਖੇ ਰੈੱਡ ਰਿਬਨ ਕਲੱਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਲਜ ਵਿੱਚ ਬੀ.ਐਸ.ਸੀ ਭਾਗ-ਚੌਥਾ ਤੇ ਜੀ.ਐਨ.ਐਮ ਭਾਗ-ਤੀਜਾ ਦੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਪੋਸਟਰ ਮੇਕਿੰਗ ਮੁਕਾਬਲਿਆਂ ਜਿਵੇਂ ਪਰਵਾਰਕ ਯੋਜਨਾ, ਟਾਈਫਾਈਡ, ਡੇਂਗੂ, ਸ਼ੂਗਰ ਤੇ ਏਡਜ਼ ਮੁਕਾਬਲਿਆਂ ਵਿੱਚ ਹਿੱਸਾ ਲਿਆ ਗਿਆ ਤਾਂ ਜੁ ਸਮਾਜ ਨੂੰ ਇਨ੍ਹਾਂ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾ ਸਕੇ। ਮੁਕਾਬਲਿਆਂ ਦੇ ਜੇਤੂਆਂ ਵਿੱਚ ਸੁਪਿੰਦਰ ਕੌਰ (ਜੀ. ਐਨ. ਐਮ ਭਾਗ-ਤੀਜਾ) ਨੇ ਪਹਿਲਾ, ਅਰਪਿੰਦਰ ਕੌਰ (ਜੀ. ਐਨ. ਐਮ ਭਾਗ-ਤੀਜਾ) ਨੇ ਦੂਜਾ ਤੇ ਪਲਕ (ਬੀ. ਐਸ. ਸੀ ਭਾਗ-ਚੌਥਾ) ਨੇ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਭਾਗਿਆ ਲੱਛਮੀ ਨੇ ਦੱਸਣ ਮੁਤਾਬਕ ਹਰ ਸਾਲ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾ ਤੇ ਮੈਨਿਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਅੱਗੇ ਤੋਂ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਵਾਇਸ ਪ੍ਰਿੰਸੀਪਲ ਕਰਮਵੀਰ ਕੌਰ ਸਮੇਤ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਐੱਸ ਏ ਐੱਸ ਸਕੂਲ ਜੈਖਰ ਦਾ ਨਤੀਜਾ ਸ਼ਾਨਦਾਰ ਰਿਹਾ



**ਪਾਤੜਾਂ (ਪੱਤਰ ਪ੍ਰੇਰਕ)**

ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੈਕਟਰ ਦਾ ਅੱਠਵੀਂ ਕਲਾਸ ਦਾ ਨਤੀਜਾ ਸੌ ਪ੍ਰਤੀਸਤ ਰਿਹਾ। ਸਕੂਲ ਦੇ ਪ੍ਰਿੰਸੀਪਲ ਤੇ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਮੈਂਬਰ ਨਿਧਾਨ ਸਿੰਘ ਨੇ ਦੱਸਿਆ ਕਿ ਅੱਠਵੀਂ ਕਲਾਸ ਵਿੱਚੋਂ ਪਹਿਲਾ ਸਥਾਨ ਜਸਨਪ੍ਰੀਤ ਸਿੰਘ ਪੁੱਤਰ ਰਸ਼ਪਾਲ ਸਿੰਘ ਨੇ 96 ਫ਼ੀਸਦੀ ਅੰਕ ਪ੍ਰਾਪਤ ਕਰ ਕੇ ਹਾਸਲ ਕੀਤਾ ਹੈ, ਜਦੋਂਕਿ ਦੂਜੇ ਸਥਾਨ 'ਤੇ ਗੁਰਤਾਜ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੇ 85 ਫੀਸਦੀ ਅਤੇ ਤੀਜਾ ਸਥਾਨ ਸੁਖਮਨਪ੍ਰੀਤ ਕੌਰ ਸਪੁੱਤਰੀ ਬਲਵਿੰਦਰ ਸਿੰਘ ਨੇ 84 ਫੀਸਦੀ ਅੰਕ ਹਾਸਲ ਕਰਕੇ ਕੀਤਾ ਹੈ। ਉਨ੍ਹਾਂ ਸ਼ਾਨਦਾਰ ਪ੍ਰਦਰਸਨ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈਆਂ ਗਈਆਂ ਪ੍ਰੀਖਿਆਵਾਂ ਦੇ ਚੰਗੇ ਨਤੀਜੇ ਆਉਣ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ਼ ਤੇ ਮਾਪਿਆਂ ਵੱਲੋਂ ਦਿੱਤੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਪਿਛਲੇ 27 ਸਾਲਾਂ ਤੋਂ ਵਿੱਦਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਵਿਦਾਇਗੀ ਪਾਰਟੀ



**ਦੋਰਾਹਾ (ਹਰਮਿੰਦਰ ਸਿੰਘ ਸੇਠ)**

ਗੁਰੂ ਨਾਨਕ ਨੈਸ਼ਨਲ ਕਾਲਜ ਦੇ ਡਾ. ਈਸ਼ਵਰ ਸਿੰਘ ਯਾਦਗਾਰੀ ਹਾਲ ਵਿੱਚ ਕਾਲਜ ਦੇ ਸਹਾਇਕ ਕ੍ਰਮਚਾਰੀ ਸ਼੍ਰੀ ਹੰਸਰਾਜ ਸਿੰਘ ਦੀਆਂ ਸੇਵਾਵਾਂ ਲਈ ਉਨ੍ਹਾਂ ਦੇ ਸਨਮਾਨ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਤੇ ਸਮੂਹ ਸਟਾਫ਼ ਵੱਲੋਂ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ 36 ਸਾਲ ਤੱਕ ਕਾਲਜ ਨੂੰ ਆਪਣੀਆਂ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਨ ਉਪਰੰਤ 30 ਅਪ੍ਰੈਲ ਨੂੰ ਸ਼੍ਰੀ ਹੰਸਰਾਜ ਸਿੰਘ ਸੇਵਾਮੁਕਤ ਹੋਣ ਜਾ ਰਹੇ ਹਨ। ਉਨ੍ਹਾਂ ਆਪਣੇ ਲੰਮੇ ਕਾਰਜ ਕਾਲ ਦੌਰਾਨ ਸੇਵਾ ਨਿਭਾਉਂਦਿਆਂ ਕਾਲਜ ਨੂੰ ਬੜੀ ਲਗਨ ਤੇ ਮਿਹਨਤ ਨਾਲ ਆਪਣੀਆਂ ਜ਼ਿੰਮੇਵਾਰੀਆਂ ਨੂੰ ਨੇਪਰੇ ਚਾੜ੍ਹਿਆ। ਇਸ ਮੌਕੇ ਸ਼੍ਰੀ ਹੰਸਰਾਜ ਸਿੰਘ ਦੇ ਨਾਲ ਉਹਨਾਂ ਦੇ ਜੀਵਨ ਸਾਥਣ ਸ਼੍ਰੀਮਤੀ ਮਲਕੀਤ ਕੌਰ ਤੇ ਉਨ੍ਹਾਂ ਦੇ ਬੇਟੀ ਅਮਨਦੀਪ ਕੌਰ, ਬੇਟਾ ਰਣਜੀਤ ਸਿੰਘ, ਭਰਾ ਸ਼੍ਰੀ ਸੋਹਣ ਸਿੰਘ ਤੇ ਹੋਰ ਪਰਵਾਰਕ ਮੈਂਬਰ ਇਸ ਵਿਦਾਇਗੀ ਸਮਾਗਮ ਵਿੱਚ ਵਿੱਚ ਸ਼ਾਮਲ ਹੋਏ। ਉਨ੍ਹਾਂ ਦੀ ਆਮਦ 'ਤੇ ਕਾਲਜ ਪ੍ਰਬੰਧਕੀ ਕਮੇਟੀ, ਕਾਰਜਕਾਰੀ ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਗੁਲਦਸਤਾ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਕਾਲਜ ਪ੍ਰਬੰਧਕੀ ਕਮੇਟੀ ਵੱਲੋਂ ਅਸਿਸਟੈਂਟ ਸੈਕਟਰੀ ਸ਼੍ਰੀ ਆਦਰਸ਼ਪਾਲ ਬੈਕਟਰ, ਐਗਜ਼ੀਕਿਊਟਿਵ ਮੈਂਬਰ ਸਾਹਿਬਾਨ ਸ਼੍ਰੀ ਜੋਗਿੰਦਰ ਸਿੰਘ ਉਬਰਾਏ, ਸ਼੍ਰੀ ਨਵਨੀਤ ਸਿੰਘ ਮਾਂਗਟ, ਸ਼੍ਰੀ ਰਾਜਿੰਦਰ ਸਿੰਘ ਖ਼ਾਲਸਾ, ਸ਼੍ਰੀ ਇੰਦਰ ਸਿੰਘ ਨੇ ਉਚੇਚੇ ਤੌਰ 'ਤੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਸ਼੍ਰੀ ਆਦਰਸ਼ਪਾਲ ਬੈਕਟਰ ਨੇ ਸੰਬੋਧਨ ਕਰਦਿਆਂ ਹੰਸਰਾਜ ਸਿੰਘ ਦੁਆਰਾ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੀ ਚੰਗੀ ਸਿਹਤ ਲੰਮੀ ਉਮਰ ਤੇ ਜ਼ਿੰਦਗੀ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਡਾ. ਅਮਨਦੀਪ ਕੁਲਾਰ, ਪ੍ਰੋ. ਰਾਮਪਾਲ ਬੰਗਾ, ਡਾ. ਸੋਮਪਾਲ ਹੀਰਾ, ਸ਼੍ਰੀ ਅਮ੍ਰਿਤਵੀਰ ਸਿੰਘ ਅਤੇ ਸ਼੍ਰੀ ਗੁਰਪ੍ਰੀਤ ਸਿੰਘ ਨੇ ਸ਼੍ਰੀ ਹੰਸਰਾਜ ਸਿੰਘ ਦੀ ਸ਼ਖ਼ਸੀਅਤ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਸ਼੍ਰੀ ਹੰਸਰਾਜ ਸਿੰਘ ਨੇ ਕਾਲਜ ਪ੍ਰਬੰਧਕੀ ਕਮੇਟੀ ਤੇ ਸਮੂਹ ਸਟਾਫ਼ ਵਲੋਂ ਦਿੱਤੇ ਸਹਿਯੋਗ ਤੇ ਸਨੇਹ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਵਿੱਦਿਆ ਭਾਰਤੀ ਸਕੂਲ 'ਚ ਹੋਏ ਜ਼ਿਲ੍ਹਾ ਪੱਧਰੀ ਸੁੰਦਰ ਲਿਖਾਈ ਤੇ ਕੈਲੀਗ੍ਰਾਫ਼ੀ ਮੁਕਾਬਲੇ



**ਮਾਨਸਾ (ਆਤਮਾ ਸਿੰਘ ਪਮਾਰ)**

ਚੇਤਨ ਸਿੰਘ ਸਰਵਹਿਤਕਾਰੀ ਵਿੱਦਿਆ ਮੰਦਰ ਵਿਖੇ ਪ੍ਰਿੰਸੀਪਲ ਸ਼੍ਰੀ ਜਗਦੀਪ ਪਟਿਆਲ ਜੀ ਦੀ ਦੇਖ-ਰੇਖ ਵਿੱਚ ਹੋਏ ਫਸਵੇਂ ਮੁਕਾਬਲੇ ਸੰਪੰਨ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਮਾਨਸਾ ਜ਼ਿਲ੍ਹੇ ਦੇ ਲਗਪਗ ਪੰਦਰਾਂ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਨੇ ਭਾਗ ਲਿਆ। ਜੇਤੂਆਂ ਨੂੰ ਇਨਾਮ ਵੰਡਣ ਲਈ ਨਕਦ ਰਾਸ਼ੀ ਤਰਨਜੀਤ ਸਿੰਘ ਉਰਫ਼ ਬੌਬੀ ਤੇ ਉਨ੍ਹਾਂ ਦੇ ਬੇਟੇ ਐਡਵੋਕੇਟ ਇੰਦਰਪ੍ਰੀਤ ਸਿੰਘ ਵੱਲੋਂ ਦਿੱਤੀ ਗਈ ਅਤੇ ਜੇਤੂ ਬੱਚਿਆਂ ਨੂੰ ਮੈਡਲ ਤੇ ਇਨਾਮ ਅਮਰਜੀਤ ਕੌਰ ਸੁਪਰਵਾਈਜ਼ਰ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਦਿੱਤੇ ਗਏ। ਸੁੰਦਰ ਲਿਖਾਈ ਪੰਜਾਬੀ ਭਾਸ਼ਾ ਸੀਨੀਅਰ ਵਰਗ ਵਿੱਚ ਪਹਿਲਾ ਸਥਾਨ ਏਕਨੂਰ ਕੌਰ ਕਲਾਸ ਨੌਂਵੀਂ ਚੇਤਨ ਸਿੰਘ ਸਰਵਹਿਤਕਾਰੀ ਸਕੂਲ ਮਾਨਸਾ ਤੇ ਦੂਜਾ ਖੁਸ਼ਪ੍ਰੀਤ ਕੌਰ ਸਰਕਾਰੀ ਹਾਈ ਸਕੂਲ ਕੋਟ ਧਰਮੂ ਤੇ ਤੀਜਾ ਸਥਾਨ ਮਹਿਕਦੀਪ ਕੌਰ ਸਰਕਾਰੀ ਹਾਈ ਸਕੂਲ ਕੋਟ ਧਰਮੂ ਨੇ ਹਾਸਲ ਕੀਤਾ। ਇਸੇ ਤਰ੍ਹਾਂ ਸੁੰਦਰ ਲਿਖਾਈ ਪੰਜਾਬੀ ਜੂਨੀਅਰ ਵਰਗ ਵਿੱਚ ਪਹਿਲਾ ਸਥਾਨ ਮਨਵੀਰ ਸਿੰਘ ਚੇਤਨ ਸਿੰਘ ਸਰਵਹਿਤਕਾਰੀ ਸਕੂਲ ਮਾਨਸਾ ਤੇ ਦੂਜਾ ਰਾਬੀਆ ਸਿੱਧੂ ਚੇਤਨ ਸਿੰਘ ਸਰਵਹਿਤਕਾਰੀ ਸਕੂਲ ਮਾਨਸਾ ਤੇ ਤੀਜਾ ਸਥਾਨ ਹਿਤਾਂਸ਼ੂ ਪੁੱਤਰੀ ਰਕੇਸ਼ ਕੁਮਾਰ ਸੇਂਟ ਜੇਵੀਅਰ ਸਕੂਲ ਮਾਨਸਾ ਦੇ ਹਿੱਸੇ ਆਇਆ। ਕਰਸਿਵ ਇੰਗਲਿਸ਼ ਸੁੰਦਰ ਲਿਖਾਈ ਸੀਨੀਅਰ ਵਰਗ ਵਿੱਚ ਪਹਿਲਾ ਸਥਾਨ ਅਰਸ਼ਦੀਪ ਕੌਰ ਪੁੱਤਰੀ ਕੁਲਦੀਪ ਸਿੰਘ ਜਮਾਤ ਨੌਂਵੀ ਚੇਤਨ ਸਿੰਘ ਸਰਵਹਿੱਤਕਾਰੀ ਸਕੂਲ ਮਾਨਸਾ ਤੇ ਦੂਜਾ ਸਥਾਨ ਏਕਨੂਰ ਕੌਰ ਪੁੱਤਰੀ ਅਮਰੀਕ ਸਿੰਘ ਨੌਂਵੀਂ ਜਮਾਤ ਤੇ ਤੀਜਾ ਸ਼ਗਨਦੀਪ ਕੌਰ ਜਮਾਤ ਨੌਂਵੀਂ ਚੇਤਨ ਸਿੰਘ ਸਰਵਹਿਤਕਾਰੀ ਸਕੂਲ ਮਾਨਸਾ ਨੇ ਹਾਸਲ ਕੀਤਾ। ਕਰਸਿਵ ਇੰਗਲਿਸ਼ ਜੂਨੀਅਰ ਵਰਗ ਵਿੱਚ ਪਹਿਲਾ ਸਥਾਨ ਰਾਬੀਆ ਸਿੱਧੂ ਤੇ ਦੂਜਾ ਸਥਾਨ ਯਸ਼ਿਕਾ ਕਲਾਸ ਅੱਠਵੀਂ ਤੇ ਤੀਜਾ ਸਥਾਨ ਗੁਨਸੀਰਤ ਕੌਰ ਚੇਤਨ ਸਿੰਘ ਸਰਵਹਿੱਤਕਾਰੀ ਸਕੂਲ ਮਾਨਸਾ ਨੇ ਹਾਸਲ ਕੀਤਾ। ਇੰਗਲਿਸ ਕੈਲੀਗ੍ਰਾਫ਼ੀ ਸੀਨੀਅਰ ਗਰੁੱਪ ਵਿੱਚ ਏਕਨੂਰ ਕੌਰ, ਅਰਸ਼ਦੀਪ ਕੌਰ ਤੇ ਸ਼ਗਨਦੀਪ ਕੌਰ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ। ਇੰਗਲਿਸ਼ ਕੈਲੀਗ੍ਰਾਫੀ ਜੂਨੀਅਰ ਗਰੁੱਪ ਵਿੱਚ ਸੁਖਮਨਪ੍ਰੀਤ ਕੌਰ, ਰਾਬੀਆ ਸਿੱਧੂ ਤੇ ਆਂਚਲ ਚੇਤਨ ਸਿੰਘ ਸਰਵਹਿੱਤਕਾਰੀ ਸਕੂਲ ਮਾਨਸਾ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ। ਇਸ ਮੌਕੇ ਮੈਡਮ ਭੁਪਿੰਦਰ ਕੌਰ ਡੀ ਪੀ ਈ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਗੁਰਪ੍ਰੀਤ ਕੌਰ ਪੰਜਾਬੀ ਅਧਿਆਪਕਾ, ਪਰਮਜੀਤ ਕੌਰ ਤੇ ਮੈਡਮ ਸੁਮਨ ਨੇ ਵੀ ਵਿਚਾਰ ਪੇਸ਼ ਕੀਤੇ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ 'ਚ ਕਨਵੋਕੇਸ਼ਨ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ (ਜੀਜੀਐਸਐਮਸੀ) ਨੇ ਐਮਬੀਬੀਐਸ-2017 ਬੈਚ ਲਈ ਕਨਵੋਕੇਸ਼ਨ ਦਾ ਆਯੋਜਨ ਕੀਤਾ। ਇਸ ਸਮਾਰੋਹ ਵਿੱਚ ਵੱਖ-ਵੱਖ ਖੇਤਰਾਂ ਤੋਂ ਆਏ ਮਹਿਮਾਨਾਂ ਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ।

ਸਮਾਗਮ ਦੇ ਮੁੱਖ ਮਹਿਮਾਨ ਡਾ: ਐਸ.ਕੇ. ਜਿੰਦਲ ਤੇ ਹੋਰ ਪਤਵੰਤੇ ਵਿਧਾਇਕ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ, ਡਾ. ਰੂਹੀ ਦੁੱਗ, ਡੀ.ਸੀ. ਫ਼ਰੀਦਕੋਟ, ਡਾ. ਨਿਰਮਲ ਔਸਪਚਾਨ, ਰਜਿਸਟਰਾਰ, ਬੀ.ਐਫ.ਯੂ.ਐਚ.ਐਸ./ਐਸ.ਡੀ.ਐਮ ਜੈਤੋ, ਪ੍ਰੀਖਿਆ ਕੰਟਰੋਲਰ ਡਾ.ਐਸ.ਪੀ. ਸਿੰਘ, ਡੀਨ ਬੀ.ਐਫ.ਯੂ.ਐਚ.ਐਸ, ਡਾ. ਦੀਪਕ ਜੌਹਨ ਭੱਟੀ ਤੇ ਡਾ. ਰਾਜੀਵ ਸ਼ਰਮਾ, ਪ੍ਰਿੰਸੀਪਲ ਜੀ.ਜੀ.ਐਸ.ਐਮ.ਸੀ ਤੇ ਡਾ. ਸੀਲਖ ਮਿੱਤਲ, ਐਮ.ਐਸ, ਜੀ.ਜੀ.ਐਸ.ਐਮ.ਸੀ, ਫ਼ਰੀਦਕੋਟ ਸਮਾਗਮ ਵਿੱਚ ਹਾਜ਼ਰ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਸਵਾਗਤੀ ਭਾਸ਼ਣ ਅਤੇ ਆਰਗੇਨਾਈਜ਼ਿੰਗ ਚੇਅਰਮੈਨ ਡਾ. ਰਾਜੀਵ ਸ਼ਰਮਾ, ਪ੍ਰਿੰਸੀਪਲ ਜੀਜੀਐਸਐਮਸੀ ਦੁਆਰਾ ਕੀਤੀ ਗਈ, ਜਿਨ੍ਹਾਂ ਨੇ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਸੰਸਥਾ ਦੀਆਂ ਪ੍ਰਾਪਤੀਆਂ ਤੇ ਯੋਗਦਾਨ ਬਾਰੇ ਦੱਸਿਆ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ। ਉਨ੍ਹਾਂ ਦੱਸਿਆ ਕਿ ਸਮਾਗਮ ਤੋਂ ਬਾਅਦ ਜੀਜੀਐਸਐਮਸੀ ਤੋਂ ਐਮਬੀਬੀਐਸ ਕਰਨ ਵਾਲੇ 84 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ, 14 ਐਮਬੀਬੀਐਸ ਵਿਦਿਆਰਥੀਆਂ ਨੂੰ ਗੋਲਡ ਮੈਡਲ, 14 ਸਿਲਵਰ ਮੈਡਲ ਤੇ ਇੱਕ ਬੈਸਟ ਗ੍ਰੈਜੂਏਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਰੂਹੀ ਦੁੱਗ, ਡੀਸੀ ਫ਼ਰੀਦਕੋਟ ਤੇ ਜੀਜੀਐਸਐਮਸੀ ਦੇ ਸਾਬਕਾ ਵਿਦਿਆਰਥੀ ਨੇ ਆਪਣੇ ਸਨਮਾਨ ਭਾਸ਼ਣ ਵਿੱਚ ਇੱਕ ਮੈਡੀਕਲ ਪੇਸ਼ੇਵਰ ਵਜੋਂ ਆਪਣੇ ਤਜਰਬੇ ਸਾਂਝੇ ਕੀਤੇ ਤੇ ਕਿਵੇਂ ਜੀਜੀਐਸਐਮਸੀ ਤੋਂ ਉਸਦੀ ਸਿੱਖਿਆ ਨੇ ਉਸਦੇ ਕੈਰੀਅਰ ਵਿੱਚ ਉਸਦੀ ਮਦਦ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵੀ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਆਪਣੇ ਕੰਮ ਨੂੰ ਪਿਆਰ ਕਰਨ ਅਤੇ ਸਿੱਖਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਆਪਣੇ ਭਰਵੇਂ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਇੱਕ ਮਹਾਨ ਡਾਕਟਰ ਬਣਨ, ਕਿਉਂਕਿ ਇਹ ਕਿੱਤਾ ਬਹੁਤ ਸਾਰੇ ਮੌਕੇ ਪ੍ਰਦਾਨ ਕਰਦਾ ਹੈ, ਪਰ ਉਨ੍ਹਾਂ ਦਾ ਮੁੱਖ ਕੇਂਦਰ ਹਮੇਸ਼ਾ ਮਰੀਜ਼ ਦੀ ਭਲਾਈ ਕਰਨਾ ਹੋਣਾ ਚਾਹੀਦਾ ਹੈ ਤੇ ਕਿਹਾ ਕਿ ਲੋਕ ਹਮੇਸ਼ਾ ਇੱਕ ਮਿਹਨਤੀ ਡਾਕਟਰ ਤੇ ਇਮਾਨਦਾਰ ਵਿਅਕਤੀ ਨੂੰ ਯਾਦ ਰੱਖਦੇ ਹਨ। ਸਮਾਗਮ ਦੀ ਸਮਾਪਤੀ ਡਾ. ਨੀਤੂ ਕੁੱਕੜ, ਐਚ ਓ ਡੀ, ਆਈ ਐੱਚ ਬੀ ਟੀ, ਜੀ ਜੀ ਐਸ ਐਮ ਸੀ ਤੇ ਕਨਵੋਕੇਸਨ ਦੇ ਪ੍ਰਬੰਧਕੀ ਸਕੱਤਰ ਦੇ ਧੰਨਵਾਦ ਦੇ ਮਤੇ ਨਾਲ ਹੋਈ। ਉਨ੍ਹਾਂ ਕਿਹਾ ਕਿ ਕਨਵੋਕੇਸ਼ਨ ਨੂੰ ਸ਼ਾਨਦਾਰ ਸਫ਼ਲਤਾ ਮਿਲੀ, ਕਿਉਂਕਿ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਾਪੇ ਵੀ ਹਾਜ਼ਰ ਸਨ ਤੇ ਹਾਜ਼ਰ ਪਤਵੰਤਿਆਂ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ ਗਈ।

# ਰਜਿੰਦਰਾ ਹਸਪਤਾਲ 'ਚ ਐਮਰਜੈਂਸੀ ਦੇ ਨਵੀਨੀਕਰਨ ਦਾ ਉਦਘਾਟਨ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ




**ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਐਮਰਜੈਂਸੀ 'ਚ ਮਰੀਜ਼ਾਂ ਨੂੰ ਵਿਸ਼ਵ ਪੱਧਰੀ ਮਿਆਰੀ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਲਈ ਐਮਰਜੈਂਸੀ ਦੇ ਨਵੀਨੀਕਰਨ ਉਪਰੰਤ ਇਸ ਨੂੰ ਆਮ ਲੋਕਾਂ ਦੇ ਸਮਰਪਤ ਕਰਨ ਨੂੰ ਇੱਕ ਇਤਿਹਾਸਕ ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨਵੀਨੀਕਰਨ ਨਾਲ ਰਾਜਿੰਦਰਾ ਹਸਪਤਾਲ ਦੀ ਐਮਰਜੈਂਸੀ ਉੱਤਰੀ ਭਾਰਤ ਦੀ ਵੱਡੀ ਐਮਰਜੈਂਸੀ ਬਣ ਗਈ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਇਸ ਵੱਕਾਰੀ ਹਸਪਤਾਲ ਦੀ ਐਮਰਜੈਂਸੀ ਦਾ ਨਵੀਨੀਕਰਨ ਤੇ ਅਪਗ੍ਰੇਡ ਕਰਨਾ ਸੂਬੇ ਦੇ ਸਰਕਾਰੀ ਹਸਪਤਾਲਾਂ 'ਚ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ। ਇਸੇ ਦੌਰਾਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤੇ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਰਜਿੰਦਰਾ ਹਸਪਤਾਲ ਦੀ ਐਮਰਜੈਂਸੀ ਦਾ ਕਾਇਆਕਲਪ ਕਰਾ ਕੇ ਸੂਬਾ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦਿੱਤਾ ਹੈ। ਵਿਧਾਇਕ ਕੋਹਲੀ ਤੇ ਪਠਾਣਮਾਜਰਾ ਨੇ ਕਿਹਾ ਕਿ ਸਿਹਤ ਤੇ ਸਿੱਖਿਆ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਮੁੱਖ ਤਰਜ਼ੀਹਾਂ 'ਚ ਸ਼ਾਮਲ ਹੈ, ਇਸੇ ਲਈ ਰਜਿੰਦਰਾ ਹਸਪਤਾਲ 'ਚ ਲਗਾਤਾਰ ਵੱਡੇ ਸੁਧਾਰ ਹੋ ਰਹੇ ਹਨ। ਜਦੋਂਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਐਮਰਜੈਂਸੀ ਨੂੰ ਸਭ ਤੋਂ ਬਿਹਤਰ ਐਮਰਜੈਂਸੀ ਬਣਾਉਣ ਲਈ ਡਾ. ਸੁਧੀਰ ਵਰਮਾ ਦੀ ਅਗਵਾਈ ਹੇਠ ਗਠਿਤ 9 ਮੈਂਬਰੀ ਉੱਚ ਪੱਧਰੀ ਕਮੇਟੀ ਦੀ ਨਿਗਰਾਨੀ ਹੇਠ ਐਮਰਜੈਂਸੀ ਦੇ ਨਵੀਨੀਕਰਨ ਦਾ ਕੰਮ ਬਹੁਤ ਤੇਜ਼ੀ ਨਾਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਵੈਂਟੀਲੇਟਰ ਵਾਲੇ ਬੈਡ ਘੱਟ ਹੋਣ ਕਾਰਨ ਮਰੀਜ਼ ਪੀ.ਜੀ.ਆਈ. ਭੇਜਣੇ ਪੈਂਦੇ ਸਨ, ਪ੍ਰੰਤੂ ਹੁਣ ਇੱਥੇ 17 ਆਈ.ਸੀ.ਯੂ. ਬੈੱਡ ਲੱਗਣ ਨਾਲ ਇਹ 100 ਬਿਸਤਰਿਆਂ ਵਾਲੀ ਨਵੀਂ ਐਮਰਜੈਂਸੀ ਬਣ ਗਈ ਹੈ। ਹੁਣ ਇਸ ਨੂੰ 4 ਮਾਡਰਨ ਉਪਰੇਸ਼ਨ ਥੀਏਟਰਾਂ ਨੂੰ ਵੀ ਜੋੜ ਦਿੱਤਾ ਗਿਆ ਹੈ।

ਡਾ. ਬਲਬੀਰ ਸਿੰਘ ਨੇ ਇਸ ਮੌਕੇ ਪਟਿਆਲਾ ਹੈਲਥ ਫਾਊਂਡੇਸ਼ਨ ਯੂ.ਐਸ.ਏ. ਵੱਲੋਂ ਐਮਰਜੈਂਸੀ ਦੇ ਸਾਹਮਣੇ ਮਰੀਜ਼ਾਂ ਦੇ ਵਾਰਿਸਾਂ ਲਈ ਜਲ ਸੇਵਾ ਦੀ ਸ਼ੁਰੂਆਤ ਵੀ ਕਰਾਈ। ਉਨ੍ਹਾਂ ਕਿਹਾ ਕਿ ਮਰੀਜ਼ਾਂ ਦੇ ਵਾਰਿਸਾਂ ਦੇ ਬੈਠਣ ਲਈ ਵੀ ਜਗ੍ਹਾ ਬਣਾ ਦਿੱਤੀ ਗਈ ਹੈ ਤੇ ਮਰੀਜ਼ ਨੂੰ ਆਉਂਦੇ ਸਾਰ ਚੈੱਕ ਕਰਕੇ ਕਿਸ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨੀ ਹੈ, ਦਾ ਫ਼ੈਸਲਾ ਤਟਫਟ ਕਰ ਦਿੱਤਾ ਜਾਵੇਗਾ।

ਇਸ ਮੌਕੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਤੇ ਹਰਮੀਤ ਸਿੰਘ ਪਠਾਣਮਾਜਰਾ, ਮੈਡੀਕਲ ਸਿੱਖਿਆ ਦੇ ਵਧੀਕ ਸਕੱਤਰ ਰਾਹੁਲ ਗੁਪਤਾ, ਸਦਭਾਵਨਾ ਹਸਪਤਾਲ ਦੇ ਡਾ. ਸੁਧੀਰ ਵਰਮਾ, ਜਿਨ੍ਹਾਂ ਨੂੰ ਮੁੱਖ ਮੰਤਰੀ ਵੱਲੋਂ ਬਿਹਤਰ ਸੇਵਾਵਾਂ ਲਈ ਐਵਾਰਡ ਵੀ ਦਿੱਤਾ ਗਿਆ।

1-May-PAGE-8.qxd 4/30/2023 8:45 PM Page 1



## ਗੜ੍ਹਸ਼ੰਕਰ-ਨੰਗਲ ਸੜਕ ਬਣਾਉਣ ਦੀ ਮੰਗ ਨੂੰ ਲੈ ਕੇ ਕੰਢੀ ਸੰਘਰਸ਼ ਕਮੇਟੀ ਨੇ ਦਿੱਤਾ ਧਰਨਾ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਕੰਢੀ ਸੰਘਰਸ਼ ਕਮੇਟੀ ਵੱਲੋਂ ਅੱਜ ਕਮੇਟੀ ਦੇ ਸੂਬਾਈ ਕਨਵੀਨਰ ਦਰਸ਼ਨ ਸਿੰਘ ਮੱਟੂ ਦੀ ਅਗਵਾਈ ਹੇਠ ਗੜ੍ਹਸ਼ੰਕਰ-ਨੰਗਲ ਸੜਕ ਨੂੰ ਜਲਦ ਬਣਾਉਣ ਦੀ ਮੰਗ ਨੂੰ ਲੈ ਕੇ ਟਰੱਕ ਯੂਨੀਅਨ ਗੜ੍ਹਸ਼ੰਕਰ ਨਜ਼ਦੀਕ ਧਰਨਾ ਦੇ ਕੇ ਟਰੈਫਿਕ ਜਾਮ ਕੀਤਾ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਔਰਤਾਂ ਸਮੇਤ ਲੋਕਾਂ ਦੇ ਸ਼ਮੂਲੀਅਤ ਕੀਤੀ। ਇਸ ਮੌਕੇ ਕੰਢੀ ਸੰਘਰਸ਼ ਕਮੇਟੀ ਦੇ ਸੂਬਾਈ ਕਨਵੀਨਰ ਦਰਸ਼ਨ ਸਿੰਘ ਮੱਟੂ ਨੇ ਦੱਸਿਆ ਕਿ ਇਸ ਸੜਕ ਨੂੰ ਬਣਾਉਣ ਲਈ 9ਵਾਂ ਧਰਨਾ ਲਗਾਇਆ ਜਾ ਰਿਹਾ ਹੈ। ਪਰ ਹਾਲੇ ਤੱਕ ਸੜਕ ਜੰਗੀ ਪੱਧਰ 'ਤੇ ਬਣਨੀ ਸ਼ੁਰੂ ਨਹੀਂ ਹੋਈ ।

ਇਸ ਲਈ ਮਜਬੂਰ ਹੋ ਕੇ ਕੰਮ ਦੇ ਦਿਨਾਂ ਵਿੱਚ ਇਸ ਸੜਕ ਨੂੰ ਬਣਾਉਣ ਲਈ ਧਰਨਾ ਲਗਾਉਣਾ ਪਿਆ। ਇਸ ਮੌਕੇ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਗੁਰਨੇਕ ਸਿੰਘ ਭੱਜਲ ਨੇ ਇਸ ਘੋਲ ਦੀ ਹਿਮਾਇਤ ਕਰਦਿਆਂ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕੀਤਾ। ਇਸ ਮੌਕੇ ਕੰਢੀ ਸੰਘਰਸ਼ ਕਮੇਟੀ ਦੇ ਆਗੂ ਮਹਾ ਸਿੰਘ ਰੌੜੀ ਅਤੇ ਜਨਵਾਦੀ ਇਸਤਰੀ ਸਭਾ ਦੀ ਸੂਬਾਈ ਆਗੂ ਬੀਬੀ ਸੁਭਾਸ਼ ਮੱਟੂ ਅਤੇ ਹਰਭਜਨ ਅਟਵਾਲ ਨੇ ਦੱਸਿਆ ਕਿ ਪਿਛਲੇ ਲੰਮੇ ਅਰਸੇ ਤੋਂ ਗੜ੍ਹਸ਼ੰਕਰ-ਨੰਗਲ ਸੜਕ ਦੀ ਖਸਤਾ ਹਾਲਤ ਕਾਰਨ ਰੋਜ਼ਾਨਾ ਹਾਦਸੇ ਵਾਪਰ ਰਹੇ ਹਨ। ਜਿਸ ਕਾਰਨ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ। ਪਰ ਸਰਕਾਰ ਦੀ ਬੇਰੁਖੀ ਕਾਰਨ ਸੜਕ ਦੀ ਹਾਲਤ ਵਿਚ ਸੁਧਾਰ ਨਹੀਂ ਹੋਇਆ । ਇਸ ਮੌਕੇ ਚੌਧਰੀ ਅੱਛਰ ਸਿੰਘ ਨੇ ਕਿਹਾ ਕਿ ਸੜਕ ਦੀ ਖਸਤਾ ਹਾਲਤ ਕਾਰਨ ਨੰਗਲ ਰੋਡ ਤੇ ਉਡ ਰਹੀ ਧੂੜ-ਮਿੱਟੀ ਕਾਰਨ ਸਥਾਨਕ ਦੁਕਾਨਦਾਰਾਂ ਦਾ ਕੰਮ-ਧੰਦਾ ਬਿਲਕੁਲ ਠੱਪ ਹੋ ਚੁੱਕਾ ਹੈ। ਇਸ ਲਈ ਸੁੱਤੀ ਪਈ ਸਰਕਾਰ ਨੂੰ ਜਗਾਉਣ ਲਈ ਅੱਜ ਚੱਕਾ ਜਾਮ ਕੀਤਾ ਗਿਆ ਹੈ। ਉਕਤ ਆਗੂਆਂ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਸਰਕਾਰ ਸੜਕ ਦਾ ਜਲਦ ਤੋਂ ਜਲਦ ਨਿਰਮਾਣ ਕਰਵਾਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕਿਸਾਨ ਆਗੂ ਸ਼ੇਰ ਜੰਗ ਬਹਾਦਰ ਸਿੰਘ, ਡਾ. ਹਰਵਿੰਦਰ ਸਿੰਘ ਬਾਠ, ਤਲਵਿੰਦਰ ਸਿੰਘ ਹੀਰ, ਮੋਹਨ ਲਾਲ ਬੀਣੇਵਾਲ, ਸੁਰਿੰਦਰ ਕੌਰ ਚੁੰਬਰ, ਕੁਲਭੂਸ਼ਨ ਕੁਮਾਰ, ਪਰਮਜੀਤ ਪੰਮੀ, ਡਾ. ਜੋਗਿੰਦਰ ਸਿੰਘ ਕੁੱਲੇਵਾਲ, ਸੁੱਚਾ ਰਾਮ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਰਵਿੰਦਰ ਕੁਮਾਰ ਨੀਟਾ, ਜੋਗਿੰਦਰ ਸਿੰਘ ਥਾਧੀ, ਚੈਨ ਰਾਮ, ਗੋਪਾਲ ਸਿੰਘ ਥਾਂਧੀ, ਪ੍ਰੇਮ ਸਿੰਘ ਰਾਣਾ, ਗੋਲਡੀ ਗੋਲੀਆਂ, ਕਸ਼ਮੀਰ ਸਿੰਘ ਭੱਜਲ, ਜਗਜੀਤ ਸਿੰਘ, ਅਵਤਾਰ ਸਿੰਘ, ਰਾਕੇਸ਼ ਕਪੂਰ, ਮੁਕੇਸ਼ ਕਪੂਰ, ਅਸ਼ਵਨੀ ਰਾਣਾ, ਬਲਵੰਤ ਰਾਣਾ, ਜਰਨੈਲ ਸਿੰਘ, ਤਰਸੇਮ ਲਾਲ, ਰਸ਼ਪਾਲ ਕੌਰ, ਕਸ਼ਮੀਰ ਕੌਰ, ਰਾਣੋ ਲਹਿਰਾ, ਬਲਵਿੰਦਰ ਕੌਰ, ਹਰਜਿੰਦਰ ਸਿੰਘ ਮਾਹਲ ਆਦਿ ਹਾਜ਼ਰ ਸਨ।

## ਅਡੀਸ਼ਨਲ ਸਿਵਲ ਜੱਜ ਮਹੇਸ਼ ਕੁਮਾਰ ਵਿਦਾਇਗੀ ਮੌਕੇ ਵਿਸ਼ੇਸ਼ ਸਮਾਗਮ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਪਿਛਲੇ ਦਿਨੀਂ ਪੰਜਾਬ ਅਤੇ ਚੰਡੀਗੜ੍ਹ ਦੀਆਂ ਅਦਾਲਤਾਂ ਵਿੱਚ ਤਾਇਨਾਤ 108 ਜੱਜਾਂ ਦੇ ਤਬਾਦਲੇ ਕਰ ਦਿੱਤੇ ਗਏ ਸਨ । ਇਸੇ ਤਹਿਤ ਸੁਲਤਾਨਪੁਰ ਲੋਧੀ ਦੇ ਅਡੀਸ਼ਨਲ ਸਿਵਲ ਜੱਜ ਮਹੇਸ਼ ਕੁਮਾਰ ਹੁਣ ਸ੍ਰੀ ਮੁਕਤਸਰ ਸਾਹਿਬ ਦੇ ਅਡੀਸ਼ਨਲ ਸਿਵਲ ਜੱਜ ਹੋਣਗੇ । ਅੱਜ ਉਹਨਾਂ ਦੀ ਵਿਦਾਇਗੀ ਸਮੇਂ ਜੂਨੀਅਰ ਡਵੀਜ਼ਨ ਜੱਜ ਰਾਜਿੰਦਰਪਾਲ ਸਿੰਘ ਗਿੱਲ ਅਤੇ ਸੁਲਤਾਨਪੁਰ ਲੋਧੀ ਦੇ ਬਾਰ ਐਸੋਸੀਏਸਨ ਵੱਲੋਂ ਐਡਵੋਕੇਟ ਸਤਨਾਮ ਸਿੰਘ ਮੋਮੀ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਸਮਾਗਮ ਕਰਕੇ ਵਿਦਾਇਗੀ ਤੋਂ ਪਹਿਲਾਂ ਅਡੀਸਨਲ ਸਿਵਲ ਜੱਜ ਸ੍ਰੀ ਮਹੇਸ਼ ਕੁਮਾਰ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਵਿਦਾਇਗੀ ਸਮੇਂ ਬਾਰ ਐਸੋਸੀਏਸਨ ਸੁਲਤਾਨਪੁਰ ਲੋਧੀ ਵੱਲੋਂ ਫੁੱਲਾਂ ਦੇ ਗੁਲਦਸ਼ਤੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਰ ਐਸੋਸੀਏਸਨ ਦੇ ਪ੍ਰਧਾਨ ਸਤਨਾਮ ਸਿੰਘ ਮੋਮੀ ਨੇ ਕਿਹਾ ਕਿ ਸੀਨੀਅਰ ਡਵੀਜ਼ਨ ਜੱਜ ਮਹੇਸ ਕੁਮਾਰ ਨੇ ਗੁਰੂ ਦੀ ਨਗਰੀ 'ਚ ਆਪਣੀਆਂ ਬੇਹਤਰੀਨ ਸੇਵਾਵਾਂ ਲੰਮੇ ਸਮੇਂ ਤੱਕ ਦਿਤੀਆਂ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ ਦਿੱਤਾ। ਇਹ ਮੌਕੇ ਬਾਰ ਐਸੋਸੀਏਸਨ ਸੁਲਤਾਨਪੁਰ ਲੋਧੀ ਦੇ ਸਾਬਕਾ ਪ੍ਰਧਾਨ ਐਡਵੋਕੇਟ ਰਜਿੰਦਰ ਸਿੰਘ ਰਾਣਾ , ਤਰੁਣ ਕੰਬੋਜ ਸੈਕਟਰੀ ਬਾਰ ਐਸੋਸੀਏਸਨ, ਸਤਵੀਰ ਮਾਹੀਪਾਲ ਮੀਤ ਪ੍ਰਧਾਨ, ਰਾਜਵਿੰਦਰ ਕੌਰ ਜਾਇੰਟ ਸੈਕਟਰੀ, ਐਡਵੋਕੇਟ ਜਸਪਾਲ ਸਿੰਘ ਧੰਜੂ, ਵਿਕਾਸ ਦੀਪ ਸਿੰਘ ਨੰਡਾ, ਗੁਰਮੀਤ ਸਿੰਘ ਵਿਰਦੀ, ਗੁਰਮੀਤ ਸਿੰਘ ਢਿੱਲੋਂ, ਪਰਮਿੰਦਰ ਸਿੰਘ ਨੰਡਾ, ਤਾਰਾ ਚੰਦ ਉਪਲ, ਵਿਕਰਮਜੀਤ ਸਿੰਘ, ਹਰਮਨਪ੍ਰੀਤ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ ਮੋਮੀ ਅਤੇ ਸਮੂਹ ਸਟਾਫ ਹਾਜ਼ਰ ਸਨ।

## ਜੀ ਆਰ ਡੀ ਨਰਸਿੰਗ ਇਸਟੀਚਿਊਟ ਟਾਂਡਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ



**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)** ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਿਸਵ ਮਲੇਰੀਆ ਦਿਵਸ ਮਨਾਇਆ ਗਿਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪ੍ਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਨਵਜੋਤ ਕੌਰ ਦੀ ਅਗਵਾਈ ਵਿੱਚ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲੈਂਦੇ ਹੋਏ ਮਲੇਰੀਏ ਸਬੰਧੀ ਪੋਸਟਰ ਤੇ ਸਲੋਗਨ ਤਿਆਰ ਕਰਕੇ ਆਪਣੀ ਬਿਮਾਰੀ ਤੋਂ ਬਚਣ ਲਈ ਸੰਦੇਸ ਦਿੱਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਸੰਸਥਾ ਦੇ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਨਵਜੋਤ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਲੇਰੀਆ ਹੋਣ ਤੇ ਤੇਜ਼ ਬੁਖਾਰ ,ਸਿਰਦਰਦ ਥਕਾਵਟ ਰਹਿਣਾ ਆਦਿ ਪ੍ਰਮੁੱਖ ਲੱਛਣ ਹਨ। ਮਲੇਰੀਆ ਤੋਂ ਬਚਣ ਲਈ ਸਾਨੂੰ ਟੋਇਆਂ ਵਿੱਚ , ਪੁਰਾਣੇ ਟਾਇਰਾਂ, ਟੁੱਟੇ ਵਰਤਣਾ ਵਿਚ ਪਾਣੀ ਨਹੀਂ ਭਰਨ ਦੇਣਾ ਚਾਹੀਦਾ, ਇਸ ਤੋਂ ਇਲਾਵਾ ਸੌਣ ਸਮੇਂ ਮੱਛਰਦਾਨੀ ਜਾਂ ਮੱਛਰ ਵਿਰੋਧੀ ਕਰੀਮ ਦੀ ਵਰਤੋਂ ਕਰਨੀ ਚਾਹੀਦੀ ਹੈ ਇਸ ਤੋਂ ਇਲਾਵਾ ਸਾਨੂੰ ਪੂਰੇ ਤਨ ਢਕਣ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ, ਤਾ ਜੋ ਮੱਛਰ ਸਾਨੂੰ ਨਾ ਲੜ ਸਕੇ। ਇਸ ਮੌਕੇ ਪੋਸਟਰ ਤੇ ਸਲੋਗਨ ਮੁਕਾਬਲਿਆਂ ਵਿੱਚ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਵਾਇਸ ਪ੍ਰਿੰਸੀਪਲ ਰੇਨੂ ਬਾਲਾ, ਦਲਜਿੰਦਰ ਕੌਰ ,ਰੇਨੂੰ ਸਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਕਸਮੀਰ ਕੌਰ, ਜਸਲੀਨ ਕੌਰ, ਰਾਜਵੀਰ ਕੌਰ, ਸੀਮਾ ਜਾਜਾ, ਮੈਡਮ ਪਿੰਕੀ, ਰਜਨੀ ਸੈਣੀ, ਮੈਡਮ ਪਾਇਲ, ਸਿਮਰਨ ਕੌਰ, ਤੇਜਿੰਦਰ ਕੌਰ, ਬਲਜੀਤ ਕੌਰ ,ਸਿਮਰਨਜੀਤ ਕੌਰ, ਸਿਮਰਨ ਕੌਰ, ਮਨਦੀਪ ਕੌਰ, ਮਨਜੀਤ ਕੌਰ, ਰਜਿੰਦਰ ਕੌਰ, ਨਵਪ੍ਰੀਤ ਕੌਰ, ਬਲਜੀਤ ਕੌਰ, ਹਰਦੀਪ ਕੌਰ, ਰਾਜਵਿੰਦਰ ਕੌਰ ਆਦਿ ਵੀ ਮੌਜੂਦ ਸਨ।

## ਅੱਠਵੀਂ ਦੇ ਨਤੀਜੇ : ਜ਼ਿਲ੍ਹੇ 'ਚੋਂ ਪਹਿਲੀਆਂ ਦੋ ਪੁਜ਼ੀਸ਼ਨਾਂ 'ਚ ਫਿਲੌਰ ਛਾਇਆ



**ਫਿਲੌਰ (ਨਿਰਮਲ)**- ਸਥਾਨਕ ਬਾਬਾ ਬ੍ਰਹਮ ਦਾਸ ਸਕੂਲ ਦੀ ਦਿਵਿਆ ਪੁੱਤਰੀ ਪਰਮਜੀਤ ਲਾਲ ਵਾਸੀ ਪਿੰਡ ਰਾਮਗੜ੍ਹ ਨੇ ਅੱਠਵੀਂ ਦੇ ਨਤੀਜਿਆਂ 'ਚ ਜ਼ਿਲ੍ਹੇ 'ਚੋਂ ਪਹਿਲਾ ਅਤੇ ਪੰਜਾਬ 'ਚੋਂ ਸੱਤਵਾਂ ਰੈਂਕ ਹਾਸਲ ਕੀਤਾ। ਪਿੰਡ ਅੱਟੀ ਦੇ ਸ੍ਰੀ ਦਸਮੇਸ਼ ਕਾਨਵੈਂਟ ਸਕੂਲ ਦੀ ਵਿਦਿਆਰਥਣ ਹਰਮਨਜੀਤ ਕੌਰ ਪੁੱਤਰੀ ਜਸਬੀਰ ਸਿੰਘ ਨੇ ਜ਼ਿਲ੍ਹੇ 'ਚੋਂ ਦੂਜਾ ਅਤੇ ਪੰਜਾਬ 'ਚੋਂ ਅੱਠਵਾਂ ਰੈਂਕ ਹਾਸਲ ਕੀਤਾ। ਪਹਿਲੇ ਸਥਾਨ 'ਤੇ ਆਈ ਦਿਵਿਆ ਵਿਸ਼ੇਸ਼ ਲੋੜਾਂ ਵਾਲੀ ਬੱਚੀ ਵਜੋਂ ਦਰਦ ਹੰਢਾ ਰਹੀ ਹੈ। ਉਸ ਦੇ ਪਿਤਾ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਪਾਲਣ ਕਰਦੇ ਹਨ। ਮਾਤਾ ਲੋਕਾਂ ਦੇ ਘਰਾਂ 'ਚ ਕੰਮ ਕਰਕੇ ਆਪਣੀ ਕਬੀਲਦਾਰੀ ਨੂੰ ਤੋਰਨ 'ਚ ਮਦਦ ਕਰਦੀ ਹੈ। ਦੂਸਰੇ ਸਥਾਨ 'ਤੇ ਆਈ ਹਰਮਨਜੀਤ ਕੌਰ ਡਾਕਟਰ ਬਣਨਾ ਚਾਹੁੰਦੀ ਹੈ। ਉਸ ਦੇ ਪਿਤਾ ਕਾਰ ਮਕੈਨਿਕ ਹਨ ਅਤੇ ਮਾਤਾ ਘਰੇਲੂ ਔਰਤ ਹੈ। ਇਹ ਵਿਦਿਆਰਥਣ 17 ਸਾਲ ਵਰਗ 'ਚ ਰੱਸਾਕਸ਼ੀ ਟੀਮ ਦੀ ਸਟੇਟ ਪੱਧਰ 'ਤੇ ਸਕੂਲ ਦੀ ਕਪਤਾਨ ਵਜੋਂ ਭਾਗ ਲੈ ਚੁੱਕੀ ਹੈ। ਪੰਜਾਬ ਪੱਧਰ 'ਤੇ 12ਵਾਂ ਰੈਂਕ ਹਾਸਲ ਕਰਨ ਵਾਲੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਹ ਵੀ ਪੜ੍ਹ ਕੇ ਡਾਕਟਰ ਬਣਨਾ ਚਾਹੁੰਦੀ ਹੈ ਅਤੇ ਉਸ ਦੇ ਪਿਤਾ ਬਾਈਕ ਮਕੈਨਿਕ ਹਨ ਅਤੇ ਮਾਤਾ ਘਰੇਲੂ ਔਰਤ ਹੈ। ਇਸ ਮੌਕੇ ਸਕੂਲ ਪ੍ਰਬੰਧਕ ਚਰਨਜੀਤ ਸਿੰਘ ਤੇ ਸੁਖਦੀਪ ਸਿੰਘ, ਪ੍ਰਿੰਸੀਪਲ ਬਲਜਿੰਦਰ ਕੁਮਾਰ ਅਤੇ ਉਪ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਦੋ ਮੈਰਿਟਾਂ ਹਾਸਲ ਕਰਨਾ ਸਕੂਲ ਦੇ ਮਿਹਨਤੀ ਸਟਾਫ ਦੀ ਪ੍ਰਾਪਤੀ, ਮਾਪਿਆਂ ਦਾ ਸਹਿਯੋਗ ਅਤੇ ਵਿਦਿਆਰਥੀਆਂ ਦੀ ਲਗਨ ਹੈ।

## ਨੌਜਵਾਨ ਪੀੜ੍ਹੀ ਦੀ ਬਿਹਤਰੀ ਲਈ ਨੈਤਿਕ ਕਦਰਾਂ ਕੀਮਤਾਂ ਸੰਬੰਧੀ ਸੈਮੀਨਾਰ



**ਸੁਲਤਾਨਪੁਰ ਲੋਧੀ, ( ਹਨੀ )** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵਿਦਿਆਰਥੀਆਂ ਵਿੱਚ ਮਨੋਹਰ ਸਖਸੀਅਤ ਉਸਾਰੀ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਪ੍ਰਚਾਰ ਸੰਬੰਧੀ ਵਿਚਾਰ ਗੋਸ਼ਟੀ ਕਰਵਾਈ ਗਈ । ਵਿਦਿਆਰਥੀ ਪੰਜਾਬੀਆਂ ਦੇ ਭਵਿੱਖ ਬਾਰੇ ਸਵਾਲਾਂ ਦੇ ਰੂ-ਬ-ਰੂ ਹੋਏ। ਸਮਾਗਮ ਵਿਚ ਪਹੁੰਚੇ ਸਤਨਾਮ ਸਿੰਘ ਸਲੋਪੁਰੀ ਲੁਧਿਆਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਣੀ ਸੁਨਣਾ, ਬਾਣੀ ਬੋਲਣਾ, ਬਾਣੀ ਪੜ੍ਹਨਾ ਬਹੁਤ ਜਰੂਰੀ ਹੈ। ਬਾਣੀ ਪੜ੍ਹਨ ਨਾਲ ਜ਼ਿੰਦਗੀ ਜਿਊਣ ਦੀ ਜਾਂਚ ਆਉਂਦੀ ਹੈ। ਜ਼ਿਆਦਾਤਰ ਲੋਕਾਂ ਨੂੰ ਧਰਮੀ ਹੋਣ ਦਾ ਭਰਮ ਪਾਲਣ ਦਾ ਬਹੁਤ ਸ਼ੌਂਕ ਹੈ, ਪਰ ਧਰਮ ਦਾ ਘਰ ਬਹੁਤ ਦੂਰ ਹੈ, ਕਿਉਂਕਿ ਧਰਮ ਦੇ ਘਰ ਵਿਚ ਪਹੁੰਚਣ ਤੋਂ ਪਹਿਲਾਂ ਹਰ ਕਿਸਮ ਦੀਆਂ ਸਮਾਜਿਕ ਕੁਰੀਤੀਆਂ ਦਾ ਤਿਆਗ ਕਰਨਾ ਪੈਂਦਾ ਹੈ । ਇਸ ਲਈ ਗੁਰਬਾਣੀ ਨਾਲ ਜੁੜਨਾ ਜ਼ਰੂਰੀ ਹੈ। ਜੇਕਰ ਅਸੀਂ ਗੁਰਬਾਣੀ ਨਾਲ ਨਹੀਂ ਜੁੜਦੇ, ਖੁਦ ਗੁਰਬਾਣੀ ਪੜ੍ਹ ਕੇ ਉਸ ਉੱਪਰ ਅਮਲ ਨਹੀਂ ਕਰਦੇ ਤਾਂ ਸਮਾਜਿਕ ਕੁਰੀਤੀਆਂ ਦਾ ਤਿਆਗ ਕਰਨ ਵਿਚ ਕਾਮਯਾਬੀ ਨਹੀਂ ਮਿਲੇਗੀ। ਗੁਰਬਾਣੀ ਵਿੱਚ ਹਰ ਤਰਾਂ ਦੇ ਸਵਾਲਾਂ ਦਾ ਜਵਾਬ ਮਿਲ ਜਾਂਦਾ ਹੈ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਪ੍ਰਸਾਸਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਰੇਨੂੰ ਅਰੋੜਾ ਅਤੇ ਸਟਾਫ਼ ਮੈਂਬਰ ਹਾਜ਼ਰ ਸਨ ।

## ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਜਲੰਧਰ 'ਚ ਚਾਂਦਨੀ ਚੌਕ ਤੋਂ ਸਰਹਿੰਦ ਤੱਕ ਨਾਟਕ ਦਾ ਹੋਇਆ ਮੰਚਨ



**ਕਾਲਾ ਸੰਘਿਆਂ (ਮਨਜੀਤ ਮਾਨ)**- ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਜਲੰਧਰ ਵਿਖੇ ਨਾਟ ਕਲਾ ਕੇਂਦਰ ਜਲੰਧਰ ਦੇ ਪ੍ਰੋਡਿਊਸਰ ਤੇ ਡਾਇਰੈਕਟਰ ਪ੍ਰਿਤਪਾਲ ਸਿੰਘ ਤੇ ਕਾਲਜ ਦੇ ਪ੍ਰਿੰਸੀਪਲ ਮੈਡਮ ਡਾਕਟਰ ਨਵਜੋਤ ਕੌਰ ਦੀ ਅਗਵਾਈ ਹੇਠ ਨਾਟਕ ਚਾਂਦਨੀ ਚੌਕ ਤੋਂ ਸਰਹਿੰਦ ਤੱਕ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮਨਜੀਤ ਸਿੰਘ ਬਿਲਾਸਪੁਰ ਐਮ ਐਲ ਏ ਚੇਅਰਮੈਨ ਵਿਧਾਨ ਸਭਾ ਵੈਲਫੇਅਰ ਸੁਸਾਇਟੀ ਚੰਡੀਗੜ੍ਹ ,, ਵਿਸੇਸ ਮਹਿਮਾਨ ਅਮਰਜੋਤ ਸਿੰਘ ਇੰਚਾਰਜ ਦੋਆਬਾ ਜੋਨ ਸਰਬੱਤ ਦਾ ਭਲਾ ਟਰੱਸਟ, ਵਿਸੇਸ ਮਹਿਮਾਨ ਡਾਕਟਰ ਜਸਲੀਨ ਕੌਰ ਸੀ ਈ ਓ ਆਰਥੋਨੋਵਾ ਹਸਪਤਾਲ ਜਲੰਧਰ , ਸਾਂਈਂ ਮਧੂ ਪ੍ਰਧਾਨ ਸੰਤ ਸਮਾਜ ਭਾਰਤ , ਵਿਸੇਸ ਮਹਿਮਾਨ ਮਨਜੀਤ ਮਾਨ ਪੱਤਰਕਾਰ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ , ਸੂਬਾ ਸਰਪ੍ਰਸਤ ਜੇ ਐਸ ਸੰਧੂ , ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਪ੍ਰੀਤ ਸੰਗੋਜਲਾ ਵਿਸ਼ੇਸ਼ ਤੌਰ 'ਤੇ ਸਾਮਲ ਹੋਏ ਸਰੋਤਿਆਂ ਨੇ ਚਾਂਦਨੀ ਚੌਕ ਤੋਂ ਸਰਹਿੰਦ ਤੱਕ ਨਾਟਕ ਦਾ ਖੂਬ ਆਨੰਦ ਮਾਣਿਆ ਇਸ ਨਾਟਕ ਨੇ ਹਰ ਇੱਕ ਨੂੰ ਭਾਵਕ ਕਰ ਦਿੱਤਾ ।

## ਸੇਫ ਸਕੂਲ ਵਾਹਨ ਸਕੀਮ ਤਹਿਤ ਚੈਕਿੰਗ ਦੌਰਾਨ ਸਕੂਲੀ ਬੱਸਾਂ ਦੇ ਕੱਟੇ ਚਲਾਨ



**ਹੁਸ਼ਿਆਰਪੁਰ, (ਓ ਪੀ ਰਾਣਾ )**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ ਅਨੁਸਾਰ ਅੱਜ ਜ਼ਿਲ੍ਹਾ ਪੱਧਰੀ ਇੰਸਪੈਕਸ਼ਨ ਕਮੇਟੀ ਦੁਆਰਾ ਸੇਫ ਸਕੂਲ ਵਾਹਨ ਸਕੀਮ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਚੈਕਿੰਗ ਦੌਰਾਨ ਜੈਨ ਡੇਅ ਬੋਰਡਿੰਗ ਸਕੂਲ ਊਨਾ ਰੋਡ, ਹੈਲੋ ਕਿਡਜ਼ ਸਕੂਲ ਊਨਾ ਰੋਡ, ਲਿਟਲ ਫਲਾਵਰ ਸਕੂਲ, ਡਿਪਸ ਸਕੂਲ ਹਰਿਆਣਾ ਅਤੇ ਡੀ. ਏ. ਵੀ ਮਾਡਲ ਸਕੂਲ ਹਰਿਆਣਾ ਦੀਆਂ ਬੱਸਾਂ ਵਿਚ ਸੇਫ ਸਕੂਲ ਵਾਹਨ ਸਕੀਮ ਤਹਿਤ ਕਮੀਆਂ ਪਾਈਆਂ ਗਈਆਂ, ਜਿਨ੍ਹਾਂ 'ਤੇ ਕਾਰਵਾਈ ਕਰਦਿਆਂ ਚਲਾਨ ਕੱਟੇ ਗਏ ਅਤੇ ਸਕੂਲ ਪ੍ਰਿੰਸੀਪਲਾਂ ਨੂੰ ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਮੁਹਾਲੀ ਵੱਲੋਂ ਜਾਰੀ ਹਦਾਇਤਾਂ, ਜਿਵੇਂ ਕਿ ਸਕੂਲ ਸਟਾਫ ਦੀ ਪੁਲਿਸ ਵੈਰੀਫਿਕੇਸ਼ਨ ਅਤੇ ਸਕੂਲ ਬਿਲਡਿੰਗ ਵਿਚ ਸੀ. ਸੀ. ਟੀ. ਵੀ ਕੈਮਰੇ ਲਗਾਉਣ, ਗੁੱਡ ਅੱਚ-ਬੈਡ ਅੱਚ ਅਤੇ ਲੜਕੇ-ਲੜਕੀਆਂ ਅਤੇ ਸਟਾਫ ਦੇ ਅਲੱਗ-ਅਲੱਗ ਬਾਥਰੂਮਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਏ. ਐਸ. ਆਈ ਪ੍ਰਸ਼ੋਤਮ ਲਾਲ ਨੇ ਸਕੂਲੀ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਅੰਡਰ ਏਜ ਡਰਾਈਵਿੰਗ ਨਾ ਕਰਨ ਦੀ ਸਲਾਹ ਦਿੱਤੀ ਗਈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਹ ਚੈਕਿੰਗ ਮੁਹਿੰਮ ਲਗਾਤਾਰ ਜਾਰੀ ਰੱਖੀ ਜਾਵੇਗੀ ਅਤੇ ਨਿਯਮਾਂ ਦਾ ਪਾਲਣ ਨਾ ਕਰਨ ਵਾਲਿਆਂ ਖਿਲਾਫ਼ ਨਿਯਮਾਂ ਅਨੁਸ;ਰ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਬਾਲ ਸੁਰੱਖਿਆ ਅਫ਼ਸਰ ਯੋਗੇਸ਼ ਕੁਮਾਰਠ ਲੀਗਲ ਅਫ਼ਸਰ ਸੁਖਜਿੰਦਰ ਸਿੰਘ, ਪ੍ਰਿੰਸੀਪਲ ਅੱਜੋਵਾਲ ਸਕੂਲ ਚਰਨ ਸਿੰਘ ਅਤੇ ਟ੍ਰਾਂਸਪੋਰਟ ਅਫ਼ਸਰ ਹੁਸ਼ਿਆਰਪੁਰ ਦੇ ਨੁਮਾਇੰਦੇ ਰਵਿੰਦਰ ਸ਼ਰਮਾ ਵੀ ਮੌਜੂਦ ਸਨ।

## ਪਿੰਡ ਫਤਿਹ ਜਲਾਲ ਵਿਖੇ ਪ੍ਰਾਇਮਰੀ ਸਮਾਰਟ ਸਕੂਲ 'ਚ ਚੈਰਿਟੀ ਸੈਮੀਨਾਰ




**ਕਰਤਾਰਪੁਰ (ਹਰਮੇਸ਼ ਦੱਤ )** - ਵਧੀਕ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਪੀ ਪੀ ਐਸ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਮਨਪ੍ਰੀਤ ਸਿੰਘ ਪੀ ਪੀ ਐਸ ਪੁਲਸ ਕਪਤਾਨ ਤਫਤੀਸ਼ ਜਲੰਧਰ ਦਿਹਾਤੀ ਜੀ ਦੀ ਦੇਖ ਰੇਖ ਹੇਠ ਮਿਤੀ 28 ਅਪ੍ਰੈਲ ਨੂੰ ਸਬ ਡਵੀ ਸਾਂਝ ਕੇਂਦਰ ਕਰਤਾਰ ਪੁਰ ਵੱਲੋਂ ਇੰਚਾਰਜ ਜਿਲਾ ਸਾਂਝ ਕੇਂਦਰ ਇੰਸਪੈਕਟਰ ਪੂਰਨ ਸਿੰਘ ਜੀ ਦੀ ਸੁਪਰਵਿਜ਼ਨ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਫਤਿਹ ਜਲਾਲ ਕਰਤਾਰਪੁਰ ਜਿਲਾ ਜਲੰਧਰ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ ।ਸੈਮੀਨਾਰ ਵਿੱਚ ਸਕੂਲ ਦੇ ਪਹਿਲੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਦੇ ਲੋੜਵੰਦ 50 ਬੱਚਿਆਂ ਨੂੰ ਕਾਪੀਆਂ ਅਤੇ ਜੁਮੈਟਰੀ ਬਾਕਸ ਵੰਡੇ ਗਏ। ਇਸ ਮੌਕੇ ਏ ਐਸ ਆਈ ਜਗਤਾਰ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ,ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਜਾਣਕਾਰੀ ਦਿੱਤੀ ਗਈ । ਇਸ ਮੌਕੇ ਡੀ ਏ ਵੀ ਹਾਈ ਸਕੂਲ ਕਰਤਾਰਪੁਰ ਦੇ ਪ੍ਰਿੰਸੀਪਲ ਮੁਕੇਸ਼ ਕੁਮਾਰ ਵੱਲੋਂ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਤੇ ਟੀਚਰਾਂ ਦੇ ਆਗਿਆਕਾਰੀ ਬਣਨ, ਮਨ ਲਗਾ ਕੇ ਪੜ੍ਹਨ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕੀਤਾ ਗਿਆ । ਸੈਮੀਨਾਰ ਵਿੱਚ ਸਕੂਲ ਦੀ ਹੈੱਡ ਟੀਚਰ ਮੈਡਮ ਡਿੰਪਲ ਸ਼ਰਮਾ , ਮਨਦੀਪ ਸਿੰਘ ਈ ਟੀ ਟੀ ਟੀਚਰ , ਮੈਡਮ ਰਾਣੀ ਬਾਲਾ ਅਤੇ ਸਕੂਲ ਦਾ ਹੋਰ ਸਟਾਫ ਹਾਜ਼ਰ ਸੀ ।

## ਇੰਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦਾ ਜੇ ਈ ਈ ਮੇਨਜ਼ 'ਚ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ)** : ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਅਪ੍ਰੈਲ-2023 ਵਿੱਚ ਕਰਵਾਈ ਗਈ ਜੇ.ਈ.ਈ. ਇੰਨੋਸੈਂਟ ਹਾਰਟਸ ਗ੍ਰੀਨ ਮਾਡਲ ਟਾਊਨ ਦੇ ਵਿਦਿਆਰਥੀਆਂ ਦਾ ਮੁੱਖ ਪ੍ਰੀਖਿਆ ਵਿੱਚ ਪ੍ਰਤੀਸ਼ਤ ਅੰਕ ਸ਼ਾਨਦਾਰ ਰਿਹਾ। ਜਯੇਸ਼ ਪੰਡਿਤ ਨੇ ਇਸ ਪ੍ਰੀਖਿਆ ਵਿੱਚ 99.36 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਜਦਕਿ ਆਸਨਾ ਸ਼ਰਮਾ ਨੇ 99.2 ਪਰਸੈਂਟਾਈਲ ਅਤੇ ਆਯੂਸ਼ ਕਾਲੀਆ ਨੇ 98.22 ਪਰਸੈਂਟਾਈਲ ਪ੍ਰਾਪਤ ਕੀਤੇ। ਮਿਸੀਕਾ ਨੇ 98 ਪ੍ਰਤੀਸ਼ਤ, ਹਾਰਦਿਕ ਚੱਢਾ ਨੇ 97.2 ਪ੍ਰਤੀਸ਼ਤ, ਅਗਮਜੋਤ ਸਿੰਘ ਨੇ 96.2 ਪ੍ਰਤੀਸ਼ਤ, ਅੰਸ਼ ਖੋਸਲਾ ਨੇ 96 ਪ੍ਰਤੀਸ਼ਤ ਅਤੇ ਹਰਸ਼ਿਤਾ ਓਬਰਾਏ ਨੇ 95.97 ਪ੍ਰਤੀਸ਼ਤ ਪ੍ਰਾਪਤ ਕੀਤੇ ਹਨ। ਇਸ ਮੌਕੇ ਇਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਸਫਲਤਾ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਸੰਤ ਬਾਬਾ ਹਰੀ ਸਿੰਘ ਸਕੂਲ 'ਚ ਦੋ ਦਿਨਾ ਜ਼ੋਨਲ ਖੇਡਾਂ ਸ਼ੁਰੂ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**- ਸੀ. ਆਈ. ਐਸ. ਸੀ. ਈ. ਬੋਰਡ ਵਲੋਂ ਓਲੰਪਿਆਡ 2023 ਅਧੀਨ ਸੰਤ ਬਾਬਾ ਹਰੀ ਸਿੰਘ ਮਾਡਲ ਸਕੂਨ 'ਚ ਦੋ ਦਿਨਾ ਜ਼ੋਨਲ ਪੱਧਰੀ ਖੇਡਾਂ ਪ੍ਰਿੰਸੀਪਲ ਸ਼ਿਬੂ ਮੈਥਿਓ ਦੀ ਅਗਵਾਈ ਹੇਠ ਸ਼ੁਰੂ ਹੋਈਆਂ। ਜਿਸ ਦਾ ਉਦਾਘਟਨ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰੀ ਨੇ ਕੀਤਾ। ਜਦਕਿ ਸਮਾਗਮ ਦੀ ਪ੍ਰਧਾਨਗੀ ਕਮੇਟੀ ਦੇ ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਜਨਰਲ ਸਕੱਤਰ ਪ੍ਰੋ.ਅਪਿੰਦਰ ਸਿੰਘ, ਗੁਰਮੇਲ ਸਿੰਘ ਗਿੱਲ, ਗੁਰਪ੍ਰੀਤ ਸਿੰਘ ਬੈਂਸ ਸੀਨੀਅਰ ਮੀਤ ਪ੍ਰਧਾਨ, ਡਾ. ਜੰਗ ਬਹਾਦਰ ਸਿੰਘ ਰਾਏ, ਗੁਰਮੇਲ ਸਿੰਘ ਗਿੱਲ, ਵਰਿੰਦਰ ਕੁਮਾਰ, ਹਰਦੇਵ ਸਿੰਘ ਢਿੱਲੋਂ, ਗੁਰਦਿਆਲ ਸਿੰਘ,ਅਮਨਦੀਪ ਸਿੰਘ, ਕੁਲਵਿੰਦਰ ਸਿੰਘ ਨੇ ਕੀਤੀ। ਅੱਜ ਹੋਏ ਖੇਡ ਮੁਕਾਬਲਿਆਂ ਵਿਚ ਫੁੱਟਬਾਲ ਦੇ ਅੰਡਰ 14 ਅਤੇ 17 ਲੜਕੇ ਅਤੇ ਲੜਕੀਆਂ ਵਿਚ ਮੇਜ਼ਬਾਨ ਸੰਤ ਹਰੀ ਸਿੰਘ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਐਮ. ਸੀ. ਐਸ. ਸਕੂਲ ਮੇਹਟੀਆਣਾ ਦੂਜੇ, ਸੇਂਟ ਜੋਸੇਫ ਸਕੂਲ ਮੁਕੇਰੀਆਂ ਨੇ ਅੰਡਰ 17 ਵਿਚ ਦੂਜਾ ਸਥਾਨ ਪ੍ਰਾਪਤ ਕੀਤਾ। ਬੈਡਮਿੰਟਨ ਵਿਚ ਅੰਡਰ 17 'ਚ ਸੇਂਟ ਮੈਰੀ ਸਕੂਲ ਟਾਂਡਾ ਪਹਿਲੇ, ਸੰਤ ਬਾਬਾ ਹਰੀ ਸਿੰਘ ਦੂਜੇ, ਲੜਕੀਆਂ ਵਿਚ ਅੰਡਰ 17 ਸੇਂਟ ਜੋਸੇਫ ਮੁਕੇਰੀਆਂ ਅਤੇ ਮਾਊਂਟ ਕਾਰਮਲ ਸਕੂਲ ਦੂਜੇ ਸਥਾਨ 'ਤੇ ਰਹੇ। ਕੈਰਮ ਬੋਰਡ ਮੁਕਾਬਲਿਆਂ ਵਿਚ ਅੰਡਰ 17 ਵਿਚ ਮੁਕੇਰੀਆਂ ਨੇ ਬਾਜ਼ੀ ਮਾਰੀ ਜਦਕਿ ਦੂਜੇ ਸਥਾਨ 'ਤੇ ਮੇਜ਼ਬਾਨ ਸਕੂਲ ਰਿਹਾ। ਸ਼ਤਰੰਜ ਵਿਚ ਐਮ. ਸੀ. ਐਸ. ਸਕੂਲ ਟਾਂਡਾ ਨੇ ਪਹਿਲਾ, ਮਾਊਂਟ ਕਾਰਮਲ ਕੱਕੋਂ ਜੇਤੂ ਰਹੇ। ਇਸ ਮੌਕੇ ਸੰਬੋਧਨ ਕਰਦਿਆਂ ਸੰਤ ਸਾਧੂ ਸਿੰਘ ਨੇ ਕਿਹਾ ਕਿ ਸੰਤ ਬਾਬਾ ਹਰੀ ਸਿੰਘ ਸਕੂਲ ਨੇ ਪਿਛਲੇ ਸਮੇਂ ਦੌਰਾਨ ਅੰਤਰਰਾਸਟਰੀ ਪੱਧਰ 'ਤੇ ਮੱਲਾਂ ਮਾਰੀਆਂ ਹਨ। ਉਨ੍ਹਾਂ ਕਿਹਾ ਕਿ ਜ਼ੋਨਲ ਪੱਧਰੀ ਖੇਡਾਂ ਦੀ ਮੇਜ਼ਬਾਨੀ ਮਿਲਣਾ ਵੀ ਇਸ ਸਕੂਲ ਦੇ ਗੌਰਵਮਈ ਇਤਿਹਾਸ ਦਾ ਹਿੱਸਾ ਬਣਿਆ ਹੈ। ਜੇਤੂ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸੋਹਣ ਸਿੰਘ ਲਾਲੀ, ਅਮਨਦੀਪ ਸਿੰਘ, ਅਵਿਸ਼ੇਕ ਜੋਸ਼ੀ, ਗੁਰਪ੍ਰੀਤ ਕੌਰ, ਵਿਸ਼ਾਲ ਸਿੰਘ ਸਮੇਤ ਸਮੂਹ ਸਕੂਲਾਂ ਦੇ ਅਧਿਆਪਕ, ਖਿਡਾਰੀ ਹਾਜ਼ਰ ਸਨ।

## ਆਮ ਜਨਤਾ ਨੂੰ ਗਰਮੀ ਤੋਂ ਰਾਹਤ ਦਿਵਾਉਣ ਲਈ ਸਰਕਾਰ ਨੇ ਕੀਤਾ ਅਹਿਮ ਫੈਸਲਾ : ਸੁਰਿੰਦਰ ਕੁਮਾਰ

**ਹੁਸ਼ਿਆਰਪੁਰ, (ਓ ਪੀ ਰਾਣਾ)** ਮੇਅਰ ਨਗਰ ਨਿਗਮ ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਮ ਜਨਤਾ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਅਤੇ ਗਰਮੀ ਦੇ ਮੌਸਮ ਤੋਂ ਰਾਹਤ ਦੇਣ ਲਈ ਦਫਤਰੀ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ। ਸਰਕਾਰ ਵਲੋਂ ਹੁਣ 2 ਮਈ ਤੋਂ ਸਰਕਾਰੀ ਦਫਤਰ ਸਵੇਰੇ 7:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਖੁੱਲੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੂਰ ਕਰਵਾਉਣ ਲਈ ਇਸ ਕੀਤੀ ਗਈ ਸਮਾਂ ਤਬਦੀਲੀ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਉਹ ਇਸ ਸਮੇਂ ਆਪਣੇ ਕੰਮਕਾਜਾਂ ਨੂੰ ਦਫਤਰ ਨਗਰ ਨਿਗਮ ਵਿਖੇ ਆ ਕੇ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਅਤੇ ਇਸ ਭਾਰੀ ਗਰਮੀ ਤੋਂ ਰਾਹਤ ਪਾਉਣ।

## ਖਾਲਸਾ ਫਤਹਿ ਮਾਰਚ 'ਚ ਜੈਕਾਰਿਆ ਦੀ ਗੂੰਜ ਨਾਲ ਫੁੱਲਾਂ ਦੀ ਵਰਖਾ



**ਨਵਾਂਸਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**-ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਖਾਲਸਾ ਫਤਹਿ ਮਾਰਚ ਦਾ ਨਵਾਂਸ਼ਹਿਰ ਸ਼ਨੀਵਾਰ ਨੂੰ ਪਹੁੰਚਣ ਤੇ ਜੈਕਾਰਿਆ ਦੀ ਗੂੰਜ 'ਚ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ । ਅੱਜ ਨਵਾਂਸਹਿਰ ਵਿਖੇ ਗੁਰਦੁਆਰਾ ਟਾਹਲੀ ਸਾਹਿਬ ਤੇ ਰਾਹੋ ਰੋਡ 'ਤੇ ਵੱਡੀ ਗਿਣਤੀ 'ਚ ਸੰਗਤਾ ਮੌਜੂਦ ਸਨ। ਇਸ ਮੌਕੇ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਇੰਚਾਰਜ ਧਰਮ ਪ੍ਰਚਾਰ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਜੋਨ ਤੇ ਮੈਂਬਰ ਸ਼੍ਰੋਮਣੀ ਕਮੇਟੀ ਜਥੇਦਾਰ ਗੁਰਬਖਸ ਸਿੰਘ ਖਾਲਸਾ ਨੇ ਦੱਸਿਆ ਕਿ ਖਾਲਸਾ ਫਤਹਿ ਮਾਰਚ ਜੋ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸਤਾਬਦੀ ਨੂੰ ਸਮਰਪਿਤ ਹੈ । ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਾਡੇ ਯੋਧਿਆਂ ਦਾ ਇਤਿਹਾਸ ਦੱਸਣ ਦੀ ਜ਼ਰੂਰਤ ਹੈ । ਇਸ ਮੌਕੇ ਸੁੰਦਰ ਸਜੀ ਹੋਈ ਪਾਲਕੀ ਸਾਹਿਬ ਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ । ਇਸ ਮੌਕੇ ਯੂਥ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਥਿਆੜਾ , ਮੈਂਬਰ ਸ੍ਰੋਮਣੀ ਕਮੇਟੀ ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ , ਚੇਅਰਮੈਨ ਸਤਨਾਮ ਸਿੰਘ ਜਲਵਾਹਾ ਪੰਜਾਬ ਦਰਬਾਰਾ ਸਿੰਘ , ਮਨਮੋਹਨ ਸਿੰਘ ਗੁਲਾਟੀ, ਜਰਨੈਲ ਸਿੰਘ ਖਾਲਸਾ , ਸੁਰਜੀਤ ਸਿੰਘ ਸਿੰਘ ,ਪਿਆਰਾ ਸਿੰਘ , ਕੌਂਸਲਰ ਪਰਮ ਸਿੰਘ ਖਾਲਸਾ ,ਬਾਬਾ ਨਰੰਗ ਸਿੰਘ , ਗੁਰਜਿੰਦਰ ਸਿੰਘ,ਭੁਪਿੰਦਰ ਸਿੰਘ ਜਾਡਲਾ ਹਾਜ਼ਰ ਸਨ

## ਲਾਟਰੀ ਦੇ ਨਾਂਅ 'ਤੇ ਲੱਖਾਂ ਰੁਪਏ ਦੀ ਠੱਗੀ ਮਾਰਨ 'ਤੇ ਅਣਪਛਾਤਿਆਂ ਵਿਰੁੱਧ ਮਾਮਲਾ ਦਰਜ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਸਥਾਨਕ ਪੁਲਸ ਨੇ ਇੱਕ ਵਿਅਕਤੀ ਨਾਲ ਲਾਟਰੀ ਦੇ ਨਾਂਅ 'ਤੇ ਲੱਖਾਂ ਰੁਪਿਆਂ ਦੀ ਧੋਖਾਧੜੀ ਕਰਨ ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਧੋਖਾਧੜੀ ਦਾ ਸ਼ਿਕਾਰ ਹੋਏ ਹਰਜਿੰਦਰ ਸਿੰਘ ਪੁੱਤਰ ਕਰਮ ਚੰਦ ਵਾਸੀ ਪਿੰਡ ਬਾੜੀਆਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੂੰ 9040445660 ਨੂੰ ਤੋਂ ਫੋਨ ਆਇਆ ਕਿ ਤੁਹਾਡੀ ਤਿੰਨ ਲੱਖ ਰੁਪਏ ਦੀ ਲਾਟਰੀ ਨਿਕਲੀ ਹੈ ਤੇ ਉਸ ਨੇ ਲਾਟਰੀ ਦਾ ਜਾਅਲੀ ਨੰਬਰ ਵੀ ਸਾਨੂੰ ਭੇਜਿਆ। ਬਾਅਦ ਵਿੱਚ ਉਸ ਨੇ ਕਿਹਾ ਕਿ ਤੁਹਾਨੂੰ ਇਸ ਰਕਮ 'ਤੇ ਟੈਕਸ ਪੈਂਦਾ ਹੈ ਤੇ ਤੁਸੀਂ 8800 ਰੁਪਈਆ ਮੇਰੇ ਖਾਤੇ ਵਿੱਚ ਪਾ ਦਿਓ। ਫਿਰ ਉਨ੍ਹਾਂ ਵੱਲੋ 19700 ਰੁਪਿਆ ਦੋ ਵਾਰ ਮੰਗਵਾ ਲਿਆ ਗਿਆ ਜਿਸ ਦੀ ਜੀ ਐਸ ਟੀ ਰਸੀਦ ਵੀ ਸਾਨੂੰ ਭੇਜੀ ਗਈ। ਉਪਰੰਤ 1 ਲੱਖ 36 ਹਜ਼ਾਰ ਅੱਠ ਸੌ ਰੁਪਏ ਮੰਗਵਾ ਲਏ ਗਏ। ਇਸ ਤਰ੍ਹਾਂ ਇਨ੍ਹਾਂ ਵੱਲੋਂ ਮੇਰੇ ਕੋਲੋਂ ਲਗਭਗ 3 ਲੱਖ 19 ਹਜ਼ਾਰ ਰੁਪਏ ਪ੍ਰਾਪਤ ਕਰ ਲਏ ਗਏ ਜਦ ਕਿ ਹੁਣ ਇਹ ਮੇਰੇ ਪਾਸੋਂ ਦੋ ਲੱਖ 21 ਹਜ਼ਾਰ ਅੱਠ ਸੌ ਰੁਪਏ ਦੀ ਹੋਰ ਮੰਗ ਕਰ ਰਹੇ ਹਨ ਤੇ ਮੈਨੂੰ ਇਹ ਠੱਗੀ ਜਾਪਦੀ ਹੈ। ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਵੱਲੋਂ ਕਾਰਵਾਈ ਦੀ ਮੰਗ 'ਤੇ ਸਾਇਬਰ ਕਰਾਇਮ ਪੰਜਾਬ ਵੱਲੋਂ ਮਾਮਲੇ ਦੀ ਪੜਤਾਲ ਕਰਨ ਉਪਰੰਤ ਐਸ ਐਸ ਪੀ ਰੂਪਨਗਰ ਨੂੰ ਕਾਰਵਾਈ ਲਈ ਲਿਖਿਆ ਗਿਆ ਸੀ ਜਿਸ 'ਤੇ ਐਸ ਐਸ ਪੀ ਰੂਪਨਗਰ ਦੀ ਸਿਫਾਰਸ਼ 'ਤੇ ਸਥਾਨਕ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ।

## ਮਹਿਲਾ ਪਹਿਲਵਾਨਾਂ ਦੇ ਹੱਕ 'ਚ ਸੰਯੁਕਤ ਸਮਾਜ ਮੋਰਚਾ ਵੱਲੋਂ ਅਵਾਜ਼ ਬੁਲੰਦ : ਅਹੀਰ



**ਹੁਸ਼ਿਆਰਪੁਰ (ਓ ਪੀ ਰਾਣਾ )**- ਦੇਸ ਲਈ ਉਲੰਪਿਕ ਮੈਡਲ ਜਿੱਤ ਕੇ ਲਿਆਉਣ ਵਾਲੇ ਖਿਡਾਰੀਆਂ ਉਲਪਿੰਕ ਮੈਡਲਿਸਟ ਬਜਰੰਗ ਪੂਨੀਆ, ਸਾਕਸੀ ਮਲਿਕ ਤੇ ਵਿਨੇਸ ਫੋਗਾਟ ਦੇ ਹੱਕ ਵਿੱਚ ਗੱਲ ਕਰਦਿਆਂ ਪ੍ਰਸੋਤਮ ਰਾਜ ਅਹੀਰ ਸੂਬਾ ਪ੍ਰਧਾਨ ਲੇਬਰ ਵਿੰਗ ਸੰਯੁਕਤ ਸਮਾਜ ਮੋਰਚਾ ਪੰਜਾਬ ਨੇ ਕਿਹਾ ਕਿ ਦੇਸ ਦਾ ਨਾਮ ਖੇਡਾਂ ਵਿੱਚ ਪੂਰੀ ਦੁਨੀਆਂ ਵਿੱਚ ਉਪਰ ਲੈ ਕੇ ਜਾਣ ਵਾਲੇ ਖਿਡਾਰੀਆਂ ਨੂੰ ਜਿਸ ਵਿੱਚ ਦੇਸ਼ ਦੀਆਂ ਬੇਟੀਆਂ ਮੋਹਰੀ ਹੋਣ ਅਤੇ ਜਿਨ੍ਹਾਂ ਨੂੰ ਖੁਦ ਦੇਸ ਦੇ ਪ੍ਰਧਾਨ ਮੰਤਰੀ ਸਨਮਾਨ ਦੇਣ ਤੇ ਇਕ ਦਿਨ ਦਾ ਭੋਜਨ ਸਰਕਾਰੀ ਨਿਵਾਸ ਤੇ ਉਨ੍ਹਾਂ ਦੇ ਜਿੱਤਣ ਤੇ ਮੈਡਲ ਲਿਆਉਣ ਕਾਰਨ ਉਨ੍ਹਾਂ ਨਾਲ ਸਾਂਝਾ ਕਰਨ ਉਨ੍ਹਾਂ ਦੇਸ਼ ਦੀਆਂ ਟੋਪ ਨੰਬਰ ਵਨ ਖਿਡਾਰਨ ਪਹਿਲਵਾਨਾਂ ਨੂੰ ਹੀ ਆਪਣੀ ਟੀਮ ਨਾਲ ਹੋਏ ਜਿਸਮਾਨੀ ਸ਼ੋਸ਼ਣ ਦੇ ਇਨਸਾਫ ਲਈ ਇੱਕ ਮੌਜੂਦਾ ਹੁਕਮਰਾਨ ਉਪਰ ਐਫ਼ ਆਰ ਆਈ ਦਰਜ ਕਰਵਾਉਣ ਲਈ ਜੋ ਕਾਨੂੰਨ ਦੇ ਹਿਸਾਬ ਨਾਲ ਸਿਰਫ ਔਰਤ ਦੇ ਬਿਆਨਾਂ ਦੇ ਅਧਾਰ ਤੇ ਦਰਜ ਹੋਣੀ ਚਾਹੀਦੀ ਹੈ ਲਈ ਤਿੰਨ ਮਹੀਨਿਆ ਤੋਂ ਸੜਕਾਂ ਤੇ ਬੈਠਣਾ ਪਵੇ, ਲਗਾਤਾਰ ਧਰਨੇ ਮੁਜਾਹਰੇ ਕਰਨੇ ਪੈਣ ਰਾਤਾਂ ਬਾਹਰ ਖੁੱਲੇ ਅਸਮਾਨ ਵਿਚ ਇਨਸਾਫ ਲਈ ਕੱਟਣੀਆਂ ਪੈਣ ਤਾਂ ਦੇਸ਼ ਵਾਸੀਆਂ ਨੂੰ ਲਗਦਾ ਹੈ ਕਿ ਜਬਰ ਜੁਲਮ ਦੀ ਅੱਤ ਹੋ ਰਹੀ ਹੈ। ਅਹੀਰ ਨੇ ਕਿਹਾ ਕਿ ਪ੍ਰਸਾਸਨ ਰਾਜ ਨੇਤਾਵਾਂ ਸਾਹਮਣੇ ਗੋਡੇ ਟੇਕ ਚੁੱਕਾ ਹੈ। ਸੋ ਜੇਕਰ ਦੇਸ਼ ਲਈ ਲੜਨ,ਕੁਰਬਾਨੀ ਕਰਨ ਵਾਲੀਆਂ ਬੇਟੀਆਂ ਨੂੰ ਜਲਦੀ ਇਨਸਾਫ ਨਹੀਂ ਮਿਲਦਾ ਤਾਂ ਖੇਡ ਪ੍ਰੇਮੀਆਂ ਵਲੋਂ ਉਲਪਿੰਕ ਖਿਡਾਰੀਆਂ ਦੇ ਹੱਕ ਵਿੱਚ ਕੇਂਦਰ ਸਰਕਾਰ ਖਿਲਾਫ ਹਾਈਕਮਾਂਡ ਦੇ ਧਿਆਨ ਵਿੱਚ ਲਿਆ ਕੇ ਆਉਣ ਵਾਲੇ ਦਿਨਾਂ ਵਿੱਚ ਵੱਡੇ ਪੱਧਰ ਤੇ ਸੰਘਰਸ ਉਲੀਕੇ ਜਾਣੇ ਚਾਹੀਦੇ ਹਨ। ਸ੍ਰੀ ਅਹੀਰ ਨੇ ਕਿਹਾ ਇਕ ਵਿਸ਼ੇਸ਼ ਵਿਅਕਤੀ ਨੂੰ ਬਚਾਉਣ ਲਈ ਸਰਕਾਰ ਨੂੰ ਖਿਡਾਰੀਆਂ ਨਾਲ ਬੇਇਨਸਾਫ਼ੀ ਨਹੀਂ ਕਰਨੀ ਚਾਹੀਦੀ ਬਲਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਾਕੇ ਕਸੂਰਵਾਰ ਲੋਕਾਂ ਤੇ ਬਣਦੀ ਸਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

## ਹੰਸ ਰਾਜ ਹੰਸ ਵੱਲੋਂ ਅਟਵਾਲ ਦੇ ਹੱਕ ਵਿੱਚ ਕੀਤੀ ਮੀਟਿੰਗ ਨੇ ਧਾਰਿਆ ਜਨਤਕ ਮੀਟਿੰਗ ਦਾ ਰੂਪ




**ਜਲੰਧਰ, ( ਸ਼ੈਲੀ ਐਲਬਰਟ )**: ਅੱਜ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਪ੍ਰਧਾਨ ਪੰਕਜ ਢੀਂਗਰਾ ਦੀ ਪ੍ਰਧਾਨਗੀ ਹੇਠ ਲੋਹੀਆਂ ਖਾਸ ਮੰਡਲ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿਚ ਭਾਜਪਾ ਦੇ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਨੇ ਲੋਹੀਆਂ ਖਾਸ ਦੇ ਇਲਾਕਾ ਨਿਵਾਸੀਆਂ ਕੋਲੋਂ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਯੂਨਾਈਟਿਡ ਦੇ ਸਾਂਝੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਜਨ ਸਮਰਥਨ ਦੀ ਮੰਗ ਕੀਤੀ। ਕੁਝ ਹੀ ਸਮੇਂ ਵਿੱਚ ਇਹ ਮੀਟਿੰਗ ਜਨਸਭਾ ਦਾ ਰੂਪ ਧਾਰਨ ਕਰ ਗਈ।

ਇਸ ਮੌਕੇ ਇਲਾਕਾ ਨਿਵਾਸੀਆਂ ਨੇ ਇੰਦਰ ਇਕਬਾਲ ਸਿੰਘ ਅਟਵਾਲ ਦਾ ਨਿੱਘਾ ਸਵਾਗਤ ਕੀਤਾ ਅਤੇ ਅਟਵਾਲ ਦੇ ਹੱਕ ਵਿਚ ਖੁੱਲ੍ਹ ਕੇ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਹੰਸ ਰਾਜ ਹੰਸ ਦੇ ਨਾਲ ਭਾਜਪਾ ਗਠਜੋੜ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ, ਭਾਜਪਾ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਕੰਵਲਵੀਰ ਸਿੰਘ ਟੌਹੜਾ ਆਦਿ ਵੀ ਹਾਜ਼ਰ ਸਨ।

## ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿੱਚ ਮੀਟਿੰਗਾਂ ਦੀ ਸਮੀਖਿਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿੱਚ ਮੀਟਿੰਗਾਂ ਦੀ ਸਮੀਖਿਆ ਕੀਤੀ ਗਈ। ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿੱਚ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਜੋ ਕਿ 30 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਨਕੋਦਰ ਵਿਖੇ ਚੋਣ ਪ੍ਰਚਾਰ ਨੂੰ ਤੇਜ਼ ਕਰਨ ਲਈ ਆ ਰਹੇ ਹਨ, ਉਨ੍ਹਾਂ ਦੀਆਂ ਮੀਟਿੰਗਾਂ ਦੌਰਿਆਂ ਦੀ ਸਮੀਖਿਆ ਕਰਨ ਲਈ ਨਵਾਂ ਪਿੰਡ ਸੌਕੀਆ ਵਿਖੇ ਅਮਰਜੀਤ ਲੰਬੜਦਾਰ ਦੇ ਘਰ ਪਹੁੰਚੇ ਜਥੇਦਾਰ ਸਾਬਕਾ ਇਕਬਾਲ ਸਿੰਘ ਧੁੰਦ ਨੇ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਸਵੀਰ ਸਿੰਘ ਗੜ੍ਹੀ ਠੀਕ 5 ਵਜੇ 30 ਅਪ੍ਰੈਲ ਨੂੰ ਨਵਾਂ ਪਿੰਡ ਸੌਕੀਆ ਪਹੁੰਚ ਰਹੇ ਹਨ। ਉਨ੍ਹਾਂ ਦੇ ਵਿਚਾਰ ਸੁਣਨ ਲਈ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਲਈ ਭਾਰੀ ਗਿਣਤੀ ਵਿੱਚ ਹਾਜ਼ਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਮਲਕੀਤ ਚੁੰਬਰ, ਮੰਗਤ ਸਿੰਘ ਮੈਟੀ, ਅਮਰਜੀਤ ਲੰਬੜਦਾਰ, ਨਛੱਤਰ ਰਾਮ, ਪਰਮਜੀਤ ਮੈਹਿਮੀ, ਸੁਖਵਿੰਦਰ ਸੋਨੂੰ, ਜਤਿੰਦਰ ਪਾਲ, ਮਹਿੰਦਰ ਚੁੰਬਰ, ਮਹਿੰਦਰ ਪਾਲ ਸਾਬਕਾ ਸਰਪੰਚ, ਸੁਖਵਿੰਦਰ ਸੁੱਖਾ, ਬਲਦੇਵ ਰਾਜ , ਬਲਵੀਰ ਰਾਮ, ਬੀਬੀ ਨਿੰਦਰੋ ਪੰਚ, ਅਜੀਤ ਸਿੰਘ, ਸੋਹਣ ਲਾਲ, ਸੁਰਿੰਦਰ ਪਾਲ, ਅਵਤਾਰ ਸਿੰਘ, ਮਹਿੰਦਰ ਪਾਲ ਸਾਬਕਾ ਮੈਂਬਰ ਬਲਾਕ ਸੰਮਤੀ,ਖੜਕ ਸਿੰਘ ਜਸਵਿੰਦਰ ਕੁਮਾਰ ਅਤੇ ਭਾਰੀ ਗਿਣਤੀ ਵਿੱਚ ਲੋਕ ਹਾਜ਼ਰ ਸਨ। ਇਸ ਮੌਕੇ ਮਲਕੀਤ ਚੁੰਬਰ ਤੇ ਮੰਗਤ ਸਿੰਘ ਮੈਟੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਆਖਰ 'ਚ ਆਏ ਹੋਏ ਸਾਥੀਆਂ ਦਾ ਧੰਨਵਾਦ ਨਛੱਤਰ ਪਾਲ ਨੇ ਕੀਤਾ

## ਕਿਸੇ ਵੀ ਧਰਮ ਜਾ ਧਾਰਮਕ ਗ੍ਰੰਥਾਂ ਦਾ ਨਿਰਾਦਰ ਕਰਨ ਵਾਲੇ ਨੂੰ ਮਿਲੇ ਮੌਤ ਦੀ ਸਜ਼ਾ : ਫੁਗਲਾਣਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਵਿਸ਼ਵ ਦੋਆਬਾ ਰਾਜਪੂਤ ਸਭਾ ਅਤੇ ਦੋਆਬਾ ਜਨਰਲ ਕੈਟਾਗਰੀਜ਼ ਫਰੰਟ ਪੰਜਾਬ ਨੇ ਆਖਿਆ ਕਿ ਪੰਜਾਬ ਵਿਚ ਕੁਝ ਸ਼ਰਾਰਤੀ ਅਨਸਰ ਜੋ ਕਿ ਸਮਾਜਕ ਅਤੇ ਧਾਰਮਕ ਰਿਸ਼ਤਿਆਂ ਵਿਚ ਤਰੇੜ ਪਾ ਕੇ ਸੂਬੇ ਦੇ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਹਨ ਉਹ ਕਦੇ ਵੀ ਆਪਣੇ ਇਸ ਘਟੀਆ ਮਨਸੂਬੇ ਵਿਚ ਕਾਮਯਾਬ ਨਹੀਂ ਹੋਣਗੇ। ਇਹੋ ਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਤਾਂ ਹੀ ਰੁਕ ਸਕਦੀਆਂ ਹਨ ਜੇ ਸਰਕਾਰ ਇਹੋ ਜਿਹੇ ਸ਼ਰਾਰਤੀ ਅਨਸਰਾਂ ਲਈ ਸਖਤ ਕਾਨੂੰਨ ਮੌਕੇ ਉਪਰ ਹੀ ਮੌਤ ਦੀ ਸਜ਼ਾ ਹੀ ਦਿੱਤੀ ਜਾਵੇ ।

ਕਿਉਂਕਿ ਧਾਰਮਿਕ ਗ੍ਰੰਥਾਂ ਦੀ ਬੇਅਦਵੀ ਕਰਨ ਵਾਲਿਆਂ ਦਾ ਨਾ ਕੋਈ ਧਰਮ ਹੁੰਦਾ ਹੈ ਅਤੇ ਨਾ ਕੋਈ ਜਾਤ ਹੁੰਦੀ ਹੈ।

# ਸੀ ਟੀ ਇੰਸਟੀਚਿਊਟ ਆਫ ਲਾਅ ਨੇ ਕੀਤਾ ਪਹਿਲਾ ਸਰਦਾਰਨੀ ਮਨਜੀਤ ਕੌਰ ਮੈਮੋਰੀਅਲ ਨੈਸ਼ਨਲ ਮੂਟ ਕੋਰਟ




**ਜਲੰਧਰ ( ਸ਼ੈਲੀ ਐਲਬਰਟ)**-ਸੀਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਸ਼ਾਹਪੁਰ ਕੈਂਪਸ ਦੇ ਸੀਟੀ ਇੰਸਟੀਚਿਊਟ ਆਫ ਲਾਅ ਵੱਲੋਂ ਪਹਿਲਾ ਸਰਦਾਰਨੀ ਮਨਜੀਤ ਕੌਰ ਮੈਮੋਰੀਅਲ ਨੈਸ਼ਨਲ ਮੂਟ ਕੋਰਟ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਦੋ ਰੋਜ਼ਾ ਨੈਸ਼ਨਲ ਮੂਟ ਕੋਰਟ ਵਿੱਚ ਪੰਜਾਬ, ਹਰਿਆਣਾ, ਉਤਰਾਖੰਡ, ਹਿਮਾਚਲ, ਤਾਮਿਲਨਾਡੂ ਤੋਂ ਇਲਾਵਾ 22 ਟੀਮਾਂ ਨੇ ਭਾਗ ਲਿਆ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਮੂਟ ਕੋਰਟ ਮੁਕਾਬਲਾ ਸੀਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਸੰਸਥਾਪਕ ਚਰਨਜੀਤ ਸਿੰਘ ਚੰਨੀ ਦੀ ਸਵਰਗੀ ਮਾਤਾ ਸਰਦਾਰੀ ਮਨਜੀਤ ਕੌਰ ਨੂੰ ਸਮਰਪਤ ਸੀ। ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਸਰਦਾਰਨੀ ਮਨਜੀਤ ਕੌਰ ਮੈਮੋਰੀਅਲ ਨੈਸਨਲ ਮੂਟ ਕੋਰਟ ਦੇ ਪਹਿਲੇ ਦਿਨ ਡਾ. ਗਗਨਦੀਪ, ਸੀਜੇਐਮ ਕਮ ਸਕੱਤਰ ਡੀ ਐਲ ਐਸ ਏ ਜਲੰਧਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ ਦੇ ਪ੍ਰਧਾਨ ਐਡਵੋਕੇਟ ਅਦਿੱਤਿਆ ਜੈਨ, ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ ਦੇ ਸੀਨੀਅਰ ਉਪ ਪ੍ਰਧਾਨ ਐਡਵੋਕੇਟ ਰਵੀਸ ਮਲਹੋਤਰਾ, ਸਾਬਕਾ ਕਾਰਜਕਾਰਨੀ ਮੈਂਬਰ ਐਡਵੋਕੇਟ ਰੀਮਾ ਚੰਦ, ਕਾਰਜਕਾਰਨੀ ਮੈਂਬਰ ਐਡਵੋਕੇਟ ਗੁਨਦੀਪ ਸਿੰਘ ਸੋਢੀ, ਸਾਬਕਾ ਸੰਯੁਕਤ ਸਕੱਤਰ ਐਡਵੋਕੇਟ ਹਰਸ਼ ਭੱਟ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਮਨਦੀਪ ਸਚਦੇਵ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਜਤਿਨ ਆਨੰਦ, ਐਨ ਡੀ ਪੀ ਐਸ ਐਕਟ ਦੇ ਮਾਹਰ ਐਡਵੋਕੇਟ ਰਵਨੀਤ ਸਿੰਘ, ਐਡਵੋਕੇਟ ਸ਼ੈਲੀ, ਐਡਵੋਕੇਟ ਵਿੱਕੀ, ਐਡਵੋਕੇਟ ਦੀਪਕ ਥਾਪਰ, ਐਡਵੋਕੇਟ ਅਮਿਤ ਜਿੰਦਲ, ਐਡਵੋਕੇਟ ਵਿਵੇਕ ਕਪੂਰ ਅਤੇ ਐਡਵੋਕੇਟ ਕਿਰਨ ਮਦਾਨ ਨੇ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਸਾਹੂਪਰ ਕੈਂਪਸ ਦੇ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ ਸਿੱਧੂ, ਖੋਜ ਵਿਭਾਗ ਦੇ ਡਾਇਰੈਕਟਰ ਡਾ. ਜਸਦੀਪ ਕੌਰ ਧਾਮੀ, ਸੀਟੀ ਇੰਸਟੀਚਿਊਟ ਆਫ ਲਾਅ ਦੇ ਪ੍ਰਿੰਸੀਪਲ ਡਾ. ਯੁਗਦੀਪ ਕੌਰ ਮੌਜੂਦ ਸਨ। ਸਮਾਗਮ ਦੇ ਪਹਿਲੇ ਤੀਨ ਰਾਊਂਡ ਕਰਵਾਏ ਗਏ, ਜਿਨ੍ਹਾਂ ਦਾ ਫੈਸਲਾ 15 ਜੱਜਾਂ ਵੱਲੋਂ ਕੀਤਾ ਗਿਆ। ਦੂਜੇ ਦੀਨ ਚਾਰ ਟੀਮਾਂ ਵਿਚਕਾਰ ਸੈਮੀਫਾਨੀਲ ਰਾਊਂਡ ਹੋਇਆ। ਜਿਸ ਵਿਚੋਂ ਦੋ ਟੀਮਾਂ ਫਾਈਨਲ ਰਾਊਂਡ ਵਿੱਚ ਪਹੁੰਚੀਆਂ। ਫਾਈਨਲ ਰਾਊਂਡ ਵਿੱਚ ਐਡਵੋਕੇਟ ਕਿਰਨ ਮਦਾਨ, ਐਡਵੋਕੇਟ ਅਦਿਤਿਆ ਜੈਨ , ਐਡਵੋਕੇਟ ਹਰਲੀਨ ਕੌਰ, ਐਡਵੋਕੇਟ ਰਵੀਸ਼ ਮਲਹੋਤਰਾ, ਐਡਵੋਕੇਟ ਆਰ ਕੇ ਭੱਲਾ ਨੇ ਜੱਜਾਂ ਵਜੋਂ ਕੰਮ ਕੀਤਾ। ਇਸ ਦੌਰਾਨ ਯੂਨੀਵਰਸਿਟੀ ਇੰਸਟੀਚਿਊਟ ਆਫ ਲੀਗਲ ਸਟੱਡੀਜ਼, ਪੀ ਯੂ, ਰੀਜਨਲ ਕੈਂਪਸ ਲੁਧਿਆਣਾ ਨੂੰ ਜੇਤੂ ਟੀਮ ਜਦਕਿ ਕਾਨੂੰਨ ਵਿਭਾਗ, ਜੀ ਐਨ ਡੀ ਯੂ, ਅੰਮ੍ਰਿਤਸਰ ਨੂੰ ਉਪ ਜੇਤੂ ਐਲਾਨਿਆ ਗਿਆ। ਸਰਵੋਤਮ ਮੈਮੋਰੀਅਲ ਐਵਾਰਡ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਪੰਜਾਬ ਨੂੰ ਦਿੱਤਾ ਗਿਆ। ਸਕੂਲ ਆਫ ਲਾਅ, ਐਸ ਆਰ ਐਮ ਇੰਸਟੀਚਿਊਟ ਆਫ ਸਾਇੰਸ ਐਂਡ ਟੈਕਨਾਲੋਜੀ, ਤਾਮਿਲਨਾਡੂ ਦੇ ਵਿਦਿਆਰਥੀਆਂ ਨੂੰ ਸਰਵੋਤਮ ਖੋਜਕਰਤਾ ਅਤੇ ਜੀ ਐਨ ਡੀ ਯੂ, ਅੰਮ੍ਰਿਤਸਰ ਦੀ ਦਿਲਨਵਾਜ ਕੌਰ ਨੂੰ ਸਰਵੋਤਮ ਮੂਟਰ ਨਾਲ ਸਨਮਾਨਤ ਕੀਤਾ ਗਿਆ। ਮੂਟ ਕੋਰਟ ਮੁਕਾਬਲੇ ਦੇ ਸਮਾਪਤੀ ਸਮਾਰੋਹ ਵਿੱਚ ਹਰਵੀਨ ਭਾਰਦਵਾਜ, ਪ੍ਰਧਾਨ, ਜ਼ਿਲਾ,ਖਪਤਕਾਰ ਫੋਰਮ ਜਲੰਧਰ ਅਤੇ ਡਾ. ਗਗਨਦੀਪ ਕੌਰ, ਸੀਜੇਐਮ ਕਮ ਸਕੱਤਰ, ਡੀ ਐਲ ਐਸ ਏ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਕਾਨੂੰਨ ਦੀ ਸਖਤੀ ਨਾਲ ਪਾਲਣਾ ਕਰਕੇ ਹੀ ਦੇਸ਼ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਜਿੱਤ ਅਤੇ ਹਾਰ ਕਿਸੇ ਵੀ ਮੁਕਾਬਲੇ ਦਾ ਹਿੱਸਾ ਹੁੰਦੀ ਹੈ, ਇਸ ਲਈ ਹਾਰਨ ਤੋਂ ਬਾਅਦ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਜਿੱਤਣ ਤੋਂ ਬਾਅਦ ਜ਼ਿਆਦਾ ਉਤਸ਼ਾਹਤ ਨਹੀਂ ਹੋਣਾ ਚਾਹੀਦਾ। ਇਹ ਦੋਵੇਂ ਚੀਜ਼ਾਂ ਸਾਨੂੰ ਜ਼ਿੰਦਗੀ ਵਿਚ ਅੱਗੇ ਵਧਣ ਤੋਂ ਰੋਕਦੀਆਂ ਹਨ। ਉਨ੍ਹਾ ਇਸ ਸ਼ਾਨਦਾਰ ਸਮਾਗਮ ਦੇ ਆਯੋਜਨ ਲਈ ਸੀਟੀ ਇੰਸਟੀਚਿਊਟ ਆਫ ਲਾਅ ਦੀ ਪ੍ਰਿੰਸੀਪਲ ਡਾ. ਯੁਗਦੀਪ ਕੌਰ ਅਤੇ ਉਨ੍ਹਾਂ ਦੇ ਸਟਾਫ ਦਾ ਧੰਨਵਾਦ ਕੀਤਾ।

## ਰਿੰਕੂ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਕੀਤਾ ਰੋਡ ਸ਼ੋਅ

**ਜਲੰਧਰ,** -ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਸ਼ਨੀਵਾਰ ਨੂੰ ਆਪਣੇ ਗੜ੍ਹ ਜਲੰਧਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਹਜ਼ਾਰਾਂ ਸਮਰਥਕਾਂ ਅਤੇ ਕਾਰਕੁੰਨਾਂ ਨਾਲ ਵਿਸ਼ਾਲ ਰੋਡ ਸ਼ੋਅ ਕੱਢਿਆ। ਰੋਡ ਸ਼ੋਅ ਦੌਰਾਨ ਉਨ੍ਹਾ ਦੀ ਪਤਨੀ ਸੁਨੀਤਾ ਰਿੰਕੂ ਵੀ ਉਨ੍ਹਾ ਦੇ ਨਾਲ ਮੌਜੂਦ ਰਹੇ। ਸੁਸ਼ੀਲ ਰਿੰਕੂ ਨੇ ਜਲੰਧਰ ਦੇ ਪ੍ਰਸਿੱਧ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਮੱਥਾ ਟੇਕ ਕੇ ਰੋਡ ਸ਼ੋਅ ਦੀ ਸ਼ੁਰੂਆਤ ਕੀਤੀ। ਇੱਥੋਂ ਸ਼ੁਰੂ ਹੋ ਕੇ ਰੋਡ ਸ਼ੋਅ ਬਸਤੀ ਗੁਜ਼ਾਂ, ਈਵਨਿੰਗ ਕਾਲਜ, ਪੀਰ ਝੰਡੀਆਂ ਚੌਕ, ਅਵਤਾਰ ਨਗਰ ਰੋਡ, ਸ਼ਹਿਨਾਈ ਪੈਲੇਸ, ਭਗਵਾਨ ਵਾਲਮੀਕੀ ਚੌਕ, ਰਵਿਦਾਸ ਚੌਕ, ਮਾਡਲ ਹਾਊਸ, ਭਾਰਗਵ ਕੈਂਪ, ਮੇਨ ਬਜ਼ਾਰ, ਬੁੱਢਾ ਮੱਲ ਗਰਾਊਂਡ, ਲੱਕੜ ਚੌਕ, ਨਾਰੀ ਨਿਕੇਤਨ ਅਤੇ ਡਾਕਟਰ ਅੰਬੇਡਕਰ ਚੌਕ ਤੋਂ ਹੁੰਦੇ ਹੋਏ ਜਯੋਤੀ ਚੌਕ ਤੱਕ ਪੁੱਜਾ। ਹਰ ਜਗ੍ਹਾ ਲੋਕਾਂ ਨੇ ਉਮੀਦਵਾਰ ਦਾ ਹਾਰ ਪਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਅਤੇ ਉਨ੍ਹਾ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ। ਸੰਬੋਧਨ ਕਰਦਿਆਂ ਸੁਸ਼ੀਲ ਰਿੰਕੂ ਨੇ ਕਿਹਾ ਕਿ ਅਸੀਂ ਜਲੰਧਰ ਦੇ ਆਮ ਲੋਕਾਂ ਦੀ ਆਵਾਜ਼ ਨੂੰ ਪਾਰਲੀਮੈਂਟ ਤੱਕ ਪਹੁੰਚਾਵਾਂਗੇ ਅਤੇ ਜਲੰਧਰ ਦੇ ਵਿਕਾਸ ਲਈ ਕੇਂਦਰੀ ਫੰਡ ਲਿਆਵਾਂਗੇ। ਉਨ੍ਹਾ ਲੋਕਾਂ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਸਰਕਾਰ ਦੀਆਂ ਇਮਾਨਦਾਰ ਨੀਤੀਆਂ ਅਤੇ ਕੰਮਾਂ 'ਤੇ ਮੋਹਰ ਲਗਾਓ ਅਤੇ ਉਨ੍ਹਾ ਦਾ ਹੌਸਲਾ ਵਧਾਓ ਤਾਂ ਜੋ ਅਸੀਂ ਮਿਲ ਕੇ ਪੰਜਾਬ ਲਈ ਦੁੱਗਣੀ ਰਫਤਾਰ ਨਾਲ ਅੱਗੇ ਵਧਦਿਆਂ ਕੰਮ ਕਰ ਸਕੀਏ।

## ਡੇਰਾਬੱਸੀ ਦੇ ਹਸਪਤਾਲ 'ਚ ਪੁਲਸ ਦੀ ਮਿਲੀਭੁਗਤ ਨਾਲ ਲੰਮੇ ਸਮੇਂ ਤੋਂ ਹੋ ਰਿਹੈ ਸਰੀਰਕ ਅੰਗਾਂ ਦਾ ਵਪਾਰ

**ਮੋਹਾਲੀ, (ਗੁਰਜੀਤ ਬਿੱਲਾ)**- ਜੇਕਰ ਪੁਲਸ ਪੰਜ ਸਾਲ ਪਹਿਲਾਂ ਮੈਨੂੰ ਜੇਲ੍ਹ ਸੁੱਟਣ ਦੀ ਥਾਂ ਸੰਜੇ ਹਸਪਤਾਲ ਦੇ ਮਾਲਕਾਂ ਖਿਲਾਫ਼ ਕਾਰਵਾਈ ਕਰਦੀ ਤਾਂ 34 ਲੋਕਾਂ ਦੀਆਂ ਕਿਡਨੀਆਂ ਬਚ ਸਕਦੀਆਂ ਸਨ। ਇਹ ਵਿਚਾਰ ਅੱਜ ਇੱਥੇ ਮੋਹਾਲੀ ਪ੍ਰੈਸ ਕਲੱਬ ਵਿੱਚ ਕਰਵਾਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡੇਰਾਬੱਸੀ ਦੇ ਪੱਤਰਕਾਰ ਮਦਨ ਗੋਪਾਲ ਨੇ ਦੱਸਿਆ ਕਿ 2018 ਵਿੱਚ ਇੱਕ ਵਿਅਕਤੀ ਕੇਸਰ ਸਿੰਘ ਦੀ ਸੰਜੇ ਹਸਪਤਾਲ ਡੇਰਾਬੱਸੀ ਵਿੱਚ ਹੋਈ ਮੌਤ ਤੋਂ ਬਾਅਦ ਪੁਲਸ ਨੇ ਉਸ ਦੀ ਲਾਸ਼ ਸਰਕਾਰੀ ਹਸਪਤਾਲ ਵਿੱਚ ਤਬਦੀਲ ਕਰ ਦਿੱਤੀ ਅਤੇ ਉਸ ਨੂੰ ਬਾਡੀ ਨੂੰ ਪਹਿਲਾਂ ਹੀ ਮਰਿਆ ਹੋਇਆ ਘੋਸ਼ਿਤ ਕਰਕੇ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ ਰੱਖ ਦਿੱਤਾ। ਉਨ੍ਹਾ ਕਿਹਾ ਕਿ ਪੁਲਸ ਸ਼ੁਰੂ ਤੋਂ ਹੀ ਸੰਜੇ ਹਸਪਤਾਲ ਦੇ ਮਾਲਕ ਸੰਜੇ, ਜੋ ਕਿ ਇੱਕ ਕੰਪਾਊਂਡਰ ਹੈ, ਨਾਲ ਮਿਲੀਭੁਗਤ ਨਾਲ ਸਰੀਰਕ ਅੰਗਾਂ ਦਾ ਇਹ ਵਪਾਰ ਚੱਲ ਰਿਹਾ ਹੈ। ਪੁਲਸ ਨੇ ਇੱਕ ਮਹੀਨੇ ਵਿੱਚ ਜਿੰਨੀ ਵੀ ਇਸ ਕੇਸ ਵਿੱਚ ਕਾਰਵਾਈ ਕੀਤੀ ਹੈ, ਉਹ ਸਿਰਫ ਡੰਗ-ਟਪਾਊ ਹੀ ਹੈ। ਉਨ੍ਹਾ ਕਿਹਾ ਕਿ ਮੈਂ ਇਹੀ ਮੰਗ ਕਰਦਾ ਹਾਂ ਕਿ ਇਸ ਕੇਸ ਵਿੱਚ ਇਨਸਾਨੀ ਜ਼ਿੰਦਗੀਆਂ ਨੂੰ ਦੇਖਦੇ ਹੋਏ ਕਿਸੇ ਉੱਚ ਸੰਸਥਾ, ਕਿਸੇ ਸੀਨੀਅਰ ਪੱਤਰਕਾਰ, ਉਚ ਮੈਡੀਕਲ ਅਧਿਕਾਰੀ ਜਿਨਾਂ ਨੂੰ ਹਰ ਇਨਸਾਨ ਦੇ ਸਰੀਰ ਬਾਰੇ ਜਾਣਕਾਰੀ ਹੋਵੇ, ਇਸ ਕਮੇਟੀ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਜੋ ਪੁਲਸ ਦੀ ਚੱਲ ਰਹੀ ਤਫਤੀਸ਼ ਉਤੇ ਇਨ੍ਹਾਂ ਦੀ ਹਰ ਸਮੇਂ ਨਿਗਰਾਨੀ ਰਹੇ। ਜੇਕਰ ਪੁਲਸ ਇੱਕ ਮਹੀਨੇ ਵਿੱਚ ਵੀ ਸਹੀ ਲੋਕਾਂ ਉਪਰ ਪਰਚਾ ਦਰਜ ਨਹੀਂ ਕਰ ਸਕੀ ਅਤੇ ਨਾ ਹੀ ਉਕਤ ਹਸਪਤਾਲ ਨੂੰ ਸੀਲ ਕਰ ਸਕੀ ਤਾਂ ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੁਲਸ ਮਿਲੀਭੁਗਤ ਸਦਕਾ ਹਸਪਤਾਲ ਨੂੰ ਕਲੀਨ-ਚਿੱਟ ਦੇਣ ਦੇ ਹੱਕ ਵਿੱਚ ਹੈ। ਉਨ੍ਹਾ ਨਾਲ ਹੀ ਹਸਪਤਾਲ ਵਿੱਚ ਕੰਮ ਕਰਨ ਵਾਲੀ ਮੋਨਿਕਾ ਨਾਂਅ ਦੀ ਕਰਮਚਾਰੀ ਨੂੰ ਨੱਥ ਪਾਉਣ ਦੀ ਗੱਲ ਕਹੀ ਅਤੇ ਕਿਹਾ ਕਿ ਉਸ ਨੂੰ ਗ੍ਰਿਫਤਾਰ ਕਰਨ ਨਾਲ ਇਸ ਕੇਸ ਵਿਚ 100 ਫੀਸਦੀ ਪਾਰਦਰਸ਼ਤਾ ਸਾਹਮਣੇ ਆ ਜਾਵੇਗੀ। ਭਾਰਤ ਦਾ ਕਾਨੂੰਨ ਸਭ ਤੋਂ ਪਹਿਲਾਂ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਜੇਕਰ ਵੀ ਕੋਈ ਘਟਨਾ ਵਾਪਰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਥਾਂ ਨੂੰ ਸੀਲ ਕੀਤਾ ਜਾਂਦਾ ਹੈ। ਪਰ ਪੁਲਸ ਨੇ ਸਿਰਫ਼ ਤਿੰਨ ਵਿਅਕਤੀਆਂ ਉਤੇ ਪਰਚਾ ਦਰਜ ਕਰਕੇ, ਮਹਿਜ਼ ਖਾਨਾਪੂਰਤੀ ਹੀ ਕੀਤੀ ਹੈ। ਉਨ੍ਹਾ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਤੋਂ ਇਹ ਮੰਗ ਕੀਤੀ ਹੈ ਕਿ ਸਭ ਤੋਂ ਪਹਿਲਾਂ ਉਕਤ ਹਸਪਤਾਲ ਨੂੰ ਸੀਲ ਕੀਤਾ ਜਾਵੇ ਅਤੇ ਉਪਰੰਤ ਇਸ ਕਾਂਡ ਵਿਚ ਸ਼ਾਮਲ ਸੰਜੇ ਆਪਣਾ ਹਸਪਤਾਲ ਨੂੰ ਵੀ ਕੇਸ ਵਿੱਚ ਸ਼ਾਮਲ ਕੀਤਾ ਜਾਵੇ।

## ਰੋਟਰੀ ਕਲੱਬ ਫਗਵਾੜਾ ਜੈਮਸ ਦੀ ਮੀਟਿੰਗ 'ਚ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਡਾ. ਸੰਜੀਵ ਸਰੋਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਰੋਟਰੀ ਕਲੱਬ ਫਗਵਾੜਾ ਜੈਮਸ ਦੀ ਮੀਟਿੰਗ ਰੋਟਰੀ ਪ੍ਰਧਾਨ ਡਾ: ਚਿਮਨ ਅਰੋੜਾ ਦੀ ਪ੍ਰਧਾਨਗੀ ਹੇਠ ਸਥਾਨਕ ਹੋਟਲ ਵਿਖੇ ਹੋਈ। ਜਿਸ ਵਿੱਚ ਦਿਲ ਦੇ ਰੋਗਾਂ ਦੇ ਮਾਹਿਰ ਡਾ: ਸੰਜੀਵ ਸਰੋਆ (ਕਾਰਡੀਓਲੋਜਿਸਟ) ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਉਹਨਾਂ ਦਾ ਕਲੱਬ ਦੇ ਸਾਬਕਾ ਪ੍ਰਧਾਨਾਂ ਵੱਲੋਂ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਕਲੱਬ ਦੇ ਸਕੱਤਰ ਰੋਟੇ. ਦੇਸਰਾਜ ਨੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਪੀਪੀ ਰੋਟੇ. ਇੰਦਰ ਖੁਰਾਨਾ ਨੇ ਰਸਮੀ ਤੌਰ 'ਤੇ ਮਹਿਮਾਨ ਬੁਲਾਰੇ ਡਾ: ਸੰਜੀਵ ਸਰੋਆ ਨਾਲ ਜਾਣ-ਪਛਾਣ ਕਰਵਾਈ। ਡਾ: ਸਰੋਆ ਨੇ ਪ੍ਰੈਜ਼ੇਂਟੇਸ਼ਨ ਰਾਹੀਂ ਦਿਲ ਦੀਆਂ ਬਿਮਾਰੀਆਂ ਦੇ ਕਾਰਨਾਂ, ਲੱਛਣਾਂ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੁਰਾਕ ਵਿਚ ਸੁਧਾਰ, ਨਿਯਮਤ ਯੋਗ, ਜੋਗਿੰਗ, ਸੈਰ, ਸਿਗਰਟਨੋਸ਼ੀ ਛੱਡ ਕੇ, ਮੋਟਾਪਾ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਕੇ ਦਿਲ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ। ਉਨ੍ਹਾਂ ਰੋਟੇਰੀਅਨ ਮੈਂਬਰਾਂ ਵੱਲੋਂ ਦਿਖਾਏ ਗਏ ਸਨਮਾਨ ਲਈ ਵੀ ਧੰਨਵਾਦ ਕੀਤਾ। ਡਾ: ਜੀ.ਪੀ. ਸਿੰਘ ਨੇ ਮੁੱਖ ਬੁਲਾਰੇ ਸਮੇਤ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰੋਟੇਰੀਅਨ ਟੀਡੀ ਚਾਵਲਾ, ਅਸ਼ੋਕ ਗੁਪਤਾ, ਵਿਨੋਦ ਜਲੋਟਾ, ਵਿਜੇ ਸੋਂਧੀ, ਨਿਖਿਲ ਗੁਪਤਾ, ਰਾਕੇਸ਼ ਸੂਦ, ਸੁਨੀਲ ਚਮ, ਹਰਭਜਨ ਸਿੰਘ, ਮਹਿੰਦਰ ਸੇਠੀ, ਨਵੀਨ ਅਗਰਵਾਲ ਆਦਿ ਹਾਜ਼ਰ ਸਨ।

## ਕਰਾਟੇ ਮੁਕਾਬਲੇ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਰਕ ਨੇ ਮਾਰੀਆਂ ਮੱਲਾਂ



**ਆਦਮਪੁਰ (ਪਰਮਜੀਤ ਸਿੰਘ)**-ਸਰਕਾਰ ਵੱਲੋਂ 40 ਦਿਨ ਦੀ ਲੜਕੀਆਂ ਦੀ ਕਰਾਟੇ ਟ੍ਰੇਨਿੰਗ ਦਾ ਉਪਰਾਲਾ ਕੀਤਾ ਗਿਆ ਸੀ ਜਿਸ ਅਧੀਨ ਮਿਤੀ 24/04/2023 ਨੂੰ ਰਾਣੀ ਲੱਛਮੀ ਬਾਈ ਆਤਮ ਸੁਰੱਖਿਆ ਕੰਪੋਨੈਂਟ ਤਹਿਤ ਜ਼ੋਨ-9 ਪੱਧਰੀ ਕਰਾਟੇ (ਲੜਕੀਆਂ) ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਵਿਖੇ ਕਰਵਾਏ ਗਏ ਜਿਸ ਵਿਚ ਵੱਖ-ਵੱਖ ਸਕੂਲਾਂ ਵੱਲੋਂ ਭਾਗ ਲਿਆ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਰਕ ਦੀਆਂ ਲੜਕੀਆਂ ਨੇ ਵੀ ਇਸ ਮੁਕਾਬਲੇ ਵਿੱਚ ਭਾਗ ਲਿਆ ਅਤੇ ਕਰਾਟੇ ਮੁਕਾਬਲੇ ਵਿੱਚ ਮੱਲਾਂ ਮਾਰ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੁਕਾਬਲੇ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਰਕ ਦੀਆਂ ਲੜਕੀਆਂ ਦੁਆਰਾ ਅੰਡਰ-14 ਕੈਟੇਗਰੀ ਵਿੱਚ ਪਹਿਲਾ ਸਥਾਨ ਰਿਸ਼ਿਕਾ ਤੇ ਅੰਸ਼ਿਕਾ ਦੁਆਰਾ ਅਤੇ ਦੂਜਾ ਸਥਾਨ ਅਲੀਸ਼ਾ ਤੇ ਸ਼ਿਵਾਨੀ ਦੁਆਰਾ ਹਾਸਲ ਕੀਤਾ ਗਿਆ। ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਰਕ ਦੀਆਂ ਲੜਕੀਆਂ ਦੁਆਰਾ ਅੰਡਰ-17 ਕੈਟੇਗਰੀ ਵਿੱਚ ਦੂਜਾ ਸਥਾਨ ਤਮੰਨਾ ਅਤੇ ਤੀਸਰਾ ਸਥਾਨ ਕਾਜਲ ਦੁਆਰਾ ਪ੍ਰਾਪਤ ਕੀਤਾ ਗਿਆ। ਇਨ੍ਹਾਂ ਵਿਦਿਆਰਥੀਆਂ ਦੀ ਤਿਆਰੀ ਪ੍ਰਿੰਸੀਪਲ ਸੁਰਿੰਦਰ ਪਾਲ ਦੀ ਯੋਗ ਅਗਵਾਈ ਅਤੇ ਮੈਡਮ ਪਰਮਜੀਤ ਦੀ ਦੇਖ-ਰੇਖ ਹੇਠ ਕੋਚ ਸੰਜੀਵ ਕੁਮਾਰ ਦੁਆਰਾ ਕਰਵਾਈ ਗਈ। ਇਸ ਮੌਕੇ ਪ੍ਰਿੰ. ਸੁਰਿੰਦਰ ਨੇ ਮੈਡਮ ਪਰਮਜੀਤ, ਕੋਚ ਸੰਜੀਵ ਕੁਮਾਰ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ। ਮੈਡਮ ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈ ਕੇ ਵਧੀਆਂ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

## 8ਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਨਤੀਜੇ 'ਚ ਸ਼ਾਨਦਾਰ ਪ੍ਰਦਰਸ਼ਨ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 8ਵੀਂ ਕਲਾਸ ਬੋਰਡ ਦੇ ਨਤੀਜੇ 'ਚ ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਖੁੱਡਾ ਦੇ ਬੱਚਿਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਕੂਲ ਤੇ ਆਪਣਿਆ ਮਾਪਿਆ ਦਾ ਨਾਂਅ ਰੋਸ਼ਨ ਕੀਤਾ। ਸਕੂਲ ਮੈਨੇਜਰ ਤਰਲੋਕ ਸਿੰਘ ਖੁੱਡਾ ਅਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਦੱਸਿਆ ਕਿ ਸਾਲਾਨਾ ਨਤੀਜੇ ਦੌਰਾਨ ਅਵਨੀਤ ਕੌਰ ਪੁੱਤਰੀ ਬਲਜੀਤ ਸਿੰਘ ਨੇ (568/600) 95 ਪ੍ਰਤੀਸ਼ਤ, ਪ੍ਰਭਜੋਤ ਕੌਰ ਪੁੱਤਰੀ ਅਸ਼ੋਕ ਕੁਮਾਰ ਨੇ (562/600) 94 ਪ੍ਰਤੀਸ਼ਤ ਅਤੇ ਅਨਮੋਲਪ੍ਰੀਤ ਸੈਣੀ ਪੁੱਤਰੀ ਹਿੰਮਤ ਸਿੰਘ (555/600) ਨੇ 93 ਪ੍ਰਤੀਸ਼ਤ ਅੰਕ ਹਾਸਲ ਕਰਕੇ ਸਕੂਲ 'ਚੋਂ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਸਕੂਲ ਦਾ ਸਾਲਾਨਾ ਨਤੀਜਾ ਸੌ ਫੀਸਦੀ ਰਿਹਾ ਤੇ ਸਾਰੇ ਹੀ ਬਚਿਆ ਨੇ ਸ਼ਾਨਦਾਰ ਢੰਗ ਨਾਲ ਪਾਸ ਕੀਤੀ।

## ਖਾਲਸਾ ਫ਼ਤਿਹ ਮਾਰਚ 'ਚ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਭਰਵਾਂ ਸਵਾਗਤ



**ਸ੍ਰੀ ਚਮਕੌਰ ਸ r f ਹ ਬ (ਗੁਰਵਿੰਦਰਪਾਲ ਸਿੰਘ ਬੋਬੀ)**-ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਨੂੰ ਸਮਰਪਿਤ ਖਾਲਸਾ ਫਤਿਹ ਮਾਰਚ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਉਦੱਮ ਤੇ ਸਹਿਯੋਗ ਸਦਕਾ ਮਹਾਨ ਸਿੱਖ ਯੋਧਿਆਂ ਅਤੇ ਉਨ੍ਹਾਂ ਵੱਲੋਂ ਕੀਤੀ ਗਈ ਦਿੱਲੀ ਫਤਹਿ ਨੂੰ ਸਮਰਪਿਤ ਦਿੱਲੀ ਫਤਹਿ ਮਾਰਚ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਤੋਂ ਪੰਜ ਪਿਆਰਿਆਂ ਦੀ ਰਹਿਨੁਮਾਈ ਹੇਠ ਸਜਾਏ ਨਗਰ ਕੀਰਤਨ ਵੱਖ -ਵੱਖ ਗੁਰੂ ਸਥਾਨਾਂ ਨੂੰ ਹੁੰਦਾ ਹੋਇਆ । ਸ੍ਰੀ ਚਮਕੌਰ ਸਾਹਿਬ ਪਹੁੰਚਣ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰੋ .ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ, ਐਸ.ਜੀ.ਪੀ.ਸੀ. ਮੈਂਬਰ ਭਾਈ ਅਜਮੇਰ ਸਿੰਘ ਖੇੜਾ, ਅਤੇ ਸਿਮਰਨਜੀਤ ਸਿੰਘ ਚੰਦੂਮਾਜਰਾ , ਬਲਦੇਵ ਸਿੰਘ , ਸਾਬਕਾ ਕੌਂਸਲਰ ਜਗਮਿੰਦਰ ਸਿੰਘ ਪੰਮੀ ਮੋਰਿੰਡਾ, ਹਰਦੀਪ ਸਿੰਘ ਸਾਬਕਾ ਪ੍ਰਧਾਨ ਪੰਚਾਇਤ ਯੂਨੀਅਨ ਬਲਾਕ ਸ੍ਰੀ ਚਮਕੌਰ ਸਾਹਿਬ , ਅਮਨਦੀਪ ਸਿੰਘ ਮਾਂਗਟ, ਭਗਵਾਨ ਸ੍ਰੀ ਵਿਸਵਕਰਮਾ ਭਵਨ ਕਮੇਟੀ ਦੇ ਪ੍ਰਧਾਨ ਸ.ਜਸਵੀਰ ਸਿੰਘ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸਨ ਦੇ ਸਰਪ੍ਰਸਤ ਸ.ਕੁਲਵੀਰ ਸਿੰਘ , ਨੇ ਨਗਰ ਕੀਰਤਨ ਨਿੱਘਾ ਸਵਾਗਤ ਕੀਤਾ।

## ਗ੍ਰੀਨਵੇਜ਼ ਸਕੂਲ ਰੁੜਕੀ ਹੀਰਾਂ ਵਿਖੇ ਬੱਚਿਆਂ ਦੀ ਸਾਲਾਨਾ ਐਥਲੈਟਿਕਸ ਮੀਟ ਕਰਵਾਈ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**-ਗ੍ਰੀਨਵੇਜ ਸਕੂਲ ਰੁੱੜਕੀ ਹੀਰਾਂ ਵਿਖੇ ਬੱਚਿਆਂ ਦੀ ਸਲਾਨਾ ਇੰਟਰ ਹਾਊਸ ਐਥਲੈਟਿਕਸ ਮੀਟ ਕਰਵਾਈ ਗਈ ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਜਿਸ ਵਿੱਚ 100 ਮੀਟਰ (ਲੜਕੇ) 14 ਸਾਲ ਵਿੱਚ ਅਭਿਸ਼ੇਕ, ਗੁਰਏਕਮ, ਪਰਮਵੀਰ, 100 ਮੀਟਰ (ਲੜਕੀਆਂ) 14 ਸਾਲ ਜੈਸਮੀਨ, ਸਹਿਜਪ੍ਰੀਤ, ਸੁਖਲੀਨ,100 ਮੀਟਰ ਲੜਕੇ 17 ਸਾਲ ਜੋਤਪ੍ਰਕਾਸ਼, ਤਨਵੀਰ, ਨਿਰਬਾਨ, 100 ਮੀਟਰ ਲੜਕੀਆਂ 17 ਸਾਲ ਤਰਮਨਜੋਤ, ਰਵਨੀਤ, ਗੁਨੀਤ, 200 ਮੀਟਰ ਲੜਕੇ ਕਮਲਜੀਤ, ਹਰਸ਼ਦੀਪ, ਸਾਹਿਬਵੀਰ, 200 ਮੀਟਰ ਲੜਕੀਆਂ, ਅਨਮੋਲ, ਸਿਮਨ, ਸੁਖਮਨਪ੍ਰੀਤ, ਲੌਂਗ ਜੰਪ ਲੜਕੇ 17 ਸਾਲ ਅਭਿਸ਼ੇਕ, ਗੁਰਏਕਮ, ਫਤਹਿਵੀਰ, , ਲੌਂਗ ਜੰਪ ਲੜਕੀਆਂ ਜਸ਼ਨਪ੍ਰੀਤ, ਸੁਖਮਨਪ੍ਰੀਤ, ਨਮਨਪ੍ਰੀਤ, ਸਾਟ-ਪੁੱਟ ਲੜਕੇ 19 ਸਾਲ ਰਾਜਵੀਰ ਸਿੰਘ, ਕਮਲਜੀਤ, ਵਿਕਰਮਜੀਤ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਨ੍ਹਾਂ ਮੁਕਾਬਲਿਆਂ ਵਿੱਚ ਬੱਚਿਆਂ ਬੜੇ ਉਤਸ਼ਾਹ ਨਾਲ ਭਾਗ ਲਿਆ। ਸਾਰੇ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇ ਚੇਅਰਮੈਨ ਸਰਦਾਰ ਗੁਰਮੁੱਖ ਸਿੰਘ ਮੱਲ੍ਹੀ ਜੀ ਨੇ ਬੱਚਿਆਂ ਨੂੰ ਅਸ਼ੀਰਵਾਦ ਦਿਤਾ ਕਿ ਉਹ ਆਉਣ ਵਾਲੇ ਸਮੇ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰਨਗੇ। ਇਸ ਸਮੇ ਮਨੇਜਿੰਗ ਡਾਇਰੈਕਟਰ ਸਰਦਾਰ ਹਰਜਿੰਦਰ ਸਿੰਘ ਮੱਲ੍ਹੀ ਜੀ ਨੇ ਵੀ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਓਮਵੀਰ ਜੀ, ਸੁਰਿੰਦਰ ਸਿੰਘ ਬਿੱਲਾ ਉਚੇਚੇ ਤੌਰ 'ਤੇ ਪਹੁੰਚੇ। ਇਸ ਸਮੇਂ ਪ੍ਰਿੰਸੀਪਲ ਮੁਕੇਸ਼ ਕੁਮਾਰ ਅਗਰਵਾਲ ਸਟਾਫ ਮੈਂਬਰਾਂ ਅਤੇ ਸਮੂਹ ਵਿਦਿਆਰਥੀ ਹਾਜ਼ਰ ਰਹੇ।

## ਸਕੂਲਾਂ 'ਚ ਵਿਦਿਆਰਥੀਆਂ ਨੂੰ ਮੁਫਤ ਵਿੱਦਿਅਕ ਸਮੱਗਰੀ ਵੰਡੀ



**ਕੁਰਾਲੀ ,(ਮੋਹਨ ਅਗਰਵਾਲ ਜੋਗਾ)**- ਅੱਜ ਵਿਸ਼ਵ ਮਾਨਵ ਰੂਹਾਨੀ ਕੇਂਦਰ (ਰਜਿ) ਇੱਕ ਲਾਭ ਨਿਰਪੇਕਸ਼, ਅਧਿਆਤਮਕ, ਉਪਕਾਰੀ ਸੰਸਥਾ ਹੈ ਜੋ ਜਾਤੀ,ਧਰਮ, ਰੰਗ, ਅਤੇ ਵਰਣ ਦੇ ਭੇਦਭਾਵ ਤੋਂ ਬਿਨਾਂ ਕੰਮ ਕਰ ਰਹੀ ਹੈ।

ਇਸ ਦਾ ਮੁੱਖ ਦਫਤਰ ਪਿੰਡ ਨਵਾਂ ਨਗਰ ਡਾਕਖਾਨਾ ਨਾਨਕਪੁਰਾ ਤਹਿਸੀਲ ਕਾਲਕਾ ਜ਼ਿਲ੍ਹਾ ਪੰਚਕੂਲਾ ਹਰਿਆਣਾ ਵਿੱਚ ਸਥਿਤ ਹੈ। ਸੰਸਥਾ ਨੇ ਮਾਨਵਤਾ ਦੀ ਸੇਵਾ ਵਿੱਚ ਕੰਮ ਕਰਦੇ ਹੋਏ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਸਕੂਲ ਬੈਗ, ਸਵੈਟਰ, ਬੂਟ ਵੰਡਣ ਲਈ ਚੈਰੀਟੇਬਲ ਕੈਂਪਾਂ ਦਾ ਆਯੋਜਨ ਕੀਤਾ।

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚਨਾਲੋਂ ਅਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਨੰ. 1 ਕੁਰਾਲੀ ਅਤੇ ਪ੍ਰਾਇਮਰੀ ਸਕੂਲ ਪਿੰਡ ਸਿੰਘਪੁਰਾ, ਪ੍ਰਾਇਮਰੀ ਸਕੂਲ ਕਾਲੇਵਾਲ 'ਚ ਵਿਸ਼ਵ ਮਾਨਵ ਰੂਹਾਨੀ ਕੇਂਦਰ ਦੇ ਸਮਾਜਕ ਵਰਕਰਾਂ ਨੇ ਤਹਿ ਦਿਲ ਤੋਂ ਸੇਵਾ ਕੀਤੀ।

## ਆਪਸੀ ਲੜਾਈ 'ਚ ਤੇਲ ਪਾ ਕੇ ਸੜ ਦਿੱਤੀ ਸਵਿਫਟ ਡਿਜ਼ਾਇਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਇੱਥੋਂ ਥੋੜ੍ਹੀ ਦੂਰ ਇਤਿਹਾਸਕ ਨਗਰ ਡੱਲਾ ਸਾਹਿਬ ਵਿਖੇ ਬੀਤੀ ਰਾਤ ਗੁਰਦੁਆਰਾ ਬਾਊਲੀ ਸਾਹਿਬ ਦੇ ਬਾਹਰ ਦੋ ਧੜਿਆਂ 'ਚ ਲੜਾਈ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਸ ਵਿਚ ਇਹ ਪਤਾ ਲੱਗਾ ਹੈ ਕਿ ਨਜਦੀਕ ਖੜ੍ਹੀ ਸਵਿਫਟ ਡਿਜ਼ਾਇਰ ਗੱਡੀ ਦੀ ਭੰਨਤੋੜ ਵੀ ਉਕਤ ਵਿਅਕਤੀਆਂ ਵੱਲੋਂ ਕਥਿਤ ਤੌਰ 'ਤੇ ਕਾਰਨ ਦੇ ਦੋਸ਼ ਵੀ ਲੱਗੇ ਹਨ ਅਤੇ ਫਿਰ ਗੱਡੀ ਨੂੰ ਸਾੜ ਦਿੱਤਾ ਗਿਆ। ਜਿਸ ਨਾਲ ਖੜ੍ਹੀ ਗੱਡੀ ਸੜ ਕੇ ਸਵਾਹ ਹੋ ਗਈ ਹੈ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਵਾਸੀਆਂ ਦੱਸਿਆ ਕਿ ਬੀਤੀ ਰਾਤ ਕਰੀਬ 10:30 ਵਜੇ ਦੇ ਪਿੰਡ ਡੱਲਾ ਦੇ ਹੀ ਦੋ ਧੜਿਆਂ ਦੇ ਨੌਜਵਾਨ ਚ ਆਪਸ ਚ ਕਿਸੇ ਗੱਲੋਂ ਹੱਥੋ ਪਾਈ ਹੋ ਗਏ ਅਤੇ ਇਸ ਦੌਰਾਨ ਤੇਜਧਾਰ ਹਥਿਆਰਾਂ ਇਸ ਨਾਲ ਵੀ ਇਕ ਦੂਜੇ ਤੇ ਹਮਲਾ ਕੀਤਾ ਗਿਆ ਅਤੇ ਉਥੇ ਰਾਜ ਕੁਮਾਰ ਰਾਜੂ ਨਾਮ ਦੇ ਇੱਕ ਵਿਅਕਤੀ ਦੀ ਗੁਰਦੁਆਰਾ ਬਾਊਲੀ ਸਾਹਿਬ ਦੇ ਬਾਹਰ ਰੋਡ ਤੇ ਗੱਡੀ ਖੜ੍ਹੀ ਕੀਤੀ ਹੋਈ ਸੀ।ਜਿਸ ਦੌਰਾਨ ਉਕਤ ਵਿਅਕਤੀਆਂ ਨੇ ਸਵਿਫਟ ਡਿਜ਼ਾਇਰ ਗੱਡੀ ਦੀ ਭੰਨ ਤੋੜ ਕੀਤੀ ਅਤੇ ਬਾਅਦ ਵਿੱਚ ਤੇਲ ਪਾਕੇ ਸੜ ਦਿੱਤੀ। ਗੱਡੀ ਦੇ ਡਰਾਈਵਰ ਨੇ ਵੀ ਪੁਲਸ ਪ੍ਰਸਾਸਨ ਤੋਂ ਦੋਸੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਕੁਝ ਲੋਕਾਂ ਨੇ ਪੁਲਿਸ ਚੌਕੀ ਡੱਲਾ ਦੇ ਬਾਹਰ ਪ੍ਰਦਰਸਨ ਵੀ ਕੀਤਾ ਅਤੇ ਪੁਲਿਸ ਨੂੰ ਸਹਾਇਤ ਵੀ ਕੀਤੀ। ਘਟਨਾ ਵਾਲੇ ਸਥਾਨ ਤੇ ਪਹੁੰਚੀ ਪੁਲਿਸ ਨੇ ਸਥਿਤੀ ਨੂੰ ਕੰਟਰੋਲ ਕੀਤਾ । ਇਸ ਮੌਕੇ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਿਸ ਨੇ ਕਿਹਾ ਕਿ ਗੱਡੀ ਦੇ ਮਾਲਿਕ ਰਾਜ ਕੁਮਾਰ ਰਾਜੂ ਦੇ ਬਿਆਨਾਂ ਦੇ ਆਧਾਰ ਤੇ ਦੋਸੀਆਂ ਖਿਲਾਫ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਦੋਸੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਜੋ ਵੀ ਕਸੂਰਵਾਰ ਹੋਇਆ ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਦੌਰਾਨ ਕੁਝ ਨੌਜਵਾਨ ਜਖਮੀ ਵੀ ਹੋਏ ਹਨ। ਜਿਹਨਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦਾਖਲ ਕਰਵਾਇਆ ਗਿਆ ਹੈ। ਜਦੋਂ ਲੜਾਈ ਕਰਨ ਵਾਲੀਆਂ ਦੋਵਾਂ ਧਿਰਾਂ ਦੇ ਨੌਜਵਾਨਾਂ ਨਾਲ ਮੀਡੀਆ ਨੇ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਆਪਣੇ ਆਪ ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਝੂਠਾ ਦੱਸਿਆ।

## ਪਿਛਲੀਆਂ ਸਰਕਾਰਾਂ ਨੇ ਸੂਬੇ ਨੂੰ ਲੁੱਟਣ ਤੋਂ ਇਲਾਵਾ ਕੋਈ ਹੋਰ ਕੰਮ ਨਹੀਂ ਕੀਤਾ : ਬਰਸਟ

**ਜਲੰਧਰ, (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)** ਆਮ ਆਦਮੀ ਪਾਰਟੀ ਵੱਲੋਂ ਜਲੰਧਰ ਜ਼ਿਮਨੀ ਚੋਣ ਨੂੰ ਲੈ ਕੇ ਪੰਜਾਬ ਐਵਿਨਿਊ ਜਲੰਧਰ ਵਿਖੇ ਕਰਵਾਏ ਗਏ ਇੱਕ ਪ੍ਰੋਗਰਾਮ ਦੌਰਾਨ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੌਰਾਨ ਸਾਬਕਾ ਐਸ ਐਸ ਪੀ ਸੱਜਣ ਸਿੰਘ ਚੀਮਾ ਹਲਕਾ ਇੰਚਾਰਜ ਸੁਲਤਾਨਪੁਰ ਲੋਧੀ, ਹਰਬੰਸ ਸਿੰਘ ਪ੍ਰਧਾਨ, ਨੰਦ ਕਿਸ਼ੋਰ ਮੀਤ ਪ੍ਰਧਾਨ, ਪਰਮਜੀਤ ਸਿੰਘ, ਰਾਜੇਸ ਤਿਵਾੜੀ, ਮੰਗਲ ਸਿੰਘ ਜੌਲ, ਗੁਰਪ੍ਰੀਤ ਸਿੰਘ 'ਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਹਾਜ਼ਰ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਭਗਵੰਤ ਮਾਨ ਸਰਕਾਰ ਦੇ ਕੰਮਾਂ ਦੇ ਸ਼ਲਾਘਾ ਕੀਤੀ। ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਸੂਬੇ ਨੇ ਪਿਛਲੇ ਇੱਕ ਸਾਲ 'ਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਰਿਕਾਰਡ ਤਰੱਕੀ ਕੀਤੀ ਹੈ। ਇਸ ਤੋਂ ਪਹਿਲਾਂ ਪਿਛਲੀਆਂ ਪੁਰਾਣੀਆਂ 'ਤੇ ਰਿਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨੇ ਸੂਬੇ ਨੂੰ ਕੇਵਲ ਲੁੱਟਣ ਦਾ ਕੰਮ ਕੀਤਾ ਹੈ। ਹਰਚੰਦ ਸਿੰਘ ਬਰਸਟ ਨੇ ਪ੍ਰੋਗਰਾਮ ਦੌਰਾਨ ਸੰਬੋਧਨ ਦੌਰਾਨ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਹਮਲਾ ਬੋਲਦੇ ਹੋਏ ਦੱਸਿਆ ਕਿ ਕਿਵੇਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਬਾਨੀ 'ਤੇ ਅਡਾਨੀ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਲੀਜ 'ਤੇ ਦਿੱਤੀਆਂ ਅਤੇ ਬਾਹਰਲੇ ਮੁਲਕਾਂ ਦੇ ਬੈਂਕਾਂ ਤੋਂ ਕਰਜਾ ਦਵਾਇਆ। ਉਨ੍ਹਾ ਕਿਹਾ ਕਿ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਨੇ ਪਿਛਲੇ 30 ਸਾਲਾਂ ਤੋਂ ਸਾਡੇ ਲੋਕਾਂ ਦੇ ਸਿਰ 3 ਲੱਖ ਕਰੋੜ ਰੁਪਏ ਦਾ ਕਰਜਾ ਚੜ੍ਹਾਇਆ ਹੈ। ਇਸ ਦੇ ਬਾਵਜੂਦ 'ਆਪ' ਦੀ ਸਰਕਾਰ ਨੇ ਆਰਥਿਕ ਤੰਗੀ ਹੋਣ ਦੇ ਬਾਵਜੂਦ ਸੂਬੇ ਦੇ ਸਾਰੇ ਵਰਗਾ ਦੇ ਪਰਵਾਰਾਂ ਨੂੰ ਸਹੂਲਤਾਂ 'ਤੇ ਰੋਜਗਾਰ ਦੇ ਸਾਧਨ ਮੁਹੱਈਆ ਕਰਵਾਏ ਗਏ।

## ਆਰ ਸੇਟੀ ਵਿਖੇ ਕੰਪਿਊਟਰਾਈਜ਼ਡ ਅਕਾਊਂਟਿੰਗ ਦਾ ਮੁਫ਼ਤ ਕੋਰਸ 4 ਤੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਪ੍ਰੀਸ਼ਦ ਭਵਨ, ਹੁਸ਼ਿਆਰਪੁਰ ਦੇ ਸਾਹਮਣੇ ਸਿਵਲ ਲਾਈਨਜ਼ ਵਿਖੇ ਸਥਿਤ ਪੀ.ਐਨ.ਬੀ. ਆਰ ਸੇਟੀ (ਪੇਂਡੂ ਸਵੈ ਰੋਜ਼ਗਾਰ ਟ੍ਰੇਨਿੰਗ ਸੰਸਥਾ) ਵੱਲੋਂ 4 ਮਈ 2023 ਤੋਂ ਕੰਪਿਊਟਰਾਈਜ਼ਡ ਅਕਾਊਂਟਿੰਗ ਦਾ ਮੁਫ਼ਤ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਡਾਇਰੈਕਟਰ ਰਜਿੰਦਰ ਕੁਮਾਰ ਭਾਟੀਆ ਨੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਧਾਰ ਕਾਰਡ ਦੀ ਕਾਪੀ, 2 ਪਾਸਪੋਰਟ ਸਾਈਜ਼ ਫੋਟੋ, ਵਿਦਿਅਕ ਯੋਗਤਾ ਸਰਟੀਫਿਕੇਟਾਂ ਦੀਆਂ ਕਾਪੀਆਂ ਅਤੇ ਐਸ.ਸੀ / ਬੀ.ਪੀ.ਐਲ. ਸਰਟੀਫਿਕੇਟ, ਜੇਕਰ ਕੋਈ ਹੋਵੇ ਤਾਂ 4 ਮਈ 2023 ਤੋਂ ਪਹਿਲਾਂ ਇੰਸਟੀਚਿਊਟ ਵਿਖੇ ਆ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਬਿਲਕੁਲ ਮੁਫ਼ਤ ਹੈ।

## ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** - ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸੀਨੀਅਰ ਆਗੂ ਮੰਗਤ ਸਿੰਘ ਮੈਟੀ ਨੇ ਕਿਹਾ ਕਿ ਨਾਰੀ ਮੁਕਤੀ ਦਾਤਾ ਭਾਰਤ ਰਤਨ ਬਾਬਾ ਸਾਹਿਬ ਨੂੰ ਪਲ ਪਲ ਯਾਦ ਰੱਖਣਾ ਚਾਹੀਦਾ ਹੈ। ਨਕੋਦਰ ਹਲਕੇ ਦੇ ਬੀਬੀ ਇੰਦਰਜੀਤ ਕੌਰ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਇਸ ਸਮਾਗਮ ਦੇ ਮੁੱਖ ਮਹਿਮਾਨ ਹਰਮੇਸ਼ ਕੌਲ ਨੇ ਬਾਬਾ ਸਾਹਿਬ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਗੁਰਦਿਆਲ ਬੋਧ ਅਮਰਜੀਤ ਬੰਗੜ, ਧਰਮਪਾਲ ਬੰਗਾ, ਮਲਕੀਤ ਚੁੰਬਰ, ਮਹਿੰਦਰ ਪਾਲ ਕੜੜਾ ਸੁਦੇਸ ਚਾਹਲ ਬੱਬੂ ਬਾਠ ਨੇ ਆਪਣੇ ਆਪਣੇ ਵਿਚਾਰਾਂ ਨਾਲ ਬਾਬਾ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਕਸ਼ਮੀਰੀ ਰਾਮ, ਪ੍ਰਕਾਸ਼ ਰਾਮ, ਰੀਨਾ ਰਾਣੀ ਮੈਂਬਰ ਜਿਲ੍ਹਾ ਪ੍ਰੀਸ਼ਦ ਜਸਵੀਰ ਰਾਮ, ਕੇ ਦੀਪ ਕਮਲਜੀਤ ਸਹਿਜਲ, ਸਰਪੰਚ ਇੰਦਰਜੀਤ ਸਿੰਘ ਅਸ਼ੋਕ ਕੁਮਾਰ, ਵਰਿੰਦਰ ਮੈਹਿਮੀ, ਸੁਦੇਸ਼ ਚਾਹਲ, ਦਲਵੀਰ ਕੈਲੇ ਇਟਲੀ, ਦੇਵ ਕਨੇਡਾ, ਹੁਸਨ ਲਾਲ ਕਨੇਡਾ, ਅਸ਼ਵਨੀ ਕੁਮਾਰ, ਮਾਸਟਰ ਪਿਆਰਾ ਸਿੰਘ, ਹਾਜਰ ਸਨ।

## ਸਰਕਾਰੀ ਸਕੂਲ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ, ਢਾਈ ਲੱਖ ਦਾ ਸਾਮਾਨ ਚੋਰੀ



**ਆਦਮਪੁਰ, (ਪਰਮਜੀਤ ਸਿੰਘ)**-ਜ਼ਿਲ੍ਹੇ ਵਿੱਚ ਲੋਕ ਸਭਾ ਜ਼ਿਮਨੀ ਚੋਣ ਦਾ ਮੌਸਮ ਹੈ ਤੇ ਇਲਾਕੇ 'ਚ ਸੁਰੱਖਿਆ ਦੇ ਮੱਦੇਨਜ਼ਰ ਸਰਕਾਰ ਵਲੋਂ ਪੰਜਾਬ ਪੁਲਿਸ ਦੇ ਨਾਲ ਨਾਲ ਪੈਰਾ-ਮਿਲਟਰੀ ਫੋਰਸ ਵੀ ਤੈਨਾਤ ਕੀਤੀ ਗਈ ਹੈ ਪਰ ਬਾਵਜੂਦ ਇਸਦੇ ਚੋਰ ਕਾਨੂੰਨ ਤੋਂ ਬੇਖੌਫ ਇਲਾਕੇ 'ਚ ਚੋਰੀ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ । ਬੀਤੀ ਰਾਤ ਚੋਰ ਹਲਕਾ ਆਦਮਪੁਰ ਦੇ ਪਿੰਡ ਉੱਚਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਨਿਸ਼ਾਨਾ ਬਣਾਉਂਦਿਆਂ ਕਰੀਬ ਢਾਈ ਲੱਖ ਦੇ ਸਾਮਾਨ 'ਤੇ ਹੱਥ ਸਾਫ ਕਰ ਗਏ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਜੀਵਨ ਕੁਮਾਰ ਕਟਾਰੀਆ ਨੇ ਦੱਸਿਆ ਕਿ ਸਵੇਰੇ ਜਦ ਉਹ ਸਕੂਲ ਆਏ ਤਾਂ ਪਤਾ ਲੱਗਾ ਚੋਰਾਂ ਵਲੋ ਬੀਤੀ ਰਾਤ ਘਟਨਾ ਨੂੰ ਅੰਜਾਮ ਦਿੱਤਾ ਗਿਆ ਅਤੇ ਕਮਰਿਆਂ 'ਚ ਸਾਰਾ ਸਾਮਾਨ ਖਿੱਲਰਿਆ ਹੋਇਆ ਸੀ । ਉਨ੍ਹਾਂ ਦੱਸਿਆ ਕਿ ਚੋਰ 3 ਐਲ.ਸੀ.ਡੀ ਸਕ੍ਰੀਨਾਂ, ਕਰੀਬ 32000 ਕੀਮਤ ਦਾ ਸਾਊਂਡ ਸਿਸਟਮ, 3 ਪੱਖੇ, 2 ਗੈਸ ਸਿਲੰਡਰ, ਕੈਮਰਿਆਂ ਦਾ ਡੀ.ਵੀ.ਆਰ, ਸਟੀਲ ਦੀਆਂ 7 ਟੂਟੀਆਂ, ਟੋਨਰ, ਸਪੋਰਟਸ ਦਾ ਸਾਮਾਨ ਅਤੇ ਮਿਡ ਡੇ ਮੀਲ ਤਿਆਰ ਕਰਨ ਵਾਲੇ ਸਾਰੇ ਭਾਂਡੇ ਲੈ ਗਏ । ਉਨ੍ਹਾਂ ਦੱਸਿਆ ਕਿ ਕਰੀਬ ਇੱਕ ਹਫਤਾ ਪਹਿਲਾਂ ਵੀ ਸਕੂਲ ਵਿੱਚ ਚੋਰੀ ਹੋਈ ਸੀ ਤੇ ਉਦੋਂ ਚੋਰ 3 ਸਿਲੰਡਰ ਲੈ ਗਏ ਸਨ । ਉਨ੍ਹਾਂ ਕਿਹਾ ਕਿ ਉਸ ਸਮੇਂ ਵੀ ਪੁਲਸ ਨੂੰ ਇਸਦੀ ਸ਼ਿਕਾਇਤ ਕੀਤੀ ਗਈ ਸੀ ਤੇ ਬੀਤੀ ਰਾਤ ਚੋਰ ਕਰੀਬ ਢਾਈ ਲੱਖ ਦਾ ਨੁਕਸਾਨ ਕਰ ਗਏ । ਇਸ ਸੰਬੰਧੀ ਜਦ ਐੱਸ.ਐੱਚ.ਓ ਪਤਾਰਾ ਹਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਐੱਸ ਆਈ ਜਸਪਾਲ ਸਿੰਘ ਨੂੰ ਸੌਂਪੀ ਗਈ ਹੈ ਤੇ ਪ੍ਰਿੰਸੀਪਲ ਦੇ ਬਿਆਨਾਂ ਦੇ ਆਧਾਰ 'ਤੇ ਪਰਚਾ ਦਰਜ ਕਰ ਲਿਆ ਗਿਆ ਹੈ ।

## ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕਰ ਰਹੀ ਉਪਰਾਲੇ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਪਿੰਡਾਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਹਲਕੇ ਦੇ ਲੋਕਾਂ ਤੱਕ ਵੱਖ-ਵੱਖ ਤਰ੍ਹਾਂ ਦੀਆਂ ਸੁਵਿਧਾਵਾਂ ਯਕੀਨੀ ਪਹੁੰਚਾਈਆਂ ਜਾ ਸਕਣ। ਉਹ ਪਿੰਡ ਛਾਉਣੀ ਕਲਾਂ ਦੀ ਪੰਚਾਇਤ ਨੂੰ ਪਿੰਡ ਵਿਚ ਬਾਸਕਿਟਬਾਲ ਗਰਾਊਂਡ ਲਈ 5 ਲੱਖ ਰੁਪਏ ਦਾ ਚੈੱਕ ਸੌਂਪਣ ਦੌਰਾਨ ਸੰਬੋਧਨ ਕਰ ਰਹੇ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸਟੇਡੀਅਮ ਲਈ ਹੋਰ ਜ਼ਰੂਰਤਾਂ ਨੂੰ ਵੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ-ਨਾਲ ਪਿੰਡ ਦੇ ਵਿਕਾਸ ਸੰਬੰਧੀ ਹਰ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਵੱਧ ਤੋਂ ਵੱਧ ਉਤਸ਼ਾਹਿਤ ਕਰਨ। ਇਸ ਮੌਕੇ ਪਿੰਡ ਛਾਉਣੀ ਕਲਾਂ ਦੀ ਸਰਪੰਚ ਦਵਿੰਦਰ ਕੌਰ ਚੌਹਾਨ, ਬੀ.ਡੀ.ਪੀ.ਓ ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ, ਪਵਨ, ਰਜਿੰਦਰ ਕੁਮਾਰ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਜ਼ਿਮਨੀ ਚੋਣ ਦੇ ਸੰਬੰਧ 'ਚ ਕਾਂਗਰਸ ਦੀ ਵਿਸ਼ੇਸ਼ ਮੀਟਿੰਗ



**ਬਿਲਗਾ (ਵਿਜੇ ਕੁਮਾਰ)** ਲੋਕ ਸਭਾ ਹਲਕਾ ਜਲੰਧਰ ਦੀ ਜਿਮਨੀ ਚੋਣ ਦੇ ਸੰਬੰਧ ਵਿੱਚ ਨਗਰ ਬਿਲਗਾ ਵਿਖੇ ਕਾਂਗਰਸ ਪਾਰਟੀ ਦੀ ਇਕ ਮੀਟਿੰਗ ਡਾ. ਅੰਬੇਡਕਰ ਭਵਨ ਪੱਤੀ ਬੰਗਾ 'ਚ ਕੀਤੀ ਗਈ ਇਸ ਮੀਟਿੰਗ 'ਚ ਸਾਬਕਾ ਕੈਬਨਿਟ ਮੰਤਰੀ ਅਵਤਾਰ ਹੈਨਰੀ ਵਿਸ਼ੇਸ਼ ਤੌਰ 'ਤੇ ਪਹੁੰਚੇ ਮੀਟਿੰਗ ਨੂੰ ਹਲਕਾ ਵਿਧਾਇਕ ਬਰਿੰਦਰਜੀਤ ਸਿੰਘ ਪਾਹੜਾ ਗੁਰਦਾਸਪੁਰ, ਪਰਮਿੰਦਰ ਸਿੰਘ ਸੰਘੇੜਾ, ਹੈਪੀ ਸੰਧੂ, ਮਨਦੀਪ ਸਿੰਘ, ਹਲਕਾ ਇੰਚਾਰਜ ਨਕੋਦਰ ਨਵਜੋਤ ਸਿੰਘ ਦਾਹੀਆ, ਅਵਤਾਰ ਹੈਨਰੀ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਚੋਣ ਲੜਨ ਲਈ ਆਪਣੀ ਪਾਰਟੀ 'ਚੋਂ ਉਮੀਦਵਾਰ ਨਹੀਂ ਲੱਭਾ ਉਨ੍ਹਾਂ ਨੇ ਕਾਂਗਰਸ ਪਾਰਟੀ ਦਾ ਉਮੀਦਵਾਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਇਸ ਪਾਰਟੀ ਨੇ ਪਿਛਲੀਆਂ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਨੇ ਨਗਰ ਬਿਲਗਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ 10 ਮਈ ਨੂੰ ਕਾਂਗਰਸ ਦੀ ਉਮੀਦਵਾਰ ਬੀਬੀ ਕਰਮਜੀਤ ਕੌਰ ਨੂੰ ਵੋਟ ਪਾ ਕੇ ਭਾਰੀ ਬਹੁਮਤ ਨਾਲ ਜਿਤਾਇਆ ਜਾਵੇ। ਇਸ ਮੌਕੇ ਸੀ ਪੀ ਆਈ ਐਮ ਦੇ ਆਗੂਆਂ ਨੇ ਸੀਨੀਅਰ ਆਗੂ ਮਹਿੰਦਰ ਸਿੰਘ ਦੀ ਅਗਵਾਈ 'ਚ ਕਾਂਗਰਸ ਪਾਰਟੀ ਨੂੰ ਪੂਰਨ ਸਮਰਥਨ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਸਾਬਕਾ ਚੇਅਰਮੈਨ ਚਰਨ ਸਿੰਘ ਰਾਜੋਵਾਲ, ਸਾਬਕਾ ਚੇਅਰਮੈਨ ਗੁਰਦੀਪ ਸਿੰਘ ਥੰਮਣਵਾਲ, ਨਰੇਸ ਕੁਮਾਰ ਮਹੇ, ਸਾਬਕਾ ਨਗਰ ਪੰਚਾਇਤ ਮੈਂਬਰ ਪੂਜਾ ਮਹੇ, ਸਾਬਕਾ ਪ੍ਰਧਾਨ ਨਗਰ ਪੰਚਾਇਤ ਬਿਲਗਾ ਬੀਬੀ ਅਮਰਜੀਤ ਕੌਰ, ਹਰੀ ਓਮ , ਸਤਪਾਲ ਗਾਬਾ, ਮੋਹਨ ਭਗਤ, ਵਿਪਨ ਸੁੰਢਾ, ਰਵੀ ਮਹੇ, ਗੁਰਮੇਜ ਸਿੰਘ ਟੀ ਐਸ ਬੀ, ਰਵੀ ਟੇਲਰ ਤੋਂ ਇਲਾਵਾ ਵੱਡੀ ਗਿਣਤੀ ਨਗਰ ਵਾਸੀ ਹਾਜ਼ਰ ਸਨ।

## ਰੋਪੜ ਜਿਲ੍ਹੇ ਦੇ 10 ਵਿਦਿਆਰਥੀ 8ਵੀਂ ਦੀ ਪ੍ਰੀਖਿਆ 'ਚ ਮੈਰਿਟ



**ਰੋਪੜ (ਬਿੰਦਰਾ)**- ਰੋਪੜ ਜਿਲ੍ਹੇ ਦੇ 10 ਵਿਦਿਆਰਥੀ 8ਵੀਂ ਦੀ ਪ੍ਰੀਖਿਆ 'ਚ ਮੈਰਿਟ 'ਚ ਆਏ ਹਨ। ਜਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਨੇ ਇਸ ਬਾਬਤ ਦਸਦਿਆਂ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਲੀ ਦੇ ਮਨਵੀਰ ਸਿੰਘ 600 ਵਿਚੋਂ 594 ਅੰਕ ਲੈ ਕੇ ਜਿਲ੍ਹੇ 'ਚ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ। ਮਨਵੀਰ ਸਿੰਘ ਸੂਬੇ 'ਚ 6ਵਾਂ ਸਥਾਨ ਲਿਆ। ਸਰਕਾਰੀ ਸਕੂਲ ਸਸਕੌਰ ਦੇ ਮਾਧਵ ਨੇ 594ਅੰਕ ਲਏ ਉਹ ਜਿਲ੍ਹੇ 'ਚ ਦੂਜੇ ਅਤੇ ਸੂਬੇ 'ਚ 6ਵੇਂ ਸਥਾਨ ਪ੍ਰਾਪਤ ਕੀਤਾ। ਇਸੇ ਸਕੂਲ ਦੀ ਰਿਤਿਕਾ ਸੈਣੀ 593 ਅੰਕ ਲਏ। ਉਹ ਜਿਲ੍ਹੇ 'ਚ ਤੀਜੇ ਸਥਾਨ 'ਤੇ ਰਹੀ। ਕੰਨਿਆ ਸਕੂਲ ਨੰਗਲ ਦੀ ਨੰਦਨੀ 592 ਅੰਕ ਲੈ ਕੇ ਜਿਲ੍ਹੇ 'ਚ ਚੌਥੇ ਅਤੇ ਸੂਬੇ 'ਚ 8ਵਾਂ ਸਥਾਨ ਪ੍ਰਾਪਤ ਕੀਤਾ। ਕੰਨਿਆ ਸਕੂਲ ਨੂਰਪੁਰ ਬੇਦੀ ਦੀ ਇਸ਼ਾਨੀ ਨੇ 590 ਅੰਕ ਲਏ ਅਤੇ ਉਸ ਨੇ ਜਿਲ੍ਹੇ 'ਚ ਪੰਜਵਾਂ ਅਤੇ ਸੂਬੇ 10ਵਾਂ ਸਥਾਨ ਪ੍ਰਾਪਤ ਕੀਤਾ। ਸਰਕਾਰੀ ਹਾਈ ਸਕੂਲ ਮੁਕਾਰੀ ਦੀ ਜਸਨਪ੍ਰੀਤ ਕੌਰ 589 ਅੰਕ ਲੈ ਕੇ ਜਿਲ੍ਹੇ 'ਚ ਛੇਵਾਂ ਅਤੇ ਸੂਬੇ 'ਚ, 11ਵਾਂ ਸਥਾਨ ਪ੍ਰਾਪਤ ਕੀਤਾ। ਸੰਤ ਬਾਬਾ ਸੇਵਾ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਭਲੜੀ ਦੀ ਕੋਮਲਪ੍ਰੀਤ ਕੌਰ 589 ਅੰਕ ਲੈਕੇ ਜਿਲ੍ਹੇ 'ਚ ਸਤਵੇਂ ਅਤੇ ਸੂਬੇ 'ਚ 11ਸਥਾਨ ਲਿਆ। ਭਲੜੀ ਦੀ ਮਨਜੀਤ ਕੌਰ ਨੇ 588 ਅੰਕਾਂ ਨਾਲ ਜਿਲ੍ਹੇ 'ਚ ਅਠਵਾਂ ਅਤੇ ਸੂਬੇ 'ਚ 12ਵਾਂ ਸਥਾਨ ਲਿਆ। ਕੰਨਿਆ ਸਕੂਲ ਰੋਪੜ ਦੀ ਅਵਲਦੀਪ ਕੌਰ ਨੇ 587 ਅੰਕਾਂ ਨਾਲ ਜਿਲ੍ਹੇ 'ਚ ਨੌਵਾਂ ਅਤੇ ਸੂਬੇ 'ਚ 13ਵਾਂ ਅਤੇ ਪੁਰਖਾਲੀ ਸਕੂਲ ਦੀ ਜੰਨਤਵੀਰ ਕੌਰ ਜਿਲੇ 'ਚ 10ਵੇਂ ਅਤੇ ਸੂਬੇ 'ਚ 13 ਸਥਾਨ ਪ੍ਰਾਪਤ ਕੀਤਾ।

## ਜੀ ਆਰ ਡੀ ਇੰਟਰਨੈਸ਼ਨਲ ਪਬਲਿਕ ਸਕੂਲ ਟਾਂਡਾ ਵਿਖੇ ਡੀ-ਵਾਰਮਿੰਗ ਦਿਵਸ ਮਨਾਇਆ



**ਟਾਂਡਾ ਉੜਮੁੜ, (ਉਂਕਾਰ ਸਿੰਘ ਜਸਵਿੰਦਰ ਸੰਧੂ )**-ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਟਰਨੈਸਨਲ ਪਬਲਿਕ ਸਕੂਲ ਟਾਂਡਾ ਵਿਖੇ ਡੀ ਵਾਰਮਿੰਗ ਦਿਵਸ ਮਨਾਇਆ ਗਿਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪ੍ਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸਾ-ਨਿਰਦੇਸਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਦੇ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀਆਂ ਹਦਾਇਤਾਂ ਵੱਖ-ਵੱਖ ਕਲਾਸਾਂ ਦੇ ਬੱਚਿਆਂ ਨੂੰ ਐਲਬੈਂਡਾਜੋਲ ਗੋਲੀਆਂ ਵੰਡੀਆਂ ਗਈਆਂ। ਇਸ ਮੌਕੇ ਸੰਬੋਧਨ ਕਰਦੇ ਹੋਏ ਸੰਸਥਾ ਦੇ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਨੇ ਬੱਚਿਆਂ ਨੂੰ ਵਿਸਵ ਡੀ ਵਾਰਮਿੰਗ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਇਸ ਦਿਨ ਬੱਚਿਆਂ ਨੂੰ ਪੇਟ ਦੇ ਕੀੜੇਮਾਰ ਦੀਆਂ ਘੋੜੀਆਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਵਾਇਸ ਪ੍ਰਿੰਸੀਪਲ ਰੇਨੂ ਬਾਲਾ, ਦਲਜਿੰਦਰ ਕੌਰ ,ਰੇਨੂੰ ਸਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਕਸਮੀਰ ਕੌਰ, ਜਸਲੀਨ ਕੌਰ, ਰਾਜਵੀਰ ਕੌਰ, ਸੀਮਾ ਜਾਜਾ, ਮੈਡਮ ਪਿੰਕੀ, ਰਜਨੀ ਸੈਣੀ, ਮੈਡਮ ਪਾਇਲ, ਸਿਮਰਨ ਕੌਰ, ਤੇਜਿੰਦਰ ਕੌਰ, ਬਲਜੀਤ ਕੌਰ ,ਸਿਮਰਨਜੀਤ ਕੌਰ, ਸਿਮਰਨ ਕੌਰ, ਮਨਦੀਪ ਕੌਰ, ਮਨਜੀਤ ਕੌਰ, ਰਜਿੰਦਰ ਕੌਰ, ਨਵਪ੍ਰੀਤ ਕੌਰ, ਬਲਜੀਤ ਕੌਰ, ਹਰਦੀਪ ਕੌਰ, ਰਾਜਵਿੰਦਰ ਕੌਰ ਆਦਿ ਵੀ ਮੌਜੂਦ ਸਨ।

ਆਂਗਨਵਾੜੀ ਵਰਕਰ ਤੇ ਹੈਲਪਰ ਯੂਨੀਅਨ (ਏਟਕ)

ਪੈਨਸ਼ਨਰ ਵੈਲਫੇਅਰ ਫੈਡਰੇਸ਼ਨ, ਮੰਡਲ ਜ਼ੀਰਾ

# ਟਰੇਡ ਯੂਨੀਅਨ ਕੌਂਸਲ ਜ਼ੀਰਾ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਪ੍ਰਣਾਮ

ਸੰਦੇਸ਼
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
ਗੁਰਤੇਜ ਸਿੰਘ ਗਿੱਲ
ਨਾਇਬ ਤਹਿਸੀਲਦਾਰ

ਸੰਦੇਸ਼
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
ਤਰਸੇਮ ਸਿੰਘ ਬਰਾੜ
ਪ੍ਰਧਾਨ

ਸੰਦੇਸ਼
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
ਬਲੌਰ ਸਿੰਘ ਚਾਹਲ
ਟਰੈਫਿਕ ਇੰਚਾਰਜ

ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
ਰੋਮੀ ਚੋਪੜਾ
ਸੀਨੀਅਰ ਕਾਂਗਰਸ ਆਗੂ
ਸੰਜੀਵ ਬਾਂਸਲ
ਸਹਿਯੋਗੀ

# ਸੰਦੇਸ਼
# ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ ਅਤੇ

## ਸ਼ਿਕਾਗੋ ਦੇ ਸ਼ਹੀਦਾਂ ਨੂੰ ਕੋਟਿ ਕੋਟਿ ਪ੍ਰਣਾਮ

ਸ: ਰੂਪ ਸਿੰਘ ਸੰਧੂ NRI

ਧੰਨਵਾਦ
ਮੈਂ ਧੰਨਵਾਦੀ ਹਾਂ ਉਹਨਾਂ ਸਮੂਹ ਸੱਜਣਾ ਮਿੱਤਰਾਂ ਦਾ ਜਿੰਨ੍ਹਾ ਨੇ ਮੈਨੂੰ ਸਪਲੀਮੈਂਟ ਕੱਢਣ ਤੇ ਪੂਰਾ ਸਹਿਯੋਗ ਦਿੱਤਾ, ਮੈਂ ਨਵਾਂ ਜ਼ਮਾਨਾ ਪੱਤਰਕਾਰ ਨਰਿੰਦਰ ਅਨੇਜਾ ਹਰ ਸਮੇਂ ਤੁਹਾਡੀ ਸੇਵਾ ਲਈ ਹਾਜ਼ਿਰ ਹਾਂ
ਮੋਬ: 98725-09949

ਪ੍ਰੋ: ਜੱਜ 98140-59376 98775-77177
Sethi Medical Agencies
ਇੱਥੇ ਹਰ ਤਰ੍ਹਾਂ ਦੀਆਂ ਅੰਗਰੇਜ਼ੀ ਤੇ ਦੇਸੀ ਦਵਾਈਆਂ ਹੋਲਸੇਲ ਰੇਟਾਂ ਤੇ ਮਿਲਦੀਆਂ ਹਨ।
ਗਉਸ਼ਾਲਾ ਰੋਡ, ਪੰਜਾਬ ਐਂਡ ਸਿੰਧ ਬੈਂਕ ਦੇ ਸਾਹਮਣੇ, ਜ਼ੀਰਾ

SUKHMANI SUPER SPECIALITY HOSPITAL
ਸੰਜੀਵ ਨਾਰੰਗ MD
ਸ਼ਹਿਰ ਜ਼ੀਰਾ ਹਲਕੇ ਦਾ ਇੱਕੋ ਇੱਕ ਵਾਜਿਬ ਰੇਟਾਂ ਤੇ ਬੁਨਿਆਦੀ ਸਹੂਲਤਾਂ ਦੇਣ ਵਾਲਾ
ਸੁਖਮਨੀ ਸੁਪਰ ਸਪੈਸ਼ਲਿਟੀ ਹਸਪਤਾਲ ਜ਼ੀਰਾ ਵੱਲੋਂ ਡਾਇਲਸਿਸ ਸੁਵਿਧਾ ਉਪਲਬੱਧ ਹੈ 24/7
ਡਾ. ਸਾਜਣ ਹੁਸੈਨ ਮਲਿਕ | ਡਾ. ਨਿਤਾਸ਼ਾ ਕਾਲੜਾ | ਡਾ. ਮਨਜੋਤ ਕੌਰ
ਪਤਾ: ਸੁਖਮਨੀ ਸੁਪਰ ਸਪੈਸ਼ਲਿਟੀ ਹਸਪਤਾਲ, ਫਿਰੋਜ਼ਪੁਰ ਰੋਡ, ਜ਼ੀਰਾ Ph. 98145-51113

# ਸ਼ਿਕਾਗੋ ਦੇ ਸ਼ਹੀਦਾਂ ਨੂੰ
ਟਰੱਕ ਆਪ੍ਰੇਟਰ ਯੂਨੀਅਨ ਜ਼ੀਰਾ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ!
ਟਰੱਕ ਆਪ੍ਰੇਟਰ ਯੂਨੀਅਨ ਜ਼ੀਰਾ ਪਿਛਲੇ 40 ਸਾਲਾਂ ਤੋਂ ਸਰਕਾਰੀ ਅਤੇ ਗ਼ੈਰ ਸਰਕਾਰੀ ਏਜੰਸੀਆਂ ਦਾ ਕੰਮ ਸਫਲਤਾ ਪੂਰਵਕ ਕਰ ਰਹੀ ਹੈ, ਇੱਥੋਂ ਦੇਸ਼ ਦੇ ਹਰ ਕੋਨੇ ਲਈ ਮਾਲ ਦੀ ਢੋਆ-ਢੁਆਈ ਲਈ ਟਰੱਕ ਮਿਲਦੇ ਹਨ।
ਸੰਪਰਕ:-98885-68000, 98888-65526

ਸ਼ਿਕਾਗੋ ਦੇ ਸ਼ਹੀਦਾਂ ਨੂੰ ਕੋਟਿ ਕੋਟਿ ਪ੍ਰਣਾਮ
ਗਿੱਲ ਸਵੀਟ ਜ਼ੀਰਾ
ਸਾਡੀ ਦੁਕਾਨ ਤੋਂ ਸ਼ੁੱਧ ਦੁੱਧ ਦਾ ਦਹੀ, ਪਨੀਰ, ਖੋਆ, ਮੱਖਣ ਕਰੀਮ, ਲੱਸੀ ਅਤੇ ਤਾਜ਼ਾ ਮਠਿਆਈਆਂ ਮਿਲਦੀਆਂ ਹਨ।
ਹਰਚਰਨ ਸਿੰਘ ਗਿੱਲ 70091-10518
chohlaharcharan17@gmail.com
ਦਰਬਾਰਾ ਸਿੰਘ ਗਿੱਲ 80707-00313
ਨੇੜੇ ਨਗਰ ਕੌਂਸਲ, ਕੋਟ ਈਸੇ ਖਾਂ ਰੋਡ, ਜ਼ੀਰਾ

Affiliation No. F/S-1813
Sh. SAWAN MAL AGGARWAL SEN SEC. SCHOOL
Railway Road, Zira (Fzr)
ADMISSION OPEN
CONVENT WING Pre-Nursery to IInd (I.C.S.E. Pattern) | MIDDLE WING Pre-Nursery to 8th (C.B.S.E. Pattern) | SEN. SEC. WING 9th to 12th (P.S.E.B. Pattern)
FULLY AC WING
COME & SEE THE DIFFERENCE
Contact for Admission :
PRINCIPAL : Mrs. CHANCHAL
PRESIDENT : Sh. RAJIV KUMAR M. 81958-00332
M. 91158-50437, 01682 500437

# ਸੰਦੇਸ਼
ਇਕ ਅਦਾਰਾ-ਇਕ ਯੂਨੀਅਨ ਜ਼ਿੰਦਾਬਾਦ
ਪੰਜਾਬ ਰਾਜ ਬਿਜਲੀ ਬੋਰਡ ਇੰਮਪਲਾਈਜ਼ ਫੈਡਰੇਸ਼ਨ
ਸਰਕਲ ਫਿਰੋਜ਼ਪੁਰ ਰਜਿ: ਨੰ: 14/1965
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
ਬਲਕਾਰ ਸਿੰਘ ਭੁੱਲਰ ਜੋਨ ਪ੍ਰਧਾਨ ਬਠਿੰਡਾ | ਸੁਖਦੇਵ ਸਿੰਘ ਬੱਗੀ ਪਤਨੀ ਸਕੱਤਰ ਪੰਜਾਬ | ਦਲਜੀਤ ਸਿੰਘ ਬਿੱਟੂ ਪ੍ਰਧਾਨ ਮੱਲਾ ਵਾਲਾ | ਬਲਦੇਵ ਸਿੰਘ ਜੇ.ਈ. (ਮੋਗਾ) ਸਰਕਲ ਆਗੂ

ਸੰਦੇਸ਼
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
ਤਰਸੇਮ ਸਫਰੀ

Estd. 1982 celebrating 40 years
ਸੋਨੀ ਰੇਡੀਓਜ਼
ਨੇੜੇ ਮੇਨ ਬੱਸ ਸਟੈਂਡ, ਜ਼ੀਰਾ M. 98760-36791
ਇਲੈਕਟ੍ਰੋਨਿਕਸ ਦੇ ਖੇਤਰ ਵਿੱਚ ਸੇਵਾ ਦੇ 40 ਸਾਲ
Estd. 1982
ਸੋਨੀ ਰੇਡੀਓਜ਼
ਨੇੜੇ ਮੇਨ ਬੱਸ ਸਟੈਂਡ, ਜ਼ੀਰਾ

ਅਸ਼ੋਕ ਕਥੂਰੀਆਂ ਪ੍ਰਧਾਨ (ਅਰੋੜਾ ਬਰਾਦਰੀ)
ਦੀ ਮਿਹਨਤ ਸਦਕਾ ਸਰਕਾਰੀ ਹਸਪਤਾਲ ਵਿੱਚ ਨਵ ਜੰਮੀਆਂ ਲੜਕੀਆਂ ਨੂੰ 1100 ਰੁ: ਸਕੀਮ ਜਾਰੀ ਹੈ

ਮੇਰਾ ਪਹਿਲਾ ਕੰਮ ਸ਼ਹਿਰ ਨਿਵਾਸੀਆਂ ਨੂੰ ਵੱਧ ਤੋਂ ਵੱਧ ਸਹੂਲਤਾ ਮੁਹੱਈਆ ਕਰਵਾਉਣਾ
ਪ੍ਰਧਾਨ ਰਾਜੀਵ ਬਾਂਸਲ
(ਸਾਵਣ ਮੱਲ ਅਗਰਵਾਲ ਟਰੱਸਟ, ਜ਼ੀਰਾ)
ਰਾਜੀਵ ਬਾਂਸਲ ਪ੍ਰਧਾਨ | ਰਾਜ ਕੁਮਾਰ ਕੈਸ਼ੀਅਰ

# ਸੰਦੇਸ਼
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ
Medical Practitioners Association Punjab MPAP (Regd. 295)
ਡਾ: ਗੁਰਦਿੱਤ ਸਿੰਘ ਪ੍ਰਧਾਨ | ਡਾ: ਆਤਮਾ ਸਿੰਘ ਸਰਪ੍ਰਸਤ | ਡਾ: ਗੁਰਮੀਤ ਸਿੰਘ ਮੈਂਬਰ | ਡਾ: ਤਰਸੇਮ ਸਿੰਘ ਮੈਂਬਰ

# ਸੰਦੇਸ਼
ਗੌਰਮਿੰਟ ਟੀਚਰਜ਼ ਯੂਨੀਅਨ ਫਿਰੋਜ਼ਪੁਰ ਵੱਲੋਂ
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ

# ਸੰਦੇਸ਼
ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ
ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਨਰਿੰਦਰ ਅਨੇਜਾ ਨੂੰ ਬਹੁਤ ਬਹੁਤ ਮੁਬਾਰਕਾਂ

# ਚੇਅਰਮੈਨ ਪਨਗ੍ਰੇਨ ਵੱਲੋਂ ਦਾਣਾ ਮੰਡੀ ਪਾਖਰਪੁਰਾ ਦਾ ਤੂਫਾਨੀ ਦੌਰਾ



ਮਜੀਠਾ (ਸੋਇਮ ਆਨੰਦ)-ਆਮ ਆਦਮੀ ਪਾਰਟੀ ਵਲੋਂ ਇਹ ਵੀ ਵਾਅਦਾ ਕੀਤਾ ਸੀ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ ਜਾਵੇਗਾ, ਇਸ ਵਾਅਦੇ ਨੂੰ ਵਫਾ ਕਰਨ ਲਈ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਨੇ ਦਿਨ ਰਾਤ ਇਕ ਕੀਤਾ ਹੋਇਆ ਹੈ। ਬਲਦੇਵ ਸਿੰਘ ਮਿਆਦੀਆਂ ਚੇਅਰਮੈਨ ਪਨਗ੍ਰੇਨ ਵਲੋਂ ਹਲਕਾ ਮਜੀਠਾ ਦੀ ਪਾਖਰਪੁਰਾ ਦਾਣਾ ਮੰਡੀ ਦਾ ਤੂਫਾਨੀ ਦੌਰਾ ਕੀਤਾ ਗਿਆ। ਉਨ੍ਹਾਂ ਖ੍ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਮੰਡੀ ਵਿੱਚ ਜਿਣਸ ਲੈ ਕੇ ਆਏ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ ਅਤੇ ਕਿਸਾਨਾਂ ਕੋਲੋਂ ਸੁਚੱਜੇ ਮੰਡੀਕਰਨ ਲਈ ਸੁਝਾਅ ਵੀ ਮੰਗੇ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਮੀਤ ਸਿੰਘ ਅਤੇ ਜਸਕਰਨ ਸਿੰਘ ਭੰਗਵਾਂ ਵਲੋਂ ਬੇਨਤੀ ਕੀਤੀ ਗਈ ਕੇ ਚੁੱਕਾਈ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ ਜਿਸ 'ਤੇ ਚੇਅਰਮੈਨ ਵਲੋਂ ਵਿਸ਼ਵਾਸ ਦਿੱਤਾ ਗਿਆ ਕਿ ਚੁਕਾਈ ਦਾ ਜਲਦੀ ਹੀ ਹੱਲ ਕਰ ਲਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਰਮਨਦੀਪ ਸਿੰਘ ਡਿਪਟੀ ਜ਼ਿਲਾ ਮੰਡੀ ਅਫਸਰ ਅਮਨਦੀਪ ਸਿੰਘ, ਜ਼ਿਲਾ ਫੂਡ ਸਪਲਾਈ ਅਫਸਰ ਮੀਨੂੰ ਸ਼ਰਮਾ, ਬਲਾਕ ਫੂਡ ਅਫਸਰ ਕੁਲਦੀਪ ਸਿੰਘ ਕਾਹਲੋਂ, ਹਰਮਨ ਦੀਪ ਸਿੰਘ ਇੰਸਪੈਕਟਰ, ਅਸੀਸ ਮਹਾਜਨ ਇੰਸਪੈਕਟਰ, ਅਵਤਾਰ ਸਿੰਘ ਕਾਹਲੋਂ, ਬੌਬੀ ਸੋਢੀ, ਰਿੰਕੂ ਸੋਢੀ, ਦਲਬੀਰ ਸਿੰਘ ਬੱਲ, ਸੰਦੀਪ ਸਿੰਘ ਬੱਲ, ਸੋਨੂ ਸੋਢੀ, ਜਸਬੀਰ ਸਿੰਘ ਬੱਲ, ਮਨਜੀਤ ਸਿੰਘ ਬੱਲ, ਗੁਰਪ੍ਰੀਤ ਸਿੰਘ ਕਾਹਲੋਂ, ਹਰਪ੍ਰੀਤ ਸਿੰਘ ਮਾਨ, ਪ੍ਰਦੀਪ ਪੁਰੀ, ਦਿਲਬਾਗ ਸਿੰਘ ਸੋਹੀ, ਨਿਤੀਸ਼ ਅਗਨੀਹੋਤਰੀ, ਹਰਜਿੰਦਰ ਸਿੰਘ ਗਿੱਲ ਅਤੇ ਹਰਦੀਪ ਸਿੰਘ ਹਾਜ਼ਰ ਸਨ।

# ਗੁਰਦੁਆਰਾ ਡਾਂਗਮਾਰ ਸਾਹਿਬ ਵਿਖੇ ਸਿੱਖ ਮਰਯਾਦਾ ਬਹਾਲ ਹੋਣੀ ਸਿੱਖਾਂ ਲਈ ਖ਼ੁਸ਼ੀ ਦੀ ਗੱਲ: ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਿੱਕਮ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਗੁਰ ਮਰਯਾਦਾ ਬਹਾਲ ਹੋ ਜਾਣ 'ਤੇ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਨੇ ਤਸੱਲੀ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਕਿ ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ ਤੇ ਹਰੇਕ ਸਿੱਖ ਦੀ ਇੱਛਾ ਤੇ ਮੰਗ ਸੀ ਕਿ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਮਰਯਾਦਾ ਤੁਰੰਤ ਬਹਾਲ ਹੋਵੇ ਤੇ ਦਖ਼ਲ ਦੇ ਰਹੀਆਂ ਧਿਰਾਂ ਮਰਯਾਦਾ ਨੂੰ ਪ੍ਰਭਾਵਿਤ ਨਾ ਕਰਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀ ਸਿੱਕਮ ਹਾਈ ਕੋਰਟ ਨੇ ਦਖ਼ਲ ਦੇ ਕੇ ਮਰਯਾਦਾ ਪਹਿਲਾਂ ਦੀ ਤਰ੍ਹਾਂ ਬਹਾਲ ਕਰਨ ਦੇ ਆਦੇਸ਼ ਦਿੱਤੇ ਹਨ, ਇਸ ਪਿੱਛੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੀ ਮਿਹਨਤ ਤੇ ਦਿਲਚਸਪੀ ਰੰਗ ਲਿਆਈ ਹੈ। ਨਿਹੰਗ ਮੁਖੀ ਨੇ ਕਿਹਾ ਕਿ ਇਹ ਮਾਮਲਾ 2007 ਤੋਂ ਪ੍ਰਭਾਵਿਤ ਸੀ ਚੱਲੋਂ ਦੇਰ ਆਇਦ ਦਰੁਸਤ ਆਇਦ ਨਾਲ ਹੀ ਭਲਾ ਹੈ। ਉਨ੍ਹਾਂ ਕਿਹਾ ਘੱਟ ਗਿਣਤੀ ਭਾਈ ਚਾਰਿਆਂ ਦੇ ਧਾਰਮਿਕ ਅਸਥਾਨਾਂ ਨਾਲ ਵਿਤਕਰਾ ਬਹੁ ਗਿਣਤੀ ਲਈ ਵਾਜਬ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣੀ ਸਬ ਕਮੇਟੀ ਨੇ ਸਿੰਧੀ, ਨਿਰਮਲੇ, ਉਦਾਸੀ, ਭਾਈਚਾਰੇ ਦੇ ਧਾਰਮਿਕ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰ ਮਰਯਾਦਾ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹ ਨਾਲ ਸਹਿਮਤੀ ਪ੍ਰਗਟਾਈ ਅਤੇ ਕਿਹਾ ਕਿ ਪੰਥ ਦੇ ਭਿੰਨ-ਭਿੰਨ ਅੰਗ ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਥਾ ਵਿਸ਼ਵਾਸ ਰਖਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦਾ ਪਾਲਣ ਕਰਦੇ ਹਨ ਉਨ੍ਹਾਂ ਨੂੰ ਪੰਥ ਤੋਂ ਦੂਰ ਨਹੀਂ ਕਰਨਾ ਚਾਹੀਦਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਉਪਰਾਲਾ ਦੂਰ ਅੰਦੇਸ਼ੀ ਤੇ ਪੰਥਕ ਸੋਚ ਵਾਲਾ ਹੈ।

# ਜ਼ਿਲੇਦਾਰ ਅਮੋਲਕ ਸਿੰਘ ਸੇਖਵਾਂ ਨੂੰ ਸੇਵਾਮੁਕਤੀ ਮੌਕੇ ਨਿੱਘੀ ਵਿਦਾਇਗੀ



ਬਟਾਲਾ, (ਤਰਲੋਕ ਬੱਗਾ)-ਜ਼ਿਲ੍ਹੇਦਾਰ ਅਮੋਲਕ ਸਿੰਘ ਸੇਖਵਾਂ ਨਹਿਰੀ ਵਿਭਾਗ ਵਿੱਚ 39 ਸਾਲ ਸ਼ਾਨਦਾਰ ਸੇਵਾਵਾਂ ਨਿਭਾਉਣ ਤੋਂ ਬਾਅਦ ਸੇਵਾਮੁਕਤ ਹੋ ਗਏ ਹਨ। ਅਮੋਲਕ ਸਿੰਘ ਸੇਖਵਾਂ ਅਪ੍ਰੈਲ 1984 ਵਿੱਚ ਨਹਿਰੀ ਵਿਭਾਗ ਵਿੱਚ ਭਰਤੀ ਹੋਏ ਸਨ। ਇਸ ਸਮੇਂ ਉਹ ਬਟਾਲਾ ਵਿਖੇ ਜ਼ਿਲ੍ਹੇਦਾਰ ਵਜੋਂ ਸੇਵਾਵਾਂ ਨਿਭਾ ਰਹੇ ਸਨ। ਅਮੋਲਕ ਸਿੰਘ ਸੇਖਵਾਂ ਨੂੰ ਨਹਿਰੀ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸੇਵਾਮੁਕਤੀ ਮੌਕੇ ਨਿੱਘੀ ਵਿਦਾਇਗੀ ਦਿੱਤੀ ਗਈ।

ਇਸ ਮੌਕੇ ਸਾਹਿਲ ਕੁਮਾਰ ਕਾਰਜਕਾਰੀ ਇੰਜੀਨੀਅਰ ਮੰਡਲ ਗੁਰਦਾਸਪੁਰ, ਐੱਸ.ਡੀ.ਓ. ਪ੍ਰਦੀਪ ਬਹਿਲ, ਉਸਤਾਦ ਬੂਟਾ ਸਿੰਘ ਰਿਆੜ ਸਾਬਕਾ ਜ਼ਿਲ੍ਹਾਦਾਰ, ਤਰਲੋਕ ਸਿੰਘ ਪਟਵਾਰੀ, ਕੇਵਲ ਸਿੰਘ ਮਾਲ ਪਟਵਾਰੀ, ਹਰਪ੍ਰੀਤ ਸਿੰਘ ਪਟਵਾਰੀ, ਸੁਖਜੀਤ ਕੌਰ ਪਟਵਾਰੀ, ਮਿਸ ਸ਼ੈਲੀ ਪਟਵਾਰੀ, ਰਾਜਵਿੰਦਰ ਕੌਰ ਪਟਵਾਰੀ ਅਤੇ ਨਹਿਰੀ ਵਿਭਾਗ ਬਟਾਲਾ ਸੈਕਸ਼ਨ ਦਾ ਸਾਰਾ ਸਟਾਫ਼ ਹਾਜ਼ਰ ਸੀ।

ਇਸ ਤੋਂ ਇਲਾਵਾ ਅਮੋਲਕ ਸਿੰਘ ਸੇਖਵਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਸੇਖਵਾਂ ਵੱਲੋਂ ਨਹਿਰੀ ਵਿਭਾਗ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਾਰਜਕਾਰੀ ਇੰਜੀਨੀਅਰ ਮੰਡਲ ਗੁਰਦਾਸਪੁਰ ਸਾਹਿਲ ਕੁਮਾਰ ਨੇ ਕਿਹਾ ਕਿ ਵਿਭਾਗ ਹਮੇਸ਼ਾ ਅਮੋਲਕ ਸਿੰਘ ਸੇਖਵਾਂ ਦੀਆਂ ਸੇਵਾਵਾਂ ਨੂੰ ਯਾਦ ਰੱਖੇਗਾ। ਉਨ੍ਹਾਂ ਕਿਹਾ ਕਿ ਵਿਭਾਗ ਦੇ ਸਮੂਹ ਸਾਥੀ ਅਧਿਕਾਰੀ ਤੇ ਕਰਮਚਾਰੀ ਸੇਵਾ ਮੁਕਤੀ ਮੌਕੇ ਅਮੋਲਕ ਸਿੰਘ ਨੂੰ ਵਧਾਈ ਦੇਣ ਦੇ ਨਾਲ ਉਨ੍ਹਾਂ ਦੀ ਸਿਹਤਮੰਦ ਤੇ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਕਰਦੇ ਹਨ।

ਇਸ ਮੌਕੇ ਅਮੋਲਕ ਸਿੰਘ ਸੇਖਵਾਂ ਨੇ ਕਿਹਾ ਕਿ ਆਪਣੀ ਨੌਕਰੀ ਦੌਰਾਨ ਉਨ੍ਹਾਂ ਨੂੰ ਵਿਭਾਗ ਦੇ ਅਧਿਕਾਰੀਆਂ ਅਤੇ ਸਾਥੀ ਮੁਲਾਜ਼ਮਾਂ ਦਾ ਪੂਰਾ ਸਹਿਯੋਗ ਮਿਲਿਆ ਹੈ ਜਿਸ ਲਈ ਉਹ ਸਭ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਉਹ ਆਪਣੇ ਵਿਭਾਗ ਅਤੇ ਲੋਕ ਸੇਵਾ ਨੂੰ ਸਪਰਪਿਤ ਰਹਿਣਗੇ।

# ਪੰਜਾਬ ਸਰਕਾਰ ਦੇ ਹੁਕਮਾਂ 'ਤੇ ਜ਼ਿਲ੍ਹੇ ਦੇ ਸਰਕਾਰੀ ਦਫ਼ਤਰਾਂ ਦਾ ਸਮਾਂ ਬਦਲਿਆ

**ਭਲਕ ਤੋਂ ਦਫ਼ਤਰ ਸਵੇਰੇ 7:30 ਤੋਂ ਦੁਪਹਿਰ 2.00 ਵਜੇ ਤੱਕ ਲੱਗਣਗੇ : ਡਿਪਟੀ ਕਮਿਸ਼ਨਰ**

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਾਰੇ ਦਫ਼ਤਰਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਨਿਰਦੇਸ਼ਾਂ ਤਹਿਤ ਹੁਣ ਜ਼ਿਲ੍ਹੇ ਦੇ ਸਮੁੱਚੇ ਪੰਜਾਬ ਸਰਕਾਰ ਦੇ ਅਦਾਰੇ 02 ਮਈ 2023 ਦਿਨ ਮੰਗਲਵਾਰ ਤੋਂ ਸਵੇਰੇ 07:30 ਵਜੇ ਤੋਂ ਦੁਪਹਿਰ 02:00 ਵਜੇ ਤੱਕ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਸਰਕਾਰੀ ਦਫ਼ਤਰਾਂ ਦੇ ਬਦਲੇ ਹੋਏ ਨਵੇਂ ਸਮੇਂ ਦਾ ਧਿਆਨ ਰੱਖਣ ਅਤੇ ਉਸ ਅਨੁਸਾਰ ਹੀ ਆਪਣੇ ਕੰਮਾਂ-ਕਾਜਾਂ ਲਈ ਸਰਕਾਰੀ ਦਫ਼ਤਰਾਂ ਵਿੱਚ ਪਹੁੰਚ ਕਰਨ। ਉਨ੍ਹਾਂ ਕਿਹਾ ਕਿ ਇਹ ਸਮਾਂ ਸਾਰਣੀ 15 ਜੁਲਾਈ, 2023 ਤੱਕ ਲਾਗੂ ਰਹੇਗੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਬਦਲਿਆ ਨਵਾਂ ਸਮਾਂ ਪੰਜਾਬ ਦੇ ਸਮੂਹ ਖੇਤਰੀ ਦਫ਼ਤਰਾਂ, ਸਿਵਲ ਸਕੱਤਰੇਤ ਅਤੇ ਹੋਰ ਮੁੱਖ ਦਫ਼ਤਰਾਂ ਸਮੇਤ ਸਾਰੇ ਦਫ਼ਤਰਾਂ ਵਿੱਚ ਇਕਸਾਰ ਲਾਗੂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਅੱਤ ਦੀ ਗਰਮੀ ਦੌਰਾਨ ਬਿਜਲੀ ਦੀ ਖਪਤ ਨੂੰ ਘਟਾਉਣ ਅਤੇ ਦਫ਼ਤਰਾਂ ਵਿੱਚ ਬਿਹਤਰ ਤਾਲਮੇਲ ਅਤੇ ਨਿਯੰਤਰਣ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਨੂੰ ਅਮਲ ਵਿੱਚ ਲਿਆਉਣ ਲਈ ਤੇ ਜ਼ਿਲ੍ਹੇ ਦੇ ਦਫ਼ਤਰਾਂ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੇ ਅਧਿਕਾਰੀ ਅਤੇ ਕਰਮਚਾਰੀ ਸਹਿਯੋਗ ਦੇਣ ਅਤੇ ਨਵੇਂ ਸਮੇਂ ਦੀ ਪਾਲਣਾ ਕਰਨ।

# ਯਾਦਗਾਰੀ ਹੋ ਨਿੱਬੜਿਆ ਵਿਰਸਾ ਵਿਹਾਰ ਵਿਖੇ ਮਨਾਇਆ ਵਿਸ਼ਵ ਨ੍ਰਿਤ ਦਿਵਸ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ ਡਾ. ਰਸ਼ਮੀ ਦੀ ਅਗਵਾਈ ਵਿੱਚ 'ਵਿਸ਼ਵ ਨ੍ਰਿਤ ਦਿਵਸ' ਨੂੰ ਸਮਰਪਿਤ ਕਲਾਸੀਕਲ ਅਤੇ ਲੋਕ ਨਾਚਾਂ ਦੀ ਪੇਸ਼ਕਾਰੀ ਕੀਤੀ ਗਈ। ਸਮਾਗਮ ਉਪਰੰਤ ਵਿਰਸਾ ਵਿਹਾਰ ਸੁਸਾਇਟੀ ਵੱਲੋਂ ਪ੍ਰਸਿੱਧ ਨਾਟਕਕਾਰ ਮੁਕੇਸ਼ ਕੁੰਦਰਾ ਦੇ ਅਕਾਲ ਚਲਾਣੇ 'ਤੇ 2 ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਨਾਟਕਕਾਰ ਕੇਵਲ ਧਾਲੀਵਾਲ ਨੇ ਮੁਕੇਸ਼ ਕੁੰਦਰਾ ਦੇ ਰੰਗਮੰਚ ਦੇ ਸਫ਼ਰ ਬਾਰੇ ਜਾਣਕਾਰੀ ਦਿੰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸ਼ਾਨਦਾਰ ਸਮਾਗਮ ਦਾ ਆਗਾਜ਼ ਸ਼੍ਰੋਮਣੀ ਨਾਟਕਾਰ ਕੇਵਲ ਧਾਲੀਵਾਲ, ਸਕੱਤਰ ਰਮੇਸ਼ ਯਾਦਵ, ਭੂਪਿੰਦਰ ਸਿੰਘ ਸੰਧੂ ਆਦਿ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ। ਇਸ ਸਮਾਗਮ ਵਿੱਚ ਅੰਮ੍ਰਿਤਸਰ ਸ਼ਹਿਰ ਦੇ ਅਲੱਗ-ਅਲੱਗ ਨਾਮਵਰ ਸਕੂਲਾਂ ਦੇ 70 ਤੋਂ ਵੱਧ ਵਿਦਿਆਰਥੀਆਂ ਨੇ ਨ੍ਰਿਤ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਇਨ੍ਹਾਂ ਸਕੂਲਾਂ ਵਿੱਚ ਡੀ. ਏ. ਵੀ. ਇੰਟਰਨੈਸ਼ਨਲ ਸਕੂਲ, ਐਮ. ਕੇ. ਡੀ. ਏ. ਵੀ. ਪਬਲਿਕ ਸਕੂਲ ਅਟਾਰੀ, ਹੋਲੀ ਹਾਰਟ, ਭਵਨ ਐੱਸ. ਐੱਲ. ਸਕੂਲ, ਕਲਾ ਰਸ਼ਮੀ ਅੰਮ੍ਰਿਤਸਰ, ਹੋਲੀ ਹਾਰਟ ਜੂਨੀਅਰ ਸਕੂਲ, ਸਰੂਪ ਰਾਣੀ ਸਰਕਾਰੀ ਮਹਿਲਾ ਕਾਲਜ ਅਤੇ ਦਿੱਲੀ ਪਬਲਿਕ ਸਕੂਲ ਨੇ ਬੇਹੱਦ ਸ਼ਾਨਦਾਰ ਪ੍ਰੋਗਰਾਮ ਦਾ ਆਗਾਜ਼ ਕੀਤਾ। ਇਸ ਵਿੱਚ ਕਲਾਸੀਕਲ, ਫੋਕ, ਸੂਫ਼ੀ ਸਮੇਤ ਕਈ ਨ੍ਰਿਤਾਂ ਦਾ ਪ੍ਰਦਰਸ਼ਨ ਹੋਇਆ। ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ ਪ੍ਰੋਗਰਾਮ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀ ਅਤੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨ੍ਰਿਤ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਤਬਲਾਵਾਦਕ ਪਿਆਰੇ ਲਾਲ ਦਾ ਵਿਰਸਾ ਵਿਹਾਰ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ।

ਮੰਚ ਸੰਚਾਲਕ ਦੀ ਭੂਮਿਕਾ ਸੁਮਨ ਤਾਰਾ ਅਤੇ ਸਾਕਸ਼ੀ ਕਪੂਰ ਨੇ ਬਾਖੂਬੀ ਨਿਭਾਈ। ਇਸ ਮੌਕੇ ਸ਼ਿਵਾਨੀ, ਮੋਨਾ, ਰੋਜ਼ੀ, ਮਮਤਾ, ਰਚਨਾ, ਕਾਜਲ, ਲਤਿਕਾ ਅਰੋੜਾ, ਬਲਵਿੰਦਰ ਕੌਰ, ਪੂਜਾ ਅਤੇ ਸਾਕਸ਼ੀ ਮਹਿਰਾ ਨੇ ਪ੍ਰੋਗਰਾਮ ਨੂੰ ਸਫ਼ਲਤਾਪੂਰਕ ਕਰਵਾਉਣ ਵਿੱਚ ਸਹਿਯੋਗ ਦਿੱਤਾ।

# ਜੋਧਬੀਰ ਸ਼ਰਮਾ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ, ਵਿਜੇ ਵਿਨਾਇਕ ਜਨਰਲ ਸਕੱਤਰ ਤੇ ਜਸਬੀਰ ਕੌਰ ਖਜ਼ਾਨਚੀ ਚੁਣੇ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੈਨਸ਼ਨਰਜ਼ ਐਂਡ ਫੈਮਿਲੀ ਪੈਨਸ਼ਨਰਜ਼ ਐਸੋਸੀਏਸ਼ਨ, ਪੱਟੀ (ਤਰਨ ਤਾਰਨ) ਦੀ ਚੋਣ ਮੀਟਿੰਗ ਬਲਵਿੰਦਰ ਕੁਮਾਰ ਕਪੂਰ ਦੀ ਚੇਅਰਮੈਨਸ਼ਿਪ ਅਧੀਨ ਸੰਪੰਨ ਹੋਈ। ਮੀਟਿੰਗ 'ਚ ਪੰਜਾਬ ਸਰਕਾਰ ਤੋਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਵੱਖ-ਵੱਖ ਵਿਭਾਗਾਂ ਤੋਂ ਸੇਵਾਮੁਕਤ ਹੋਏ ਪੈਨਸ਼ਨਰਜ਼ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਚੋਣ ਮੀਟਿੰਗ ਲਈ ਖੇਮਕਰਨ, ਖਾਲੜਾ, ਵਲਟੋਹਾ, ਘਰਿਆਲਾ, ਨੰਦਪੁਰ, ਨੌਸ਼ਹਿਰਾ, ਸਭਰਾ, ਸਰਹਾਲੀ, ਚੁਸਲੇਵੜ, ਭਿੱਖੀਵਿੰਡ, ਦਿਆਲਪੁਰਾ, ਸੰਗਤਾਂ ਠੱਕਰਪੁਰਾ, ਹਰੀਕੇ, ਨਾਰਲੀ, ਬਾਹਮਣੀ ਵਾਲਾ ਅਤੇ ਪੱਟੀ ਆਦਿ ਇਲਾਕਿਆਂ ਦੇ 90 ਦੇ ਕਰੀਬ ਪੈਨਸ਼ਨਰਜ਼ ਨੇ ਸ਼ਮੂਲੀਅਤ ਕੀਤੀ। ਪੈਨਸ਼ਨਰਜ਼ ਆਗੂਆਂ ਨੇ ਸੰਗਠਨ ਦੇ ਉਦੇਸ਼ਾਂ, ਕੰਮਾਂ,ਨਿਯਮਾਂ ਅਤੇ ਸੰਵਿਧਾਨ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਚੇਅਰਮੈਨ ਬਲਵਿੰਦਰ ਕੁਮਾਰ ਕਪੂਰ ਨੇ ਸੀਨੀਅਰ ਪੈਨਸ਼ਨਰ ਸਾਥੀਆਂ ਨਾਲ ਸਲਾਹ ਕਰਕੇ ਜੋਧਬੀਰ ਸ਼ਰਮਾ ਨੂੰ ਪ੍ਰਧਾਨ, ਵਿਜੇ ਕੁਮਾਰ ਵਿਨਾਇਕ ਜਨਰਲ ਸਕੱਤਰ, ਜਸਬੀਰ ਕੌਰ ਖਜ਼ਾਨਚੀ ਅਤੇ ਰਸ਼ਪਾਲ ਸਿੰਘ ਰੰਧਾਵਾ ਦਾ ਨਾਮ ਸਰਪ੍ਰਸਤ ਲਈ ਤਜਵੀਜ਼ ਕੀਤਾ ਜਿਸ ਨੂੰ ਹਾਜ਼ਰ ਪੈਨਸ਼ਨਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਇਨ੍ਹਾਂ ਆਗੂਆਂ ਨੇ ਸਭ ਤੋਂ ਪਹਿਲਾਂ ਸੰਗਠਨ ਦੀ ਰਜਿਸਟ੍ਰੇਸ਼ਨ ਲਈ 11 ਅਹੁਦੇਦਾਰਾਂ ਦੀ ਚੋਣ ਮੌਕੇ 'ਤੇ ਸਾਥੀਆਂ ਨਾਲ ਮਸ਼ਵਰਾ ਕਰ ਕੇ ਮੁਕੰਮਲ ਕਰ ਲਈ। ਇਨਾਂ ਕਾਰਜਕਾਰਨੀ ਮੈਂਬਰਾਂ ਵਿੱਚੋਂ ਪ੍ਰਿੰ. ਸੁਖਾ ਸਿੰਘ ਸੀਨੀਅਰ ਮੀਤ ਪ੍ਰਧਾਨ, ਮਨਜੀਤ ਕੌਰ ਤੇ ਮੋਹਨ ਸਿੰਘ ਦੋਵੇਂ ਮੀਤ ਪ੍ਰਧਾਨ, ਵਿਜੇ ਕੁਮਾਰ ਵਿਨਾਇਕ ਜਨਰਲ ਸਕੱਤਰ, ਜਸਬੀਰ ਕੌਰ ਖਜ਼ਾਨਚੀ, ਸਰਬਜੀਤ ਸਿੰਘ ਪ੍ਰੈੱਸ ਸਕੱਤਰ, ਗੁਰਦੇਵ ਸਿੰਘ ਜਥੇਬੰਦਕ ਸਕੱਤਰ, ਬਿਕਰਮਜੀਤ ਸਿੰਘ ਦਫਤਰ ਸਕੱਤਰ ਤੇ ਅਰਜਨ ਸਿੰਘ ਪ੍ਰਚਾਰ ਸਕੱਤਰ ਚੁਣੇ ਗਏ। ਮੈਡਮ ਜਸਬੀਰ ਕੌਰ ਦੀ ਤਜਵੀਜ਼ ਨੂੰ ਸਰਬਸੰਮਤੀ ਨਾਲ ਸਵੀਕਾਰ ਕਰਦਿਆਂ ਬਲਵਿੰਦਰ ਕੁਮਾਰ ਕਪੂਰ ਨੂੰ ਮੁਖ ਸਲਾਹਕਾਰ ਚੁਣ ਲਿਆ ਗਿਆ। ਮੀਟਿੰਗ 'ਚ ਵੱਖ-ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਦੀ ਪੈਨਸ਼ਨਰਜ਼ ਪ੍ਰਤੀ ਟਾਲਮਟੋਲ ਅਤੇ ਅਵੇਸਲੇਪਨ ਦੀ ਅਲੋਚਨਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਬਦਲ ਕੇ ਨਵੀਂ ਸਰਕਾਰ ਦੇ ਆਉਣ ਤੇ ਵੋਟਰਾਂ ਦੀਆਂ ਆਸਾਂ ਅਤੇ ਪ੍ਰਤੀਨਿਧੀਆਂ ਵਲੋਂ ਕੀਤੇ ਵਾਅਦਿਆਂ ਅਨੁਸਾਰ ਕੁੱਝ ਵੀ ਸੁਧਾਰ ਪੱਖੀ ਤਬਦੀਲੀ ਨਸੀਬ ਨਹੀਂ ਹੋਈ। ਪੰਜਾਬ ਦਾ ਆਮ ਨਾਗਰਿਕ ਮੌਜੂਦਾ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰਜ਼ ਤੋਂ ਅਤੇ ਆਮ ਆਦਮੀ ਲਈ ਜਾਰੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ। ਇਸ ਸਰਕਾਰ ਨੇ ਲੋਕਾਂ ਨਾਲ ਵਾਅਦੇ ਤਾਂ ਖੂਬ ਕੀਤੇ ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ। ਪੈਨਸਨਰਜ਼ ਦੇ ਅਜੇ ਤੱਕ ਗਰੇਡ ਸੁਧਾਰ, ਲੀਵ ਇਨਕੈਸ਼ਮੈਂਟ ਅਤੇ ਬਕਾਏ ਸਬੰਧੀ ਮਸਲੇ ਅਨਿਸ਼ਚਿਤਕਾਲੀਨ ਤੱਕ ਪੈਂਡਿੰਗ ਪਏ ਹਨ। ਉਨ੍ਹਾਂ ਦੀਆਂ ਮਹਿੰਗਾਈ ਭੱਤੇ ਦੇ ਬਕਾਏ ਦੀ ਗੱਲ, ਕੈਸ਼ਲੈੱਸ ਹੈਲਥ ਸਕੀਮ ਲਾਗੂ ਵਰਗੀਆਂ ਮੰਗਾਂ ਤੋਂ ਸਰਕਾਰ ਬਿਲਕੁਲ ਚੁੱਪ ਬੈਠੀ ਹੈ। ਅਖੀਰ ਵਿੱਚ ਪ੍ਰਧਾਨ ਜੋਧਬੀਰ ਸ਼ਰਮਾ ਨੇ ਪੈਨਸ਼ਨਰ ਸਾਥੀਆਂ ਵੱਲੋਂ ਬਖਸ਼ੇ ਮਾਣ ਸਨਮਾਨ ਲਈ ਤਹਿ ਦਿਲ ਤੋਂ ਸ਼ੁਕਰੀਆ ਅਦਾ ਕੀਤਾ ਅਤੇ ਉਨ੍ਹਾਂ ਦੀਆਂ ਆਸਾਂ ਅਤੇ ਵਿਸ਼ਵਾਸ ਅਨੁਸਾਰ ਸੇਵਾ ਕਾਰਜ ਨਿਭਾਉਣ ਲਈ ਆਪਣੀ ਆਗੂ ਟੀਮ ਵੱਲੋਂ ਭਰੋਸਾ ਦਿੱਤਾ। ਆਪਣੇ ਭਾਸ਼ਣ ਵਿੱਚ ਉਨ੍ਹਾਂ ਦੱਸਿਆ ਕਿ ਪੈਨਸ਼ਨਰਜ਼ ਦੇ ਪੈਂਡਿੰਗ ਕੰਮ ਜਲਦ ਕਰਵਾਉਣ ਅਤੇ ਕੇਸਾਂ ਦਾ ਨਿਪਟਾਰਾ ਸਮਾਂਬੱਧ ਕਰਵਾਉਣ ਲਈ ਪੂਰੀ ਵਾਹ ਲਗਾਈ ਜਾਵੇਗੀ। ਉਨ੍ਹਾਂ ਆਖਿਆ ਕਿ ਪੈਨਸ਼ਨਰ ਆਪਣੀ ਪੈਨਸ਼ਨ ਸਬੰਧੀ ਕੰਮਾ ਲਈ ਕਿਸੇ ਵੀਰਵਾਰ ਆਪਣੇ ਜਨਰਲ ਸਕੱਤਰ ਵਿਜੇ ਕੁਮਾਰ ਵਿਨਾਇਕ ਦੀ ਦੁਕਾਨ ਉਪਰਲੇ ਦਫਤਰ ਵਿੱਚ ਆ ਕੇ ਆਗੂ ਸਾਥੀਆਂ ਦੀਆਂ ਸੇਵਾਵਾਂ ਅਤੇ ਸਹਿਯੋਗ ਲੈ ਸਕਦੇ ਹਨ। ਇਸ ਚੋਣ ਮੁਹਿੰਮ ਵਿੱਚ ਹਾਜ਼ਰ ਪੈਨਸ਼ਨਰਜ ਵਿੱਚ ਵਜ਼ੀਰ ਸਿੰਘ ਖਾਲੜਾ, ਹਰਦੀਪ ਸਿੰਘ ਦਿਆਲਪੁਰ, ਰਕੇਸ਼ ਕੁਮਾਰ ਟਾਹ, ਤਰਲੋਚਨ ਸਿੰਘ, ਕੁਲਵਿੰਦਰ ਸਿੰਘ, ਦਿਆਲ ਸਿੰਘ ਨੰਦਪੁਰ, ਧਰਮ ਸਿੰਘ ਵਲਟੋਹਾ, ਪ੍ਰਿੰ. ਪ੍ਰੇਮ ਪਾਲ ਸ਼ਰਮਾ, ਬੀਰਾ ਮਸੀਹ, ਗੁਰਦਿਆਲ ਸਿੰਘ, ਓਮ ਪ੍ਰਕਾਸ਼, ਬਲਵਿੰਦਰ ਸਿੰਘ ਨਾਰਲੀ, ਬਖਤਾਵਰ ਸਿੰਘ, ਗੁਰਬਚਨ ਸਿੰਘ, ਅਮਰਜੀਤ ਸਿੰਘ, ਆਰ. ਪੀ. ਸਿੰਘ, ਸਤਿੰਦਰ ਪਾਲ ਸਿੰਘ, ਕ੍ਰਿਸ਼ਨ ਕੁਮਾਰ ਸ਼ਰਮਾ, ਨਿਸ਼ਾਨ ਸਿੰਘ ਘਰਿਆਲਾ, ਮੀਨਾ ਸ਼ਰਮਾ, ਆਸ਼ਾ ਰਾਣੀ, ਗੁਰਮੀਤ ਕੌਰ, ਪਿਆਰ ਕੌਰ, ਰੇਨੂ ਬਾਲਾ, ਐਡਵੋਕੇਟ ਵਰਿੰਦਰ ਸ਼ਰਮਾ, ਦੇਵਰਾਜ ਸ਼ਰਮਾ, ਸਤਪਾਲ ਸ਼ਰਮਾ, ਬਲਵਿੰਦਰ ਕੌਰ, ਜਗੀਰ ਸਿੰਘ, ਵਰਿਆਮ ਸਿੰਘ, ਸਵਰਨ ਸਿੰਘ ਅਵਤਾਰ ਸਿੰਘ ਆਦਿ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

# ਜਸਵਿੰਦਰ ਸਿੰਘ ਨੂੰ ਗਹਿਰਾ ਸਦਮਾ, ਪਿਤਾ ਦਾ ਦਿਹਾਂਤ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਸਿਆਸੀ ਸਕੱਤਰ ਜਸਵਿੰਦਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਗਿਆਨੀ ਮਹਾ ਸਿੰਘ (94) ਸੰਖੇਪ ਬਿਮਾਰੀ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਵਿਛੋੜੇ 'ਤੇ ਚੇਅਰਮੈਨ ਸੁਬੇਗ ਸਿੰਘ ਧੁੰਨ, ਚੇਅਰਮੈਨ ਸਾਹਿਬ ਸਿੰਘ ਗੁੱਜਰਪੁਰਾ, ਚੇਅਰਮੈਨ ਕੁਲਵੰਤ ਸਿੰਘ ਚੋਹਲਾ ਸਾਹਿਬ, ਚੇਅਰਮੈਨ ਰਵਿੰਦਰ ਸਿੰਘ, ਸਰਪੰਚ ਮਹਿੰਦਰ ਸਿੰਘ ਚੰਬਾ, ਸਰਪੰਚ ਜਗਤਾਰ ਸਿੰਘ ਉੱਪਲ, ਸਰਪੰਚ ਮਨਦੀਪ ਸਿੰਘ ਘੜਕਾ, ਸਰਪੰਚ ਤਜਿੰਦਰ ਸਿੰਘ ਮੋਹਨਪੁਰ, ਸਰਪੰਚ ਗੁਰਪ੍ਰੀਤ ਸਿੰਘ ਕਾਹਲਵਾਂ, ਸਰਪੰਚ ਗੁਰਤੇਜ ਸਿੰਘ ਸੰਗਤਪੁਰ, ਸਰਪੰਚ ਲਖਬੀਰ ਸਿੰਘ ਚੋਹਲਾ, ਸਰਪੰਚ ਸੁਖਵੰਤ ਸਿੰਘ ਰੱਤੋਕੇ, ਅਵਤਾਰ ਸਿੰਘ ਸਾਬਕਾ ਸਰਪੰਚ ਵਿਣਗ, ਨਿਸ਼ਾਨ ਸਿੰਘ ਪ੍ਰਧਾਨ ਵਿਣਗ, ਨਿਸ਼ਾਨ ਸਿੰਘ ਪ੍ਰਧਾਨ ਰਾਣੀਵਲਾਹ, ਅਜੀਤ ਸਿੰਘ ਪ੍ਰਧਾਨ ਚੋਹਲਾ ਸਾਹਿਬ, ਰਾਕੇਸ਼ ਬਿੱਲਾ ਆੜ੍ਹਤੀਆਂ,ਮਨਦੀਪ ਸਿੰਘ ਮਨੀ,ਕੁਲਵੰਤ ਸਿੰਘ ਲਹਿਰ,ਰਣਜੀਤ ਸਿੰਘ ਰਾਣਾ ਆੜ੍ਹਤੀਆਂ,ਸਰਪੰਚ ਬਲਬੀਰ ਸਿੰਘ ਭੱਠਲ ਭਾਈ ਕੇ, ਅਰੁੜ ਕੁਮਾਰ ਸਾਬਕਾ ਸਰਪੰਚ ਧੁੰਨ, ਅਸ਼ੋਕ ਕੁਮਾਰ ਕੁੱਕੂ ਸ਼ਾਹ, ਸੋਨੂੰ ਮੁਨੀਮ ਆਦਿ ਹਲਕੇ ਦੇ ਪੰਚਾਂ ਸਰਪੰਚਾਂ ਤੇ ਪਤਵੰਤਿਆਂ ਨੇ ਜਸਵਿੰਦਰ ਸਿੰਘ ਨਾਲ ਦੁੱਖ ਸਾਂਝਾ ਕੀਤਾ ਤੇ ਗਿਆਨੀ ਮਹਾ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ।

# ਬਿਜਲੀ ਦੇ 'ਜ਼ੀਰੋ ਬਿੱਲ' ਨੇ ਆਮ ਆਦਮੀ ਦੇ ਆਰਥਿਕ ਬੋਝ ਨੂੰ ਹਲਕਾ ਕੀਤੈ : ਬਹਿਲ



ਗੁਰਦਾਸਪੁਰ (ਜਨਕ ਮਹਾਜਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਮੂਹ ਬਿਜਲੀ ਖਪਤਕਾਰਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਨਿਭਾਇਆ ਜਾ ਰਿਹਾ ਹੈ। ਰਾਜ ਸਰਕਾਰ ਦੀ 300 ਯੂਨਿਟ ਮੁਫ਼ਤ ਬਿਜਲੀ ਸਹੂਲਤ ਦਾ ਸਮਾਜ ਦੇ ਹਰ ਵਰਗ ਨੂੰ ਬਿਨਾਂ ਕਿਸੇ ਭੇਦ-ਭਾਵ ਲਾਭ ਪਹੁੰਚ ਰਿਹਾ ਹੈ। ਇਕੱਲੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ 422396 ਘਰੇਲੂ ਖਪਤਕਾਰਾਂ ਵਿੱਚੋਂ 381842 (90.40%) ਖਪਤਕਾਰਾਂ ਦੇ ਮਹੀਨਾ 02/2023 ਅਤੇ 03/2023 ਵਿੱਚ ਜ਼ੀਰੋ ਬਿੱਲ ਆਏ ਹਨ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਸੂਬਾ ਵਾਸੀਆਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਸਹੂਲਤ ਦੇਣ ਦੀ ਗਾਰੰਟੀ ਦਿੱਤੀ ਸੀ ਅਤੇ ਸਰਕਾਰ ਬਣਦਿਆਂ ਹੀ ਇਸ ਗਰੰਟੀ ਨੂੰ ਪੂਰਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ 300 ਯੂਨਿਟ ਮੁਫ਼ਤ ਬਿਜਲੀ ਸਹੂਲਤ ਹਰ ਕਿਸੇ ਧਰਮ, ਜਾਤ, ਵਰਗ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਵਲ ਜ਼ਿਲ੍ਹਾ ਗੁਰਦਾਸਪੁਰ ਦੇ 422396 ਖਪਤਕਾਰਾਂ ਵਿਚੋਂ 381842 ਖਪਤਕਾਰਾਂ ਨੂੰ ਫਰਵਰੀ ਅਤੇ ਮਾਰਚ ਮਹੀਨੇ ਦੇ ਜ਼ੀਰੋ ਬਿੱਲ ਆਏ ਹਨ ਜੋ ਕਿ ਕੁਲ ਖਪਤਕਾਰਾਂ ਦਾ 90.40 ਫੀਸਦੀ ਬਣਦਾ ਹੈ।

ਸ੍ਰੀ ਰਮਨ ਬਹਿਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵੇਲੇ ਬਿਜਲੀ ਦੇ ਬਿੱਲ ਆਮ ਲੋਕਾਂ ਉੱਪਰ ਵੱਡਾ ਬੋਝ ਸਨ ਅਤੇ ਬਹੁਤ ਸਾਰੇ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਵੱਲੋਂ ਵੱਡੇ-ਵੱਡੇ ਬਿਜਲੀ ਬਿੱਲ ਭਰਨੇ ਉਨ੍ਹਾਂ ਦੇ ਵੱਸ ਵਿੱਚ ਨਹੀਂ ਸੀ। ਉਨ੍ਹਾਂ ਕਿਹਾ ਕਿ ਹੁਣ ਬਿਜਲੀ ਦਾ ਜ਼ੀਰੋ ਬਿੱਲ ਆਉਣ ਕਾਰਨ ਲੋਕ ਓਹੀ ਹਜ਼ਾਰਾਂ ਰੁਪਏ ਆਪਣੇ ਪਰਿਵਾਰ ਦੀ ਬਿਹਤਰੀ, ਬੱਚਿਆਂ ਦੀ ਪੜ੍ਹਾਈ ਆਦਿ ਉੱਪਰ ਖਰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰ ਨੂੰ ਆਮ ਲੋਕਾਂ ਦਾ ਪੂਰੀ ਤਰ੍ਹਾਂ ਖਿਆਲ ਹੈ।

# ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਨੇ ਅੰਮ੍ਰਿਤ ਸੰਚਾਰ ਕਰਵਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧਰਮ ਪ੍ਰਚਾਰ ਕਮੇਟੀ ਵਲੋਂ ਚੀਫ਼ ਖ਼ਾਲਸਾ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਗੁਰਮਤਿ ਅਤੇ ਅੰਮ੍ਰਿਤ ਸੰਚਾਰ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਜੀ.ਟੀ.ਰੋਡ ਸਕੂਲ ਦੇ ਕੀਰਤਨੀ ਜੱਥੇ ਨੇ ਰੱਬੀ ਬਾਣੀ ਦੀ ਛਹਿਬਰ ਲਗਾਉਂਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਪੰਜ ਪਿਆਰਿਆਂ ਵੱਲੋਂ ਪੂਰੀ ਮਰਿਆਦਾ ਅਨੁਸਾਰ ਪੰਜ ਬਾਣੀਆਂ ਦਾ ਪਾਠ ਕਰਕੇ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਪੰਜ ਕਕਾਰਾਂ ਨਾਲ ਸੁਸੱਜਿਤ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਗੁਰ ਮਰਿਆਦਾ ਅਨੁਸਾਰ ਅੰਮ੍ਰਿਤਪਾਨ ਕਰਵਾਇਆ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਲਗਭਗ 400 ਦੇ ਕਰੀਬ ਵਿਦਿਆਰਥੀ, ਅਧਿਆਪਕ ਅਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਦਸਮੇਸ਼ ਪਿਤਾ ਵੱਲੋਂ ਬਖ਼ਸ਼ੀ ਦਾਤ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ ਅਤੇ ਸਿੰਘ ਸਜੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੀਵਾਨ ਮੈਨੇਜਮੈਂਟ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਗੁਰੂ ਨਾਲ ਜੁੜਨ ਤੇ ਵਧਾਈ ਦਿੱਤੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ ਨੇ ਕਿਹਾ ਕਿ ਅੱਜ ਨਸ਼ਿਆਂ ਦੇ ਦੌਰ ਵਿਚ ਨੌਜਵਾਨ ਪੀੜ੍ਹੀ ਨੂੰ ਗੁਰੂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵਲੋਂ ਸਿੱਖ ਪਨੀਰੀ ਨੂੰ ਗੁਰ ਸਿੱਖਿਆਵਾਂ ਅਤੇ ਸਿੱਖੀ ਜੀਵਨ ਜਾਚ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਉਨਾਂ ਬੱਚਿਆਂ ਨੂੰ ਗੁਰ ਸਿੱਖਿਆਵਾਂ ਅਤੇ ਰਹਿਤ ਮਰਿਆਦਾ ਅਨੁਸਾਰ ਸਿੱਖੀ ਜੀਵਨ ਜਾਚ ਅਪਨਾਉਣ ਲਈ ਪ੍ਰੇਰਿਤ ਕੀਤਾ। ਲੰਗਰ ਦੌਰਾਨ ਜੂਠੇ ਪਤਲਾਂ ਦੀ ਸੇਵਾ ਏਕ ਜੋਤ ਲੰਗਰ ਸੇਵਾ ਸੁਸਾਇਟੀ ਦੇ ਮੁਖੀ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਅਵਤਾਰ ਸਿੰਘ ਘੁੱਲਾ ਵੱਲੋਂ ਕੀਤੀ ਗਈ। ਇਸ ਮੌਕੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਵਰਿਆਮ ਸਿੰਘ, ਅਜਾਇਬ ਸਿੰਘ ਅਭਿਆਸੀ, ਰਬਿੰਦਰਬੀਰ ਸਿੰਘ ਭੱਲਾ, ਪ੍ਰੋ. ਸੂਬਾ ਸਿੰਘ, ਮਨਮੋਹਨ ਸਿੰਘ, ਗੁਰਭੇਜ ਸਿੰਘ, ਅਵਤਾਰ ਸਿੰਘ ਘੁੱਲਾ, ਜਸਬੀਰ ਸਿੰਘ, ਤੇਜਿੰਦਰ ਸਿੰਘ ਖਾਲਸਾ, ਪ੍ਰਚਾਰਕ ਭਾਈ ਬਲਵੰਤ ਸਿੰਘ, ਭਾਈ ਸਤਵੰਤ ਸਿੰਘ, ਪ੍ਰਿੰਸੀਪਲ ਮਨਦੀਪ ਸਿੰਘ, ਕੁਆਰਡੀਨੇਟਰ ਧਰਮਪ੍ਰਚਾਰ ਕਮੇਟੀ ਸੁਖਜੀਤ ਕੌਰ, ਹਰਦਿਆਲ ਸਿੰਘ, ਵੱਡੀ ਗਿਣਤੀ ਵਿਚ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

# 'ਸਾਡਾ ਇਤਿਹਾਸ ਸਾਡਾ ਮਾਣ' ਤਹਿਤ ਹੋਣਗੇ ਹਫ਼ਤਾ ਭਰ ਗੁਰਮਤਿ ਸਮਾਗਮ: ਭਾਈ ਗੁਰਦਰਸ਼ਨ ਸਿੰਘ



ਬਟਾਲਾ (ਤਰਲੋਕ ਬੱਗਾ)-ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ 'ਸਾਡਾ ਇਤਿਹਾਸ ਸਾਡਾ ਮਾਣ' ਗੁਰਮਤਿ ਸਮਾਗਮ ਗੁਰਦੁਆਰਿਆਂ ਅਤੇ ਸਕੂਲਾਂ ਵਿੱਚ 1 ਮਈ ਤੋਂ ਲੈ ਕੇ 7 ਮਈ ਤੱਕ ਚੱਲਣਗੇ। ਇਸ ਸਬੰਧੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਬਟਾਲਾ ਦੇ ਸਰਪ੍ਰਸਤ ਭਾਈ ਗੁਰਦਰਸ਼ਨ ਸਿੰਘ ਨੇ ਪ੍ਰੈੱਸ ਨੋਟ ਜਾਰੀ ਕਰਕੇ ਜਾਣਕਾਰੀ ਦਿੱਤੀ। ਉਨ੍ਹਾਂ ਹੋਰ ਦੱਸਿਆ ਕਿ ਲੜੀਵਾਰ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਹਰਨਾਮ ਨਗਰ, ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਜੀ ਪ੍ਰੇਮ ਨਗਰ, ਗੁਰਦੁਆਰਾ ਰਾਮਗੜ੍ਹੀਆ ਕਾਹਨੂੰਵਾਨ ਰੋਡ, ਗੁਰਦੁਆਰਾ ਰਾਮਗੜ੍ਹੀਆ ਸ਼ੁਕਰਪੁਰਾ, ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਗੋਬਿੰਦ ਨਗਰ, ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਅਜੀਤ ਨਗਰ ਅਤੇ ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਉੱਤਮ ਨਗਰ ਵਿਖੇ ਸ਼ਾਮ 7 ਤੋਂ ਰਾਤ 9 ਵਜੇ ਤੱਕ ਹੋਣਗੇ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਅਕੈਡਮੀ ਕੰਡਿਆਲ, ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਸਿੰਬਲ, ਹੇਮਕੁੰਟ ਪਬਲਿਕ ਸਕੂਲ ਸਿੰਬਲ, ਸਿਲਵਰ ਕਰੀਕ ਮਾਡਰਨ ਸਕੂਲ ਸਿਨੇਮਾ ਰੋਡ, ਸੈਕੂਲਰ ਮਾਡਰਨ ਹਾਈ ਸਕੂਲ ਅਲੀਵਾਲ ਰੋਡ ਅਤੇ ਵੁੱਡ ਸਟਾਕ ਅਕੈਡਮੀ ਜਲੰਧਰ ਰੋਡ ਵਿਖੇ ਵਿਦਿਆਰਥੀਆਂ ਨਾਲ ਇਤਿਹਾਸ ਦੀ ਸਾਂਝ ਪਾਈ ਜਾਵੇਗੀ। ਇਨ੍ਹਾਂ ਸਾਰੇ ਸਮਾਗਮਾਂ ਵਿੱਚ ਰਾਗੀ ਭਾਈ ਗਗਨਦੀਪ ਸਿੰਘ ਅਤੇ ਕਥਾਵਾਚਕ ਗਿਆਨੀ ਹੀਰਾ ਸਿੰਘ ਸਾਰਚੂਰ ਸੰਗਤਾਂ ਨੂੰ ਕੀਰਤਨ ਅਤੇ ਕਥਾ ਇਤਿਹਾਸ ਰਾਹੀਂ ਨਿਹਾਲ ਕਰਨਗੇ ਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜਦੇ ਜੀਵਨ ਸਬੰਧੀ ਇਤਿਹਾਸਕ ਕਿਤਾਬਚਾ ਮੁਫਤ ਵੰਡਿਆ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਇਹ ਸਾਰੇ ਸਮਾਗਮ ਫਾਊਂਡੇਸ਼ਨ ਵੱਲੋਂ ਗੁਰਦੁਆਰਾ ਪ੍ਰਬੰਧਕ, ਸਕੂਲ ਪ੍ਰਬੰਧਕ ਅਤੇ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ ਅਤੇ ਅਜਿਹੇ ਉਪਰਾਲੇ ਅਗਾਂਹ ਵੀ ਜਾਰੀ ਰਹਿਣਗੇ। ਪ੍ਰੈੱਸ ਨੋਟ ਜਾਰੀ ਕਰਦੇ ਸਮੇਂ ਉਨ੍ਹਾਂ ਨਾਲ ਰਣਧੀਰ ਸਿੰਘ ਰਾਣਾ ਜ਼ਿਲ੍ਹਾ ਪ੍ਰਧਾਨ, ਭੁਪਿੰਦਰ ਸਿੰਘ ਪ੍ਰਧਾਨ ਬਟਾਲਾ ਪ੍ਰਿੰਸ,, ਸੁਖਦੇਵ ਸਿੰਘ ਖੋਖਰ, ਬਲਵਿੰਦਰ ਸਿੰਘ ਹੰਸਪਾਲ, ਉਂਕਾਰ ਸਿੰਘ ਜ਼ਿਲ੍ਹਾ ਜਰਨਲ ਸਕੱਤਰ, ਰਾਜਿੰਦਰ ਸਿੰਘ, ਠੇਕੇਦਾਰ ਗੁਰਪ੍ਰੀਤ ਸਿੰਘ ਲਾਡੀ, ਠੇਕੇਦਾਰ ਅਵਤਾਰ ਸਿੰਘ ਬੰਟੀ, ਨਿਰਵੈਰ ਸਿੰਘ, ਗੁਰਮੀਤ ਸਿੰਘ ਮੀਤ ਪ੍ਰਧਾਨ, ਐਡਵੋਕੇਟ ਮਨਜੀਤ ਸਿੰਘ ਅਤੇ ਜਤਿੰਦਰ ਸਿੰਘ ਭੱਟੀ ਆਦਿ ਆਗੂ ਹਾਜ਼ਰ ਸਨ।

# ਸਿਰ ਨਾਲ ਲੱਗਦੀਆਂ ਬਿਜਲੀ ਦੀਆਂ ਤਾਰਾਂ ਉੱਪਰ ਚੁੱਕਣ ਨਾਲ ਲੋਕਾਂ ਨੂੰ ਆਇਆ ਸੁੱਖ ਦਾ ਸਾਹ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਇੱਕ ਕਹਾਵਤ ਹੈ ਕਿ ਦੇਰ ਆਏ ਦਰੁਸਤ ਆਏ ਜੋ ਬਿਲਕੁਲ ਪਾਵਰਕਾਮ ਦੀ ਸਬ ਡਵੀਜ਼ਨ ਉਦੋਕੇ ਦੇ ਕਸਬਾ ਟਾਹਲੀ ਸਾਹਿਬ ਦੇ ਮੁਲਾਜ਼ਮਾਂ 'ਤੇ ਬਿਲਕੁਲ ਢੁੱਕਦੀ ਹੈ ਕਿਉਂਕਿ ਇਸ ਇਲਾਕੇ ਦੇ ਨਵੇਂ ਜੇਈ ਨੇ ਆਉਂਦੇ ਸਾਰ ਹੀ ਟਾਹਲੀ ਸਾਹਿਬ ਦੇ ਯੂਨਾਨੀ ਹਸਪਤਾਲ (ਆਯੂਰਵੈਦਿਕ ਹਸਪਤਾਲ) ਅਤੇ ਡੰਗਰਾਂ ਦੇ ਹਸਪਤਾਲ ਦੀਆਂ ਸਿਰ ਨਾਲ ਲੱਗਦੀਆਂ ਤਾਰਾਂ ਨੂੰ ਪੋਲ ਲਗਾ ਕੇ ਉਪਰ ਚੁਕਵਾਉਣ ਦਾ ਜੋ ਕੰਮ ਕੀਤਾ ਹੈ ਉਸ ਨਾਲ ਜਿੱਥੇ ਇਸ ਕੰਮ ਦੀ ਲੋਕ ਸਲਾਹਣਾ ਕਰਦੇ ਹਨ ਉਥੇ ਗੂੜ੍ਹੀ ਨੀਂਦ ਸੁੱਤੇ ਰਹੇ ਇਲਾਕੇ ਦੇ ਪਹਿਲੇ ਜੇਈ ਜਿਸਨੇ ਕੁਝ ਦਿਨ ਪਹਿਲਾ ਹੀ ਰਟਾਇਰਮੈਂਟ ਲਈ ਹੈ, ਦੀ ਪੋਲ ਵੀ ਖੁੱਲ੍ਹਦੀ ਹੈ ਜਿਸਨੇ ਹੁਣ ਤਕ ਸਮੱਸਿਆ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਇਸ ਇਲਾਕੇ ਅੰਦਰ ਢਿੱਲੀਆਂ ਤਾਰਾਂ ਦੇ ਜਾਲ ਵਿਛੇ ਹੋਏ ਹੋਣ ਕਰਕੇ ਜੇ ਫੀਡਰ ਵਾਲਿਆਂ ਨੂੰ ਹਨੇਰੀ ਦੀ ਖਬਰ ਕਿਤੋਂ ਵੀ ਮਿਲਦੀ ਤਾਂ ਟਾਹਲੀ ਸਾਹਿਬ ਫੀਡਰ ਦੀ ਸਪਲਾਈ ਕੱਟ ਦਿੱਤੀ ਜਾਂਦੀ ਸੀ ਜਾਂ ਪਰਮਿਟ ਦਾ ਬਹਾਨਾ ਬਣਾ ਕੇ ਪਰਮਿਟ ਲੈ ਲਿਆ ਜਾਂਦਾ ਹੈ ਪਰ ਸਚਾਈ ਇਹ ਹੈ ਕਿ ਲੰਮਾ ਸਮਾਂ ਇਥੇ ਰਹਿ ਚੁਕੇ ਜੇਈ ਨੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਜਿਸਦਾ ਖਮਿਆਜ਼ਾ ਇਥੋਂ ਦੇ ਦੁਕਾਨਦਾਰਾਂ ਅਤੇ ਘਰਾਂ ਵਾਲਿਆਂ ਨੂੰ ਭੁਗਤਣਾ ਪੈ ਰਿਹਾ ਹੈ ਜਿਨ੍ਹਾਂ ਦੇ ਕਾਰੋਬਾਰ ਬੰਦ ਹੋਏ ਪਏ ਹਨ। ਇਸੇ ਕਾਰਨ ਇਲਾਕੇ ਦੇ ਦਰਜਨਾ ਫੀਡਰਾਂ ਵੱਲ ਝਾਤ ਮਾਰੀਏ ਤਾਂ ਕਣਕ ਦੀ ਕਟਾਈ ਸਮੇਂ ਸਭ ਤੋਂ ਮਾੜਾ ਹਾਲ ਕਸਬਾ ਟਾਹਲੀ ਸਾਹਿਬ ਦਾ ਰਿਹਾ ਤੇ ਹੁਣ ਕਣਕ ਦੀ ਲੱਗਭੱਗ ਕਟਾਈ ਹੋ ਚੁਕੀ ਹੈ। ਹੁਣ ਸਾਰੇ ਫੀਡਰਾਂ 'ਤੇ ਸਪਲਾਈ ਲੱਗਭੱਗ ਸਹੀ ਕਰ ਦਿੱਤੀ ਗਈ ਹੈ ਪਰ ਇਥੋਂ ਦੇ ਮੁਲਾਜ਼ਮਾਂ ਨੂੰ ਅੱਗ ਲੱਗਣ ਦਾ ਡਰ ਅਜੇ ਵੀ ਸਤਾ ਰਿਹਾ ਹੈ ਕਿ ਕਿਤੇ ਕੋਈ ਘਟਨਾ ਨਾ ਵਾਪਰ ਜਾਵੇ। ਕਿਸੇ ਨਾ ਕਿਸੇ ਬਹਾਨੇ ਪੂਰੇ ਦਿਨ ਦਾ ਅਜੇ ਵੀ ਕੱਟ ਜਾਰੀ ਹੈ।

# ਮੇਹਲੀ ਵਿਖੇ ਠੇਕੇ 'ਤੇ ਹੋਏ ਕਤਲ ਦਾ ਦੋਸ਼ੀ ਗ੍ਰਿਫਤਾਰ



ਬਹਿਰਾਮ (ਅਵਤਾਰ ਕਲੇਰ) ਬੀਤੇ ਦਿਨੀਂ ਮੇਹਲੀ ਠੇਕੇ 'ਤੇ ਹੋਏ ਕਤਲ ਦਾ ਪੁਲਸ ਨੇ 48 ਘੰਟਿਆਂ ਦੇ ਅੰਦਰ ਕਾਤਲ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਬੰਗਾ ਸਬ ਡਵੀਜ਼ਨ ਦੇ ਡੀ ਐਸ ਪੀ ਸਰਵਣ ਸਿੰਘ ਬਲ ਨੇ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਥਾਣਾ ਬਹਿਰਾਮ ਅਧੀਨ ਪੈਂਦੇ ਪਿੰਡ ਮੇਹਲੀ ਦੇ ਰਹਿਣ ਵਾਲੇ ਕਿਰਪਾਲ ਸਿੰਘ ਉਰਫ ਪਾਲਾ ਦਾ ਦੋ ਦਿਨ ਪਹਿਲਾਂ ਉਸ ਦੇ ਹੀ ਦੋਸਤ ਵਿਕਰਮਜੀਤ ਸਿੰਘ ਉਰਫ ਵਿੱਕੀ ਵਾਸੀ ਬਸੰਤ ਨਗਰ ਫਗਵਾੜਾ ਨੇ ਲੋਹੇ ਦੀ ਰਾਡ ਨਾਲ ਕਤਲ ਕਰ ਦਿੱਤਾ ਸੀ। ਮ੍ਰਿਤਕ ਦੇ ਲੜਕੇ ਦੇ ਬਿਆਨਾਂ 'ਤੇ ਪੁਲਸ ਨੇ ਧਾਰਾ 302 ਆਈ.ਪੀ.ਸੀ ਦੇ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਅੱਜ ਪੁਲਸ ਨੇ ਦੋਸ਼ੀ ਵਿਕਰਮਜੀਤ ਸਿੰਘ ਨੂੰ ਜ਼ੀਰਕਪੁਰ ਤੋਂ ਗ੍ਰਿਫਤਾਰ ਕਰ ਲਿਆ ਅਤੇ ਹੁਣ ਦੋਸ਼ੀ ਨੂੰ ਮਾਣਯੋਗ ਅਦਾਲਤ 'ਚ ਪੇਸ਼ ਕਰਨ ਉਪਰੰਤ ਉਸ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਕਲਾਨੌਰ ਪੁਲਸ ਵੱਲੋਂ ਆਬਕਾਰੀ ਐਕਟ ਅਧੀਨ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਦੀਨਾਨਗਰ ਪੁਲਸ ਸਟੇਸ਼ਨ ਦੇ ਏ.ਐਸ.ਆਈ. ਬਲਜਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਸਬੰਧ ਵਿਚ ਮੁਖਬਰ ਖਾਸ ਦੀ ਇਤਲਾਹ 'ਤੇ ਨੇੜੇ ਸ਼ੂਗਰ ਮਿੱਲ ਪਨਿਆੜ ਤੋਂ ਕਥਿਤ ਦੋਸ਼ੀ ਰਛਪਾਲ ਕਾਲਾ ਪੁੱਤਰ ਤਰਲੋਕ ਚੰਦਰ ਵਾਸੀ ਪਨਿਆੜ ਨੂੰ 7500 ਐਮ.ਐਲ. ਨਜਾਇਜ਼ ਸ਼ਰਾਬ ਦੇ ਮਾਮਲੇ ਵਿਚ ਮਾਮਲਾ ਦਰਜ ਕਰਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਥਾਣਾ ਕਲਾਨੌਰ ਦੇ ਏ.ਐਸ.ਆਈ. ਮਨਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਕਥਿਤ ਦੋਸ਼ੀ ਬਲਵਿੰਦਰ ਸਿੰਘ ਪੁੱਤਰ ਸਰਦਾਰ ਸਿੰਘ ਵਾਸੀ ਸਾਹਲੇ ਚੱਕ ਦੇ ਘਰ ਰੇਡ ਕਰਕੇ ਦੋਸ਼ੀ ਨੂੰ ਚਾਲੂ ਭੱਠੀ, 700 ਐਮ.ਐਲ ਨਜਾਇਜ਼ ਸ਼ਰਾਬ ਅਤੇ 30 ਕਿਲੋ ਲਾਹਣ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰ ਲਿਆ ਹੈ।

# ਅੰਤਰਰਾਸ਼ਟਰੀ ਡਾਂਸ ਦਿਵਸ ਦੀਆਂ ਸਕੂਲ 'ਚ ਪਈਆਂ ਧਮਾਲਾਂ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਚੀਫ ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਅੰਤਰਰਾਸ਼ਟਰੀ ਡਾਂਸ ਦਿਵਸ ਮਨਾਇਆ ਗਿਆ। ਸਕੂਲ ਦੀ ਪ੍ਰਾਰਥਨਾ ਸਭਾ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਭਾਰਤ ਦੀਆਂ ਵੱਖ-ਵੱਖ ਪ੍ਰਾਂਤਾਂ ਦੀਆਂ ਡਾਂਸ ਕਲਾਵਾਂ ਅਤੇ ਸੱਭਿਆਚਾਰ ਦਾ ਪ੍ਰਦਰਸ਼ਨ ਬਹੁਤ ਹੀ ਉਤਸ਼ਾਹ ਨਾਲ ਕੀਤਾ। ਬੱਚਿਆਂ ਨੇ ਕਸ਼ਮੀਰੀ ਡਾਂਸ, ਵੈਸਟਰਨ ਡਾਂਸ ਅਤੇ ਪੰਜਾਬੀ ਲੋਕ ਨਾਚ ਗਿੱਧਾ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਦਾ ਭਰਪੂਰ ਅਨੰਦ ਮਾਣਿਆ। ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਇਸ ਦਿਵਸ ਦਾ ਮੁੱਖ ਮੰਤਵ ਲੋਕਾਂ ਵਿੱਚ ਡਾਂਸ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਕਿਹਾ ਕਿ ਡਾਂਸ ਇੱਕ ਅਨੋਖੀ ਕਲਾ ਹੈ। ਇਹ ਸਰੀਰ ਨੂੰ ਖੇੜਾ ਦਿੰਦਾ ਹੈ। ਇਹ ਸਿਰਫ ਮੌਜ ਮਸਤੀ ਦਾ ਸਾਧਨ ਨਹੀਂ ਬਲਕਿ ਇਹ ਸਾਡੇ ਸਰੀਰਕ ਤੇ ਮਾਨਸਿਕ ਵਿਕਾਸ ਨੂੰ ਵੀ ਜਾਗ੍ਰਿਤ ਕਰਦਾ ਹੈ। ਸਕੂਲ ਦੇ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਦਿਵਸ ਦੀ ਸ਼ੁਰੂਆਤ 29 ਅਪ੍ਰੈਲ 1982 ਵਿੱਚ ਯੂਨੈਸਕੋ ਦੁਆਰਾ ਕੀਤੀ ਗਈ ਸੀ।

ਉਨਾਂ ਨੇ ਕਿਹਾ ਕਿ ਸਕੂਲ ਦੇ ਹਰੇਕ ਵਿਦਿਆਰਥੀ ਨੂੰ ਇਸ ਕਲਾ ਨੂੰ ਅਪਣਾ ਕੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਸਾਡੇ ਸਕੂਲ ਦੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਇਸ ਕਲਾ ਨੂੰ ਵਿਸ਼ੇ ਦੇ ਤੌਰ 'ਤੇ ਅਪਣਾ ਕੇ ਭਵਿੱਖ ਵਿੱਚ ਲਾਭ ਉਠਾ ਸਕਦੇ ਹਨ।

# ਖਾਲਸਾ ਸਕੂਲ ਕਲਾਸਵਾਲਾ ਦਾ 8ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 8ਵੀਂ ਜਮਾਤ ਦੇ ਨਤੀਜਿਆਂ ਵਿਚ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਪ੍ਰਿੰਸੀਪਲ ਸ਼ਾਲਿਨੀ ਸ਼ਰਮਾ ਨੇ ਦੱਸਿਆ ਕਿ 8ਵੀਂ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿਚ ਅਜੇ ਕੁਮਾਰ ਨੇ 91 ਫੀਸਦੀ, ਪ੍ਰਿੰਸ ਕੁਮਾਰ ਨੇ 88 ਫੀਸਦੀ, ਮੋਕਸ਼ ਭਾਟੀਆ ਅਤੇ ਯੁਵਰਾਜ 85 ਫੀਸਦੀ, ਬਿਰਜੂ ਪਾਸਵਾਨ 84 ਫੀਸਦੀ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੀਜਾ ਚੌਥਾ ਅਤੇ ਪੰਜਵਾਂ ਸਥਾਨ ਪ੍ਰਾਪਤ ਕੀਤਾ ਜਦਕਿ ਬਾਕੀ ਸਭ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ। ਪ੍ਰਿੰਸੀਪਲ ਸ਼ਾਲਿਨੀ ਸ਼ਰਮਾ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਉਨਾਂ ਨੂੰ ਹੋਰ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡਮਾਸਟਰ ਪਰਮਜੀਤ ਸਿੰਘ, ਹਰਦੀਪ ਸਿੰਘ, ਸਰਨਬੀਰ ਕੌਰ ਅਤੇ ਰੂਹੀ ਭਗਤ ਹਾਜ਼ਰ ਸਨ।

# ਮਾਂ ਸ਼ਾਰਦਾ ਸਕੂਲ ਦਾ ਅੱਠਵੀਂ ਦਾ ਨਤੀਜਾ ਮਾਣਮੱਤਾ



ਮਜੀਠਾ ਮਨਮੋਹਨ ਸਿੰਘ)-ਮਾਂ ਸ਼ਾਰਦਾ ਸੀਨੀਅਰ ਸੈਕੰਡਰੀ ਸਕੂਲ, ਚਵਿੰਡਾ ਦੇਵੀ ਦਾ ਅੱਠਵੀਂ ਕਲਾਸ ਦੇ ਬੋਰਡ ਦੇ ਪੇਪਰਾਂ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਸਾਰੇ ਹੀ ਵਿਦਿਆਰਥੀਆਂ ਦੇ ਨੰਬਰ 80% ਤੋਂ ਵੱਧ ਅਤੇ 8 ਬੱਚਿਆਂ ਦੇ ਨੰਬਰ 90% ਤੋਂ ਵੱਧ ਰਹੇ। ਇਲਾਕੇ ਵਿੱਚ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਮਾਂ ਸ਼ਾਰਦਾ ਸਕੂਲ ਦੇ ਬੱਚਿਆਂ ਨੇ ਮੱਲਾਂ ਮਾਰੀਆਂ। ਇਸ ਮੌਕੇ ਪ੍ਰਿੰਸੀਪਲ ਸੀਮਾ ਸ਼ਰਮਾ, ਵਾਇਸ ਪ੍ਰਿੰਸੀਪਲ ਕ੍ਰਿਸ਼ਮਾ ਅਤੇ ਸਮੂਹ ਸਟਾਫ ਨੇ ਬੱਚਿਆਂ ਅਤੇ ਮਾਪਿਆ ਨੂੰ ਵਧਾਈ ਦਿੱਤੀ।

# ਮਸ਼ਹੂਰ ਕੋਲਡਡ੍ਰਿੰਕ ਬ੍ਰਾਂਡ 'ਕੈਂਪਾ' ਉੜਾਨ ਪਲੇਟਫਾਰਮ 'ਤੇ ਵੀ ਹੋਵੇਗਾ ਉਪਲਬਧ

ਲੁਧਿਆਣਾ : ਰਿਲਾਇੰਸ ਕੰਜ਼ਿਊਮਰ ਪ੍ਰੋਡਕਟਸ ਲਿਮਿਟਡ (ਆਰਪੀਸੀਐਲ) ਨੇ ਅੱਜ ਉੜਾਨ ਉੱਤੇ ਆਪਣਾ ਨਾਮਵਰ ਕੋਲਡਡ੍ਰਿੰਕ ਬ੍ਰਾਂਡ, 'ਕੈਂਪਾ' ਰੇਂਜ ਉਪਲਬਧ ਕਰਾਉਣ ਲਈ ਸੰਪੂਰਣ-ਭਾਰਤੀ ਡਿਸਟ੍ਰੀਬਿਊਸ਼ਨ ਸਾਂਝੇਦਾਰੀ ਦੀ ਘੋਸ਼ਣਾ ਕੀਤੀ। ਉੜਾਨ ਰਿਟੇਲ ਵਿਕਰੇਤਾਵਾਂ ਅਤੇ ਛੋਟੇ ਕਿਰਾਨਾ ਦੁਕਾਨਾਂ ਲਈ ਭਾਰਤ ਦਾ ਸਭ ਤੋਂ ਵੱਡਾ ਈ-ਬੀ2ਬੀ ਪਲੇਟਫਾਰਮ ਹੈ। ਸ਼ੁਰੂਆਤ ਵਿੱਚ ਆਰਸੀਪੀਐਲ ਦੇ ਕੈਂਪਾ ਪਾਣੀ ਦੀ ਰੇਂਜ 50,000 ਤੋਂ ਜ਼ਿਆਦਾ ਰਿਟੇਲ ਵਿਕਰੇਤਾਵਾਂ/ਕਰਿਆਨਾ ਦੁਕਾਨਾਂ 'ਤੇ ਮਿਲੇਗੀ। ਇਸ ਡਿਸਟ੍ਰੀਬਿਊਸ਼ਨ ਨੂੰ ਅਗਲੇ ਦੋ ਮਹੀਨੀਆਂ ਵਿੱਚ ਹੌਲੀ-ਹੌਲੀ 1 ਲੱਖ ਤੋਂ ਜ਼ਿਆਦਾ ਰਿਟੇਲ ਵਿਕਰੇਤਾਵਾਂ/ਕਰਿਆਨਾ ਦੁਕਾਨਾਂ ਤੱਕ ਵਿਸਥਾਰਿਤ ਕੀਤਾ ਜਾਵੇਗਾ।

ਤਿੰਨ ਨਵੇਂ ਕੈਂਪਾ ਫਲੇਵਰਸ-ਕੋਲਾ, ਆਰੇਂਜ ਅਤੇ ਕਲਿਅਰ ਲਾਇਮ-ਉੜਾਨ ਪਲੇਟਫਾਰਮ ਤੇ ਲਾਂਚ ਕੀਤੇ ਗਏ ਹਨ। ਵਿਨੈ ਸ਼੍ਰੀਵਾਸਤਵ, ਮੁਖੀ-ਐੱਫਐੱਮਸੀਜੀ ਬਿਜ਼ਨਸ, ਉਡਾਨ ਨੇ ਕਿਹਾ ਕਿ ਅਸੀਂ ਇਸ ਗਰਮੀਆਂ ਵਿੱਚ ਭਾਰਤੀ ਖਪਤਕਾਰਾਂ ਨੂੰ ਦਿ ਗ੍ਰੇਟ ਇੰਡੀਅਨ ਟੇਸਟ ਪੇਸ਼ ਕਰਨ ਲਈ ਉਤਸ਼ਾਹਿਤ ਹਾਂ।

ਸਾਡਾ ਮੰਨਣਾ ਹੈ ਕਿ ਸਾਡੇ ਵੱਡੀ ਗਿਣਤੀ ਵਿੱਚ ਰਿਟੇਲਰਾਂ ਅਤੇ ਲਾਗਤ-ਪ੍ਰਭਾਵਸ਼ਾਲੀ ਡਿਸਟ੍ਰੀਬਿਊਸ਼ਨ ਨੈੱਟਵਰਕ ਦੇ ਸੁਮੇਲ ਨਾਲ ਅਸੀਂ ਪੂਰੇ ਭਾਰਤ ਵਿੱਚ ਮਾਰਕੀਟ ਵਿੱਚ 'ਕੈਂਪਾ' ਰੇਂਜ ਦੀ ਵਿਆਪਕ ਪਹੁੰਚ ਲਈ ਆਰਸੀਪੀਐਲ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਧੀਆ ਹਾਲਤ ਵਿੱਚ ਹਾਂ।

# ਸ਼ਹੀਦ ਹਰਕ੍ਰਿਸ਼ਨ ਸਿੰਘ ਦੀ ਯਾਦ 'ਚ ਪਿੰਡ ਤਲਵੰਡੀ ਭਰਥ ਵਿਖੇ ਸ਼ਰਧਾਂਜਲੀ ਸਮਾਗਮ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਬੀਤੀ ਦਿਨੀਂ ਪੁੰਛ ਵਿਖੇ ਅੱਤਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਹਰਕ੍ਰਿਸ਼ਨ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬਲਬੀਰ ਸਿੰਘ ਪਨੂੰ ਚੇਅਰਮੈਨ ਪਨਸਪ ਪੰਜਾਬ ਤੇ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ, ਰਮਨ ਬਹਿਲ ਚੇਅਰਮੈਨ ਪੰਜਾਬ ਹੈਲਥ ਕਾਰਪੋਰੇਸ਼ਨ, ਡਾ. ਨਿਧੀ ਕੁਮੁਦ ਬਾਮਬਾ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ, ਤਹਿਸੀਲਦਾਰ ਲਖਵਿੰਦਰ ਸਿੰਘ, ਕੁੰਵਰ ਰਵਿੰਦਰ ਸਿੰਘ ਵਿੱਕੀ ਸਮੇਤ ਵੱਖ-ਵੱਖ ਸਖਸ਼ੀਅਤਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਦੌਰਾਨ ਡਾ. ਨਿਧੀ ਕੁਮੁਦ ਬਾਮਬਾ ਵਧੀਕ ਡਿਪਟੀ ਕਮਿਸ਼ਨਰ (ਜ), ਗੁਰਦਾਸਪੁਰ ਵਲੋਂ ਸ਼ਹੀਦ ਦੀ ਮਾਤਾ ਪਿਆਰ ਕੌਰ, ਪਿਤਾ ਮੰਗਲ ਸਿੰਘ, ਪਤਨੀ ਦਲਜੀਤ ਕੌਰ ਨਾਲ ਗਹਿਰੇ ਮਨ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਸ਼ਹੀਦ ਦੇ ਪਰਿਵਾਰ ਨਾਲ ਖੜ੍ਹਾ ਹੈ ਤੇ ਉਨਾਂ ਦੀ ਹਰ ਮੁਸ਼ਕਿਲ ਹੱਲ ਕਰਨ ਲਈ ਵਚਨਬੱਧ ਹੈ। ਇਸ ਮੌਕੇ ਉਨ੍ਹਾਂ ਸ਼ਹੀਦ ਹਰਕ੍ਰਿਸ਼ਨ ਸਿੰਘ ਦੇ ਪਰਿਵਾਰ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਚੇਅਰਮੈਨ ਪਨੂੰ ਤੇ ਰਮਨ ਬਹਿਲ ਨੇ ਕਿਹਾ ਕਿ ਉਹ ਸ਼ਹੀਦ ਹਰਕ੍ਰਿਸ਼ਨ ਸਿੰਘ ਸ਼ਹਾਦਤ ਨੂੰ ਕੋਟਿਨ ਕੋਟਿਨ ਪ੍ਰਣਾਮ ਕਰਦੇ ਹਨ, ਜਿਨਾਂ ਨੇ ਛੋਟੀ ਉਮਰ ਵਿੱਚ ਦੇਸ਼ ਦੀ ਖਾਤਰ ਆਪਣੀ ਜਾਨ ਨਿਛਾਵਰ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸ਼ਹੀਦ ਹਰਕ੍ਰਿਸ਼ਨ ਸਿੰਘ ਦੀ ਸ਼ਹਾਦਤ ਦਾ ਪੰਜਾਬ ਨੂੰ ਮਾਣ ਹੈ ਤੇ ਸੂਬਾ ਸਰਕਾਰ ਸ਼ਹੀਦ ਹਰਕ੍ਰਿਸ਼ਨ ਸਿੰਘ ਦੇ ਪਰਿਵਾਰ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਹਰਕ੍ਰਿਸ਼ਨ ਸਿੰਘ ਦੀ ਸ਼ਹਾਦਤ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ, ਜਿਸ ਨੇ ਫੌਜ ਵਿੱਚ ਭਰਤੀ ਹੋ ਕੇ ਵਤਨ ਦੀ ਖਾਤਰ ਆਪਣਾ ਆਪ ਨਿਛਾਵਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹੀਦ ਹਰਕ੍ਰਿਸ਼ਨ ਸਿੰਘ ਜੀ ਦੇ ਪਿਤਾ ਮੰਗਲ ਸਿੰਘ ਵੀ ਫੌਜ ਵਿੱਚੋਂ ਸੇਵਾਮੁਕਤ ਹੋਏ ਅਤੇ ਉਨ੍ਹਾਂ ਨੇ ਆਪਣੇ ਬੇਟੇ ਨੂੰ ਵੀ ਦੇਸ਼ ਦੀ ਸੇਵਾ ਕਰਨ ਲਈ ਫੋਜ ਵਿੱਚ ਭਰਤੀ ਕਰਵਾਇਆ। ਉਨਾਂ ਕਿਹਾ ਕਿ ਸ਼ਹੀਦ ਹਰਕ੍ਰਿਸ਼ਨ ਸਿੰਘ ਦੀ ਸ਼ਹਾਦਤ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ, ਜਿਸਨੇ ਛੋਟੀ ਉਮਰ ਵਿੱਚ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾਂ ਕਿਹਾ ਕਿ ਸਾਡੀ ਸਾਰਿਆਂ ਦੀ ਸ਼ਹੀਦ ਹਰਕ੍ਰਿਸ਼ਨ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਜਿਸ ਵੀ ਖੇਤਰ ਵਿੱਚ ਹਾਂ, ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰੀਏ ਤੇ ਸਮਾਜ ਦੀ ਹੋਰ ਬਿਹਤਰੀ ਲਈ ਵੱਧ ਤੋਂ ਵੱਧ ਯਤਨ ਕਰੀਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸ਼ਹੀਦ ਹਰਕ੍ਰਿਸ਼ਨ ਸਿੰਘ ਦੇ ਸਸਕਾਰ ਮੌਕੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਪਿੰਡ ਤਲਵੰਡੀ ਭਰਥ ਆ ਕੇ ਸ਼ਹੀਦ ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹੋਏ ਸਨ। ਉਨ੍ਹਾਂ ਪਰਿਵਾਰ ਨੂੰ 1 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਸੀ ਅਤੇ ਪਰਿਵਾਰ ਦੀਆਂ ਮੰਗਾਂ ਪੂਰੀਆਂ ਕਰਦਿਆਂ ਪਿੰਡ ਦੇ ਸਕੂਲ ਦਾ ਨਾਮ ਸ਼ਹੀਦ ਹਰਕ੍ਰਿਸ਼ਨ ਸਿੰਘ ਦੇ ਨਾਮ ਤੇ ਰੱਖਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਪਿੰਡ ਦੀ ਧਰਮਸ਼ਾਲਾ ਨੂੰ ਨਵਾਂ ਰੂਪ ਦੇਣ ਅਤੇ ਖੇਡ ਸਟੇਡੀਅਮ ਦੇ ਨਿਰਮਾਣ ਉੱਤੇ 73.50 ਲੱਖ ਰੁਪਏ ਖਰਚ ਕਰਨ ਦਾ ਵੀ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਰਾਗੀ ਸਿੰਘਾਂ ਵਲੋਂ ਗੁਰਬਾਣੀ ਕੀਰਤਨ ਗਾਇਨ ਕੀਤਾ ਗਿਆ ਤੇ ਗੁਰਮਿਤ ਵਿਚਾਰ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਸੁੱਚਾ ਸਿੰਘ ਮੁਲਤਾਨੀ, ਅਜੀਤ ਸਿੰਘ, ਸਰਪੰਚ ਦਲਬੀਰ ਕੌਰ, ਕੈਪਟਨ ਜੋਦਿੰਗਰ ਸਿੰਘ , 16 ਆਰ.ਆਰ ਰੈਜੀਮੈਂਟ ਦੇ ਅਧਿਕਾਰੀ, ਸਾਬਕਾ ਸੂਬੇਦਾਰ ਮੇਜਰ ਸਿੰਘ, ਦਲਜੀਤ ਸਿੰਘ, ਜਸਕਰਨ ਸਿੰਘ ਕਾਹਲੋਂ ਸਮੇਤ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

1-May-PAGE-12.qxd 4/30/2023 8:43 PM Page 1



# ਮਈ ਦਿਵਸ ਨੂੰ ਸਮਰਪਿਤ ਧੂਰੀ ਵਿਸ਼ੇਸ਼ ਸਪਲੀਮੈਂਟ




**ਸੰਦੇਸ਼**

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ ਭੇਂਟ ਕਰਦੇ ਹਾਂ।

**ਪ੍ਰੋ : ਓਂਕਾਰ ਸਿੰਘ ਸਿੱਧੂ**
ਓ.ਐਸ.ਡੀ. ਮੁੱਖ ਮੰਤਰੀ



**ਸੰਦੇਸ਼**

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ ਭੇਂਟ ਕਰਦੇ ਹਾਂ।

**ਵਿਜੈ ਗੋਇਲ**
ਡਾਇਰੈਕਟਰ ਰਾਈਸੀਲਾ ਹੈਲਥ ਫੂਡਜ਼



**ਸੰਦੇਸ਼**

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ ਭੇਂਟ ਕਰਦੇ ਹਾਂ।

**ਸ. ਰਾਜਵੰਤ ਸਿੰਘ ਘੁੱਲ੍ਹੀ**
ਚੇਅਰਮੈਨ ਮਾਰਕੀਟ ਕਮੇਟੀ ਧੂਰੀ



**ਸੰਦੇਸ਼**

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ ਭੇਂਟ ਕਰਦੇ ਹਾਂ।

**ਡਾ. ਅਨਵਰ ਭਸੌੜ**
ਜ਼ਿਲ੍ਹਾ ਪ੍ਰਧਾਨ ਕੌਮੀ ਘੱਟ ਗਿਣਤੀ ਵਿੰਗ (ਆਪ)


## ਸਹੂਲਤਾਂ ਨੂੰ ਤਰਸ ਰਿਹੈ ਮੁੱਖ ਮੰਤਰੀ ਦੇ ਹਲਕੇ ਦਾ ਸ਼ਹਿਰ ਧੂਰੀ



ਸੁਖਦੇਵ ਧੂਰੀ, ਪੱਤਰਕਾਰ, ਧੂਰੀ,
ਮੋਬਾ. 95920-85886
Email : sukhdevdhuri@gmail.com

ਅੱਜ-ਕੱਲ੍ਹ ਪੰਜਾਬ ਦੇ ਕਿਸੇ ਵੀ ਕਸਬੇ ਦੀਆਂ ਸਮੱਸਿਆਵਾਂ/ਹਾਲਾਤ ਬਾਰੇ ਲਿਖਣਾ ਹੋਵੇ ਤਾਂ ਸਭ ਦੀਆਂ ਸਾਂਝੀਆਂ ਸਮੱਸਿਆਵਾਂ ਇੱਕੋ ਜਿਹੀਆਂ ਹਨ ਜਿਵੇਂ ਅਵਾਰਾ ਗਊਆਂ, ਸਫ਼ਾਈ ਪ੍ਰਬੰਧ (ਗੰਦਗੀ), ਨਜਾਇਜ਼ ਕਬਜ਼ੇ, ਟੁੱਟੀਆਂ ਸੜਕਾਂ, ਮਾੜੀ ਟ੍ਰੈਫਿਕ ਵਿਵਸਥਾ, ਨਦਾਰਦ ਸਿਹਤ ਸੇਵਾਵਾਂ ਆਦਿ। ਇਸ ਦੇ ਨਾਲ ਹੀ ਸਰਕਾਰੀ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ, ਤਹਿਸੀਲਾਂ, ਬਿਜਲੀ ਬੋਰਡ ਦਫ਼ਤਰਾਂ, ਸਮਾਜ ਭਲਾਈ ਵਿਭਾਗਾਂ ਅਤੇ ਸੁਵਿਧਾ ਕੇਂਦਰਾਂ ਵਿੱਚ ਆਮ ਆਦਮੀ ਦੀ ਖੱਜਲ ਖੁਆਰੀ। ਧੂਰੀ ਸ਼ਹਿਰ ਵੀ ਉਕਤ ਸਮੱਸਿਆਵਾਂ ਤੋਂ ਮੁਕਤ ਨਹੀਂ, ਭਾਵੇਂ ਕਹਿਣ ਨੂੰ ਹੁਣ ਇਹ ਮੁੱਖ ਮੰਤਰੀ ਹਲਕਾ ਹੈ। ਸੱਚਾਈ ਇਹ ਹੈ ਕਿ ਪਹਿਲਾਂ ਤਾਂ ਚਲੋ ਧੂਰੀ ਨਿਵਾਸੀਆਂ ਕੋਲ ਆਪਣਾ ਦੁਖੜਾ ਰੋਣ ਲਈ ਐਮ.ਐਲ.ਏ. ਹੁੰਦਾ ਸੀ, ਹੁਣ ਤਾਂ ਉਹ ਵੀ ਨਹੀਂ ਕਿਉਂਕਿ ਧੂਰੀ ਦਾ ਨੁਮਾਇੰਦਾ ਐਮ.ਐਲ.ਏ. ਨਹੀਂ ਮੁੱਖ ਮੰਤਰੀ ਹੈ, ਜਿਸ ਤੱਕ ਪਹੁੰਚ ਕਰਨਾ ਧੂਰੀ ਨਿਵਾਸੀ ਲਈ ਸੌਖਾ ਨਹੀਂ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਜੋ ਆਸਾਂ ਸਨ, ਉਹ ਇੱਕ-ਇੱਕ ਕਰਕੇ ਤਿੜਕ ਰਹੀਆਂ ਹਨ, ਇਸੇ ਕੜੀ ਵਿੱਚ ਧੂਰੀ ਨਿਵਾਸੀਆਂ ਨੂੰ ਆਪਣੇ ਮੁੱਖ ਮੰਤਰੀ ਨਾਲ ਵੱਡਾ ਗਿਲਾ ਇਹ ਹੈ ਕਿ ਮੁੱਖ ਮੰਤਰੀ ਬਣਕੇ ਅਜੇ ਤੱਕ ਭਗਵੰਤ ਮਾਨ ਨੇ ਧੂਰੀ ਸ਼ਹਿਰ ਦਾ ਚੱਜ ਨਾਲ ਇੱਕ ਵੀ ਚੱਕਰ ਨਹੀਂ ਮਾਰਿਆ, ਕੋਈ ਸਮੱਸਿਆ ਦਾ ਹੱਲ ਤਾਂ ਦੂਰ ਦੀ ਗੱਲ ਹੈ। ਲੰਬੇ ਸਮੇਂ ਤੋਂ ਧੂਰੀ ਨਿਵਾਸੀ, ਇਸ ਸ਼ਹਿਰ ਦੇ ਬਿਲਕੁਲ ਮੱਧ ਵਿੱਚੋਂ ਲੰਘਦੀਆਂ ਰੇਲਵੇ ਲਾਈਨਾ ਤੇ ਸਟੇਸ਼ਨ ਦੇ ਨੇੜੇ ਵਾਲੇ ਸਦਾ ਬੰਦ ਰਹਿਣ ਵਾਲੇ ਫਾਟਕਾਂ ਦੀ ਸਮੱਸਿਆ ਦੀ ਨਿਜਾਤ ਦੀ ਆਸ ਲਗਾਈ ਬੈਠੇ ਹਨ। ਇਹ ਫਾਟਕ ਅਜਿਹੇ ਹਨ ਕਿ ਇਨ੍ਹਾਂ ਨੇ ਧੂਰੀ ਨੂੰ ਦੋ ਹਿੱਸਿਆ ਵਿੱਚ ਵੰਡ ਰੱਖਿਆ ਹੈ ਪਰ ਮਹਿਜ 100 ਮੀਟਰ ਦੂਰ ਬਜ਼ਾਰ ਜਾਣ ਲਈ ਇੱਕ ਪਾਸੇ ਦੇ ਲੋਕਾਂ ਲਈ ਇਹ ਕਿਸੇ ਦੂਸਰੇ ਸ਼ਹਿਰ ਜਾਣ ਨਾਲੋਂ ਵੀ ਔਖਾ ਹੈ। ਚਾਰ ਪਾਸਿਓ ਗੱਡੀ ਆਉਣ ਦੀ ਸੰਭਾਵਨਾ ਕਾਰਨ ਇਹ ਫਾਟਕ ਲਗਾਤਾਰ ਘੰਟਾ ਘੰਟਾ ਬੰਦ ਰਹਿੰਦੇ ਹਨ, ਜਿਸ ਕਾਰਨ ਨਾ ਸਿਰਫ਼ ਦੋਵੇ ਪਾਸਿਆਂ ਦੇ ਲੋਕ ਫਸੇ ਰਹਿੰਦੇ ਹਨ ਸਗੋਂ ਬਜ਼ਾਰ ਵਿੱਚ ਗੱਡੀਆਂ ਦਾ ਜਾਮ ਲੱਗਾ ਰਹਿੰਦਾ ਹੈ। ਇਸ ਸਮੱਸਿਆ ਦਾ ਸਮਾਧਾਨ ਕਰਨ ਦੇ ਲਾਰੇ ਪਿਛਲੀਆ ਤਿੰਨ ਸਰਕਾਰਾਂ ਦੇ ਨੇਤਾ ਲਗਾਉਂਦੇ ਆਏ ਹਨ, ਜਿਸ ਕਾਰਨ ਇਸ ਵਾਰ ਲੋਕਾਂ ਦੀ ਅੰਤਿਮ ਆਸ ਮੁੱਖ ਮੰਤਰੀ ਭਗਵੰਤ ਮਾਨ ਤੋਂ ਹੀ ਬਝੀ ਹੈ। ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਦੀ ਰਿਹਾਇਸ਼ ਵੀ ਧੂਰੀ ਵਿਖੇ ਹੀ ਹੈ, ਪਰ ਅਵਾਰਾ ਗਊਆ ਦੇ ਝੁੰਡ ਉਨ੍ਹਾਂ ਦੇ ਘਰ ਨੂੰ ਜਾਂਦੇ ਰਸਤੇ ਦੇ ਮੋੜ ਤੇ ਆਪਣੀ ਹਾਜ਼ਰੀ ਲਵਾਉਂਦੇ ਦੇਖੇ ਜਾ ਸਕਦੇ ਹਨ। ਇਸ ਤੋਂ ਵੱਧ ਇਸ ਮਾਮਲੇ 'ਤੇ ਕੀ ਲਿਖਿਆ ਜਾਵੇ। ਕਿੰਨੇ ਵਰਿਆਂ ਤੋਂ ਸਰਕਾਰਾਂ ਗਊ ਸੈਸ ਇਕੱਤਰ ਕਰ ਰਹੀਆਂ ਹਨ, ਪਰ ਜਾਂਦਾ ਕਿੱਥੇ ਹੈ? ਸਵੇਰੇ-ਸਵੇਰੇ ਧੂਰੀ ਸ਼ਹਿਰ ਦਾ ਚੱਕਰ ਲਗਾਈਏ ਤਾਂ ਵੇਖਣ ਨੂੰ ਮਿਲਦਾ ਹੈ, ਦੁਕਾਨਦਾਰ ਭਰਾ ਆਪਣੇ ਹੱਥੀ ਝਾੜੂ ਫੜਕੇ ਇੱਕ ਥਾਂ ਦੀ ਗੰਦਗੀ ਦੂਸਰੀ ਥਾਂ ਕਰ ਰਹੇ ਹੁੰਦੇ ਹਨ। ਇਸ ਤੋਂ ਇਲਾਵਾ ਨਗਰ ਕੌਂਸਲ ਦੀਆਂ ਸਫਾਈ ਕਰਮਚਾਰੀਆਂ ਨੇ ਵੀ ਆਪਣੀ ਕਾਰਵਾਈ ਪਾ ਕੇ ਸੁੱਕੇ ਕੂੜੇ ਦੇ ਢੇਰ ਸੜਕਾਂ ਕਿਨਾਰੇ ਲਗਾ ਰੱਖੇ ਹੁੰਦੇ ਹਨ। ਦਿਨ ਦੀ ਆਵਾਜਾਈ ਸ਼ੁਰੂ ਹੁੰਦਿਆ ਹੀ ਇਹ ਗੰਦਗੀ ਗਰਦ ਮੁੜ ਖਿੰਡਦੀ ਸ਼ੁਰੂ ਹੋ ਜਾਂਦੀ ਹੈ। ਹੈਰਾਨੀ ਹੈ ਇਕਵੀ ਸਦੀ ਦਾ ਤੇਈਵਾ ਸਾਲ ਲੰਘਦਾ ਹੋਣ 'ਤੇ ਵੀ, ਅਜੇ ਤੱਕ ਸਾਡੀਆਂ ਸਰਕਾਰਾਂ/ਨਗਰ ਪਾਲਿਕਾਵਾਂ ਨੇ ਕੂੜਾ ਪ੍ਰਬੰਧਨ ਦੇ ਆਧੁਨਿਕ ਮਸ਼ੀਨੀਕਰਨ ਦੀ ਕੋਈ ਵਿਉਂਤ ਨਹੀਂ ਸੋਚੀ।

## ਸਹਿਯੋਗੀ ਸੱਜਣ



| | | | |
|---|---|---|---|
| ਸੁਰਿੰਦਰਪਾਲ ਸਿੰਘ ਨੀਟਾ<br>ਮੁੱਖ ਸਲਾਹਕਾਰ ਸ੍ਰੀ ਸੁਖਮਨੀ ਸੇਵਾ ਸੁਸਾਇਟੀ ਧੂਰੀ | ਡਾ. ਅਮਰਜੀਤ ਸਿੰਘ<br>ਅਸਿੱ : ਪ੍ਰੋਫੈਸਰ ਦੇਸ਼ ਭਗਤ ਯੂਨੀ: | ਰਾਜ ਸਿੰਘ ਲੈਕਚਰਾਰ<br>ਵਾਤਾਵਰਨ ਪ੍ਰੇਮੀ | ਸਰਬਜੀਤ ਸਿੰਘ ਧਾਲੀਵਾਲ<br>ਮੁਲਾਜ਼ਮ ਆਗੂ |
| ਉਸਤਾਦ ਗ਼ਜ਼ਲਗੋ<br>ਰਣਜੀਤ ਸਿੰਘ ਧੂਰੀ | ਕੁਲਵਿੰਦਰ ਬੰਟੀ<br>ਜਮਹੂਰੀ ਅਧਿਕਾਰ ਸਭਾ | ਰਤਨ ਭੰਡਾਰੀ<br>ਸਮਾਜ ਸੇਵੀ | ਮਲਕੀਤ ਸਿੰਘ ਚਾਂਗਲੀ<br>ਸਮਾਜ ਸੇਵੀ |
| ਰਾਜਵਿੰਦਰ ਸਿੰਘ<br>ਮੁੱਖ ਮੁਨਸ਼ੀ ਥਾਣਾ ਸਿਟੀ ਧੂਰੀ | ਨਰਿੰਦਰ ਸਿੰਘ ਬਖਸ਼ੀ<br>ਸਮਾਜ ਸੇਵੀ | ਸੰਤ ਸਿੰਘ ਬੀਹਲਾ<br>ਪ੍ਰਿੰਸੀਪਲ | ਗੁਰਮੀਤ ਸਿੰਘ ਕਾਲਾ<br>ਸਮਾਜ ਸੇਵੀ |
| ਸ਼ਿਆਮ ਕੁਮਾਰ<br>ਸਮਾਜ ਸੇਵੀ | ਕੁਲਵਿੰਦਰ ਸਿੰਘ ਕਿੰਦਾ<br>ਮੁੱਖ ਸਲਾਹਕਾਰ ਯੂਥ ਕਲੱਬ | ਜਥਰਾ ਸਿੰਘ<br>ਪ੍ਰਿੰਸੀਪਲ | ਵਿਜੈ ਸੋਫਤ ਬਿੱਟੂ<br>ਸਮਾਜ ਸੇਵੀ |


## ਡੀ.ਏ.ਵੀ. ਪਬਲਿਕ ਸਕੂਲ, ਕੱਕੜਵਾਲ

ਵਿਸ਼ੇਸ਼ਤਾਵਾਂ : • ਵਧੀਆ ਸਿੱਖਿਆ ਲਈ ਇਲਾਕੇ ਦੀ ਮੋਹਰੀ ਸੰਸਥਾ। • ਸ਼ਹਿਰ ਦੀ ਬਹੁਤ ਹੀ ਸੁਰੱਖਿਅਤ ਥਾਂ 'ਤੇ ਬਣੀ ਹੋਈ ਸ਼ਾਨਦਾਰ ਇਮਾਰਤ। • ਯੋਗ ਅਤੇ ਤਜ਼ਰਬੇਕਾਰ ਅਧਿਆਪਨ ਫੈਕਲਟੀ। • ਬੋਰਡ ਪ੍ਰੀਖਿਆਵਾਂ ਵਿੱਚ ਮੈਰਿਟ ਦੇ ਸਥਾਨ। • ਹਰੇਕ ਵਿਦਿਆਰਥੀ ਤੱਕ ਨਿੱਜੀ ਧਿਆਨ। • ਸਕੂਲ ਦੇ ਵਿਦਿਆਰਥੀ ਰਹੇ ਹੁਣ ਉੱਚ ਅਹੁਦਿਆਂ 'ਤੇ ਬਿਰਾਜਮਾਨ। • ਸਾਲ ਦਰ ਸਾਲ ਉੱਤਮ ਨਤੀਜੇ।

**ਪ੍ਰਿੰਸੀਪਲ ਸੰਤ ਸਿੰਘ : 82888-03674**
**ਚੇਅਰਮੈਨ ਬੀ.ਕੇ. ਸ਼ਰਮਾ : 88478-74916**
**ਡਾਇਰੈਕਟਰ ਰਜਿੰਦਰਪਾਲ : 78377-21820**



**ਸੰਦੇਸ਼**

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ ਭੇਂਟ ਕਰਦੇ ਹਾਂ।

**ਮਨਜੀਤ ਸਿੰਘ ਬਖ਼ਸ਼ੀ**
ਸਾਬਕਾ ਡੀ.ਪੀ.ਆਰ.ਓ.



**ਸੰਦੇਸ਼**

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ ਭੇਂਟ ਕਰਦੇ ਹਾਂ।

**ਕਾਮਰੇਡ ਸੁਖਦੇਵ ਸ਼ਰਮਾ**
ਜ਼ਿਲ੍ਹਾ ਸਕੱਤਰ ਸੀਪੀਆਈ




ਘਰ ਦੀ ਰੌਣਕ ਅਮਾਇਰਾ ਸ਼ਰਮਾ



ਡਾ. ਕ੍ਰਿਸ਼ਨ ਗਊਧਾਮ ਧੂਰੀ ਵਿਖੇ ਸੇਵਾ ਕਰਦੇ ਹੋਏ।


ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ

## ਰੋਇਲ ਕਲੱਬ, ਧੂਰੀ



ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ।

**ਸੁਰਿੰਦਰਪਾਲ ਸਿੰਘ ਨੀਟਾ**
ਪ੍ਰਧਾਨ ਰੋਇਲ ਕਲੱਬ, ਧੂਰੀ

## ਚਾਂਗਲੀ ਜਵੈਲਰਜ਼
ਪਟਿਆਲਾ ਸਟਰੀਟ, ਧੂਰੀ



ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ।

**ਮਲਕੀਤ ਸਿੰਘ ਚਾਂਗਲੀ**
ਚੇਅਰਮੈਨ ਸਵਰਨਕਾਰ ਸੰਘ ਜ਼ਿਲ੍ਹਾ ਸੰਗਰੂਰ
ਚੇਅਰਮੈਨ ਸ਼ੋਸ਼ਲ ਵੈਲਫੇਅਰ ਯੂਨਿਟ ਧੂਰੀ
ਚੇਅਰਮੈਨ ਅਖਿਲ ਭਾਰਤੀਆ ਤਰੁਣ ਸੰਗਮ ਕਲੱਬ ਧੂਰੀ

ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਬਿਹਤਰੀ ਲਈ ਯਤਨਸ਼ੀਲ ਸੰਸਥਾ

## ਪੰਜਾਬੀ ਸਾਹਿਤ ਸਭਾ ਧੂਰੀ (ਰਜਿ:)
ਸਥਾਪਿਤ 1958



ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ।

ਲੇਖਕ ਅਤੇ ਪਾਠਕ ਸਭਾ ਦੇ ਮੈਂਬਰ ਬਣਨ ਲਈ ਸੰਪਰਕ ਕਰਨ :
ਦਫ਼ਤਰ - ਡਾ.ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ, ਦਸਮੇਸ਼ ਨਗਰ, ਕੱਕੜਵਾਲ ਰੋਡ ਧੂਰੀ (ਸੰਗਰੂਰ)
**ਮੂਲ ਚੰਦ ਸ਼ਰਮਾ - 9914836037**



ਲਖਬੀਰ ਸਿੰਘ
ਜ਼ਿਲ੍ਹਾ ਪ੍ਰਧਾਨ
81468-91111

• ਪੰਜਾਬ ਸਰਕਾਰ ਏਡਿਡ ਸਕੂਲ ਅਧਿਆਪਕ ਅਤੇ ਪੈਨਸ਼ਨਰਜ਼ 'ਤੇ ਛੇਵਾਂ ਪੇ-ਕਮਿਸ਼ਨ ਤੁਰੰਤ ਲਾਗੂ ਕਰੇ।
• ਪੰਜਾਬ ਸਰਕਾਰ ਏਡਿਡ ਸਕੂਲਾਂ ਦੇ ਸਟਾਫ਼ ਅਤੇ ਪੈਨਸ਼ਨਰਜ਼ ਅਤੇ ਏਡਿਡ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆ 'ਤੇ ਆਟੋ ਪੈਰਿਟੀ ਲਾਗੂ ਕਰੇ।



ਮਿਸ਼ਰਾ ਸਿੰਘ
ਜ਼ਿਲ੍ਹਾ ਸਕੱਤਰ
94632-15585

**ਵੱਲੋਂ : ਪੰਜਾਬ ਰਾਜ ਏਡਿਡ ਸਕੂਲ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਜ਼ਿਲ੍ਹਾ ਸੰਗਰੂਰ**

## ਯੂਥ ਸਪੋਰਟਸ ਕਲੱਬ (ਰਜਿ.)
ਰਾਜਿੰਦਰਾਪੁਰੀ (ਰੰਚਨਾਂ) ਜ਼ਿਲ੍ਹਾ ਸੰਗਰੂਰ, ਸਰਪ੍ਰਸਤ : ਨਹਿਰੂ ਯੁਵਾ ਕੇਂਦਰ, ਸੰਗਰੂਰ

• ਸਥਾਪਨਾ ਦਿਵਸ 19 ਮਾਰਚ 2000 ਹੈ। • ਪਿੰਡ ਵਿੱਚ 24 ਘੰਟੇ ਬਿਜਲੀ ਦਾ ਪ੍ਰਬੰਧ ਕਰਨਾ ਅਤੇ ਉਦਘਾਟਨ ਡੀ.ਸੀ. ਅਨੁਰਿਧ ਤਿਵਾੜੀ ਸੰਗਰੂਰ ਮਿਤੀ 07/03/2021 ਵੱਲੋਂ ਕੀਤਾ ਗਿਆ। ਡੀ.ਸੀ. ਸਾਹਿਬ ਵੱਲੋਂ ਪ੍ਰਾਇਮਰੀ ਸਕੂਲ ਲਈ 100000/- ਰੁਪਏ ਦੀ ਰਾਸ਼ੀ ਅਤੇ ਕਲੱਬ ਨੂੰ 25000/- ਰੁਪਏ ਦੀ ਰਾਸ਼ੀ ਦਿੱਤੀ ਗਈ ਸੀ। ਜੂਨ 2001 ਵਿੱਚ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਐਮ.ਐਲ.ਏ. ਧਨਵੰਤ ਸਿੰਘ ਵੱਲੋਂ ਪ੍ਰਾਇਮਰੀ ਸਕੂਲ ਨੂੰ 100000/- ਰੁਪਏ ਦੀ ਰਾਸ਼ੀ ਦਿੱਤੀ ਗਈ ਸੀ। • ਸਰਕਾਰੀ ਸਕੂਲ ਵਿੱਚੋਂ ਪਹਿਲੀ ਕਲਾਸ ਤੋਂ 10+2 ਤੱਕ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਆਉਣ ਵਾਲੇ ਪਿੰਡ ਦੇ ਬੱਚਿਆਂ ਦਾ ਸਨਮਾਨ ਕਰਨਾ ਅਤੇ ਖੇਡਾਂ, ਗਿੱਧਾ, ਭੰਗੜਾ ਆਦਿ ਵਾਲੇ ਬੱਚਿਆਂ ਦਾ ਸਨਮਾਨ ਕਰਨਾ। • ਇਨਾਮ ਵੰਡ ਸਮਾਰੋਹ 'ਤੇ ਹੀ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਲਈ ਤਰਕਸ਼ੀਲ ਮੇਲਾ ਕਰਵਾਉਣਾ। • ਨੌਜਵਾਨ ਪੀੜੀ ਨੂੰ ਨਸ਼ਿਆਂ ਅਤੇ ਹੋਰ ਕੁਰੀਤੀਆ ਤੋਂ ਦੂਰ ਰਹਿਣ ਲਈ ਖੇਡਾਂ ਦਾ ਸਾਰਾ ਸਮਾਨ ਉਪਲੱਬਧ ਕਰਵਾਉਣਾ ਅਤੇ ਕ੍ਰਿਕਟ ਟੂਰਨਾਮੈਂਟ, ਕਬੱਡੀ, ਵਾਲੀਬਾਲ, ਰੱਸਾਕਸੀ ਆਦਿ ਟੂਰਨਾਮੈਂਟ ਕਰਵਾਉਣਾ। • ਨਹਿਰੂ ਯੁਵਾ ਕੇਂਦਰ ਵੱਲੋਂ ਆਇਆ ਹਰੇਕ ਕੈਂਪ ਪਿੰਡ ਵਿੱਚ ਲਗਵਾਉਣਾ ਜਿਵੇਂ ਕਿ ਖੇਤੀਬਾੜੀ ਨਾਲ ਸਬੰਧਤ, ਸਿਲਾਈ ਕਢਾਈ, ਬੂਟੇ ਲਗਾਉਣਾ ਅਤੇ ਪਿੰਡ ਦੀ ਸਫਾਈ ਕਰਨੀ ਆਦਿ। • ਸਾਰੇ ਕੰਮ ਕਰਨ ਦੇ ਕਾਰਨ ਨਹਿਰੂ ਯੁਵਾ ਕੇਂਦਰ ਵੱਲੋਂ ਸਾਲ 2003 ਵਿੱਚ ਕਲੱਬ ਨੂੰ ਪਹਿਲਾ ਸਥਾਨ ਅਤੇ ਇਨਾਮ ਵਜੋਂ ਏ.ਡੀ.ਸੀ. ਸੰਗਰੂਰ ਵੱਲੋਂ 10000 ਰੁਪਏ ਦਾ ਨਗਰ ਇਨਾਮ ਕਲੱਬ ਨੂੰ ਦਿੱਤਾ ਗਿਆ। • ਪਿਛਲੇ 4 ਸਾਲਾਂ ਤੋਂ ਕਰੋਨਾ (ਕੋਵਿਡ - 19) ਕਰਕੇ ਇਨਾਮ ਵੰਡ ਸਮਾਰੋਹ ਨਹੀਂ ਕਰਵਾਇਆ ਜਾ ਸਕਿਆ, ਜੋ ਕਿ ਹੁਣ ਮਈ ਮਹੀਨੇ ਵਿੱਚ 4 ਸਾਲਾਂ ਦਾ ਇਨਾਮ ਵੰਡ ਸਮਾਰੋਹ ਕਰਵਾਇਆ ਜਾਵੇਗਾ।



ਹਰਬੰਸ ਦਾਸ ਬਾਵਾ, ਪ੍ਰਧਾਨ — ਜਗਮੀਤ ਕੁਮਾਰ ਸ਼ਰਮਾ, ਜਨਰਲ ਸਕੱਤਰ — ਰਜਿੰਦਰ ਕੁਮਾਰ ਕਾਕਾ, ਸਕੱਤਰ



ਅਮਰੀਕ ਕੈਂਥ
ਇੰਚਾਰਜ ਬਸਪਾ ਹਲਕਾ ਧੂਰੀ

ਜੈ ਭੀਮ ਜੈ ਭਾਰਤ

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ।

**ਵੱਲੋਂ : ਬਹੁਜਨ ਸਮਾਜ ਪਾਰਟੀ, ਹਲਕਾ ਧੂਰੀ**



ਪ੍ਰਿੰਸੀਪਲ ਗੁਰਬਖ਼ਸ਼ ਸਿੰਘ
ਜ਼ਿਲ੍ਹਾ ਇੰਚਾਰਜ ਬਸਪਾ ਸੰਗਰੂਰ

## ਡਾ. ਬਖ਼ਸ਼ੀ ਤੀਰਥ ਸਿੰਘ ਮੈਮੋਰੀਅਲ ਗੁਰੂਕੁਲ ਕਾਨਵੈਂਟ ਸਕੂਲ



ਵਿਸ਼ੇਸ਼ਤਾਵਾਂ : • ਵਧੀਆ ਸਿੱਖਿਆ ਲਈ ਇਲਾਕੇ ਦੀ ਮੋਹਰੀ ਸੰਸਥਾ। • ਸ਼ਹਿਰ ਦੀ ਬਹੁਤ ਹੀ ਸੁਰੱਖਿਅਤ ਥਾਂ 'ਤੇ ਬਣੀ ਹੋਈ ਸ਼ਾਨਦਾਰ ਇਮਾਰਤ। • ਯੋਗ ਅਤੇ ਤਜ਼ਰਬੇਕਾਰ ਅਧਿਆਪਨ ਫੈਕਲਟੀ। • ਬੋਰਡ ਪ੍ਰੀਖਿਆਵਾਂ ਵਿੱਚ ਮੈਰਿਟ ਦੇ ਸਥਾਨ। • ਹਰੇਕ ਵਿਦਿਆਰਥੀ ਤੱਕ ਨਿੱਜੀ ਧਿਆਨ। • ਸਕੂਲ ਦੇ ਵਿਦਿਆਰਥੀ ਰਹੇ ਹੁਣ ਉੱਚ ਅਹੁਦਿਆਂ 'ਤੇ ਬਿਰਾਜਮਾਨ। • ਸਾਲ ਦਰ ਸਾਲ ਉੱਤਮ ਨਤੀਜੇ।

ਜਨਤਾ ਨਗਰ, ਧੂਰੀ (ਸੰਗਰੂਰ), ਪ੍ਰਿੰਸੀਪਲ ਕਮਲੇਸ਼ ਬਖ਼ਸ਼ੀ, ਸੰਪਰਕ : 01675-265579, 78887-98955


## ਡਾ. ਏ.ਆਰ. ਸ਼ਰਮਾ ਜੀ ਨੂੰ ਮਿਲਿਆ ਲਾਈਫ਼ ਟਾਈਮ ਅਚੀਵਮੈਂਟ ਐਵਾਰਡ



ਬੀਤੇ ਦਿਨੀਂ ਰਾਈਸੀਲਾ ਹੈਲਥ ਫੂਡਜ਼ ਦੇ ਸੀ.ਐਮ.ਡੀ. ਡਾ. ਏ.ਆਰ. ਸ਼ਰਮਾ ਜੀ ਦੇ ਤਾਜ ਵਿੱਚ ਇੱਕ ਹੋਰ ਹੀਰਾ ਜੁੜ ਗਿਆ। ਹੈਦਰਾਬਾਦ ਵਿੱਚ ਹੋਈ ਇੱਕ ਅੰਤਰਰਾਸ਼ਟਰੀ ਕਾਨਫਰੰਸ ਜਿਸ ਦਾ ਪ੍ਰਬੰਧ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਰਾਈਸ ਬਰਾਨ ਆਇਲ ਵੱਲੋਂ ਕੀਤਾ ਗਿਆ ਸੀ, ਵਿੱਚ ਡਾ. ਏ.ਆਰ. ਸ਼ਰਮਾ ਜੀ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾਜਿਆ ਗਿਆ। ਇੱਥੇ ਇਹ ਵੀ ਵਰਨਣਯੋਗ ਹੈ ਕਿ ਡਾ. ਸ਼ਰਮਾ ਅਜਿਹੇ ਪਹਿਲੇ ਭਾਰਤੀ ਉੱਦਮੀ ਹਨ ਜਿਨ੍ਹਾਂ ਨੇ ਗ਼ੈਰ ਖਾਣਯੋਗ ਰਾਈਸ ਬਰਾਨ ਤੇਲ ਨੂੰ ਸਿਹਤ ਲਈ ਬਿਹਤਰੀਨ ਖਾਣ ਯੋਗ ਤੇਲ ਵਿੱਚ ਤਬਦੀਲ ਕਰਨ ਲਈ ਸਖ਼ਤ ਮਿਹਨਤ ਕੀਤੀ ਅਤੇ ਜਪਾਨ ਵਰਗੇ ਦੇਸ਼ਾਂ ਦੀ ਅਤਿ ਵਿਕਸਤ ਤਕਨੀਕ ਅਪਨਾ ਕੇ ਭਾਰਤ ਨੂੰ ਖਾਣ ਵਾਲੇ ਤੇਲ ਦੇ ਮਾਮਲੇ ਵਿੱਚ ਆਤਮ ਨਿਰਭਰ ਬਣਾਉਣ ਲਈ ਅਹਿਮ ਯੋਗਦਾਨ ਪਾਇਆ। ਰਾਸ਼ਟਰ ਪ੍ਰਤੀ ਆਪਣੀ ਬੇਮਿਸਾਲ ਸੇਵਾ ਲਈ ਡਾ. ਸ਼ਰਮਾ ਨੂੰ 4 ਰਾਸ਼ਟਰੀ ਪੁਰਸਕਾਰਾਂ ਸਮੇਤ ਕਈ ਅੰਤਰਰਾਸ਼ਟਰੀ ਮਾਨਤਾਵਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਅੱਜ ਕਲ ਡਾ. ਸ਼ਰਮਾ ਪੰਜਾਬ ਵਿੱਚ ਪਾਣੀ ਦੇ ਘੱਟ ਰਹੇ ਪੱਧਰ ਬਾਰੇ ਗੰਭੀਰ ਚਿੰਤਨ ਕਰਦੇ ਹੋਏ ਸਰੋਂ ਦੀ ਵਿਕਸਤ ਖੇਤੀ ਕਰਵਾਉਣ ਨੂੰ ਉਤਸ਼ਾਹਿਤ ਕਰ ਰਹੇ ਹਨ। ਇਸ ਸਾਲ ਉਨ੍ਹਾਂ ਨੇ ਸੈਂਕੜੇ ਮਾਡਲ ਮਸਟਰਡ ਫਾਰਮ ਤਿਆਰ ਕਰਵਾਏ ਹਨ ਤਾਂ ਕਿ ਪੰਜਾਬ ਵਿੱਚ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਿਆ ਜਾ ਸਕੇ ਅਤੇ ਪੰਜਾਬ ਦੇ ਕਿਸਾਨ ਖੁਸ਼ਹਾਲ ਜੀਵਨ ਬਤੀਤ ਕਰ ਸਕਣ। ਪੰਜਾਬ ਸਰਕਾਰ ਨੂੰ ਵੀ ਪੰਜਾਬ ਦੇ ਕਿਸਾਨਾਂ ਦੀ ਸਰੋਂ ਘੱਟੋ ਘੱਟ ਸਮਰਥਨ ਮੁੱਲ 'ਤੇ ਖਰੀਦ ਕਰਨੀ ਚਾਹੀਦੀ ਹੈ। ਉਦਯੋਗ ਜਗਤ ਨੂੰ ਡਾ. ਏ. ਆਰ. ਸ਼ਰਮਾ ਜੀ ਤੋਂ ਬਹੁਤ ਆਸਾਂ ਹਨ।







ਸੁਖਦੇਵ ਸਿੰਘ

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ।

**ਪੈਨਸ਼ਨਰ ਐਸੋਸੀਏਸ਼ਨ ਪੀ.ਐਸ.ਪੀ.ਸੀ.ਐਲ. ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਲਈ ਹਮੇਸ਼ਾਂ ਸੰਘਰਸ਼ ਕਰਦੀ ਹੈ।**



ਅਮਰਜੀਤ ਸਿੰਘ ਅਮਲ

ਪੈਨਸ਼ਨਰ ਐਸ਼ੋਸੀਏਸ਼ਨ ਪੀ.ਐਸ.ਪੀ.ਸੀ.ਐਲ. / ਟ੍ਰਸ਼ਾਕੋ ਮੰਡਲ ਪ੍ਰਧਾਨ ਸੁਖਦੇਵ ਸਿੰਘ, ਜਨਰਲ ਸਕੱਤਰ ਅਮਰਜੀਤ ਸਿੰਘ ਅਮਲ ਅਤੇ ਡਵੀਜਨ ਵਰਕਿੰਗ ਕਮੇਟੀ।

ਪਹਿਲੀ ਵਾਰ ਪੰਜਾਬੀ ਭਾਸ਼ਾ ਵਿੱਚ.....

ਵੈਦਿਕ ਸੰਸਕ੍ਰਿਤੀ ਅਤੇ ਚਾਰੇ ਵੇਦਾਂ ਵਾਰੇ ਜਾਣਕਾਰੀ ਕਰਵਾਉਂਦੀ

ਪੁਸਤਕ



"ਵੈਦਿਕ ਸੰਸਕ੍ਰਿਤੀ-ਇੱਕ ਜਾਣ ਪਛਾਣ"

ਲੇਖਕ:- ਸੁਰਿੰਦਰ ਸ਼ਰਮਾ ਨਾਗਰਾ

ਬਹੁਤ ਛੇਤੀ ਲੋਕ ਅਰਪਣ ਹੋਣ ਜਾ ਰਹੀ ਹੈ।



ਵੱਲੋਂ:- ਸੁਰਿੰਦਰ ਸ਼ਰਮਾ ਨਾਗਰਾ ਪ੍ਰਧਾਨ ਸਾਹਿਤ ਸਭਾ ਧੂਰੀ (ਰਜਿ:) ਮੋਬਾ: 98786-46595

## ਸਾਰਿਆਂ ਨੂੰ ਮਈ ਦਿਵਸ ਦੀਆਂ ਮੁਬਾਰਕਾਂ

ਅਦਾਰਾ ਨਵਾਂ ਜ਼ਮਾਨਾ ਵੱਲੋਂ ਮਈ ਦਿਵਸ ਨੂੰ ਮੁੱਖ ਰੱਖ ਕੇ ਧੂਰੀ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਾਸਟਰ ਸੁਖਦੇਵ ਧੂਰੀ ਅਤੇ ਨਵਾਂ ਜ਼ਮਾਨਾ ਨੂੰ ਸ਼ੁਭਕਾਮਨਾਵਾਂ।



ਕਾਮਰੇਡ ਮਨਿੰਦਰ ਸਿੰਘ ਧਾਲੀਵਾਲ — ਕਾਮਰੇਡ ਲੀਲਾ ਖਾਂ — ਕਾਮਰੇਡ ਇੰਦਰ ਸਿੰਘ

**ਵੱਲੋਂ : ਤਹਿਸੀਲ ਕਮੇਟੀ, ਭਾਰਤੀ ਕਮਿਊਨਿਸਟ ਪਾਰਟੀ, ਧੂਰੀ**




ਸ਼ੇਰਪੁਰ ਚੌਕ, ਧੂਰੀ (ਪ੍ਰੋ : ਵਿਜੈ ਸੋਫਤ ਬਿੱਟੂ), ਮੋਬਾ. 97798-53000